

INTERNATIONAL MAGAZINE
RNI No. 61816/95
Postal Regd. No. CHD/0081/2009
WPP/PP/PB-0002/2009
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
ਜੂਨ (June) 2011
Monthly Issue "Atam Marg"
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ
ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ
ਮਾਤ ਲੋਕ ਯਾਤਰਾ
17 ਜੂਨ 1918 ਤੋਂ 31 ਅਕਤੂਬਰ 2001

ਸਾਲ ਸਤਾਰਵਾਂ, ਮਹੀਨਾ ਜੂਨ 2011
ਫਾਉਂਡਰ ਚੇਅਰਮੈਨ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ
(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

Postal Address for 'ATAM MARG' Enquiry, Money Order, Cheque and drafts in India :
**ATAM MARG MAG. VISHAV G. R. M. CHARITABLE TRUST,** Ratwara sahib,
P.o. Mullanpur Garibdas, Distt. Mohali - 140901

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque and drafts from foreign to :
**VISHAV GURMAT ROOHANI MISSION CHARITABLE TRUST**
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.

**Exemption U/S 80-G upto 31.03.2012 vide L. No. CIT-II/CHD/80G/TECH/245/2008-09/823**

**Registration Under Foreign Contribution (Regulation) Act 1976 R.No.115320023**

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

**Head Office INDIA- (M) 94172-14391, 9417214379, 0160-2255002, Fax - 0160-2255009**

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
**Bhai Parmjit Singh Sandhu -** Cell: 07788389135
**Canada - Bhai Sarmukh Singh Pannu**
Phone - 604-433-0408
**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**For more information please visit us on internet at:-**
**Email : atammarg1@yahoo.co.in**
http:# www.ratwarasahib.org, http # www.ratwarasahibmedia.org

## ਤਤਕਰਾ

| | |
|---|---|
| 1. ਸੰਪਾਦਕੀ | 2 |
| 2. ਬਾਰਾਮਾਹਾ | 3 |
| 3. ਗੁਰੂ ਅਰਜਨ ਦੇਵ ਜੀ ਤੇ ਭਾਈ ਬਹਿਲੋ | 4 |
| 4. ਕਿਵ ਕੂੜੈ ਤੁਟੈ ਪਾਲਿ | 22 |
| 6. ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਤੇ ਵਿਸ਼ੇਸ਼ | 29 |
| 5. ਜਪਿਓ ਜਿਨ ਅਰਜਨ ਦੇਵ ਗੁਰੂ | 42 |
| 6. ਬੰਦਗੀ ਨਾਮਾ | 46 |
| 7. ਸਤਵੰਤ ਕੌਰ | 53 |
| 8. ਉਤਸ਼ਾਹ ਭਰਪੂਰ ਸਹਿਜ ਮਾਰਗ | 61 |
| 9. ਸਿਹਤ ਰੱਖਿਆ ਗਿਆਨ | 63 |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਆਤਮ ਮਾਰਗ ਮੈਗਜ਼ੀਨ - | 9417214391, 79 |
| ਰਤਵਾੜਾ ਸਾਹਿਬ - | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - | 9417214386 |
| ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ - | 0172-2266315, 9417214381 |
| ਬੀ. ਐਡ ਕਾਲਜ | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |
| ਜਰਨਲ | 9417214384 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।
ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।
ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

# ਸੰਪਾਦਕੀ

ਜੂਨ ਦਾ ਮਹੀਨਾ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਰਤਵਾੜਾ ਸਾਹਿਬ ਦੇ ਇਤਿਹਾਸ ਅੰਦਰ ਬਹੁਤ ਹੀ ਮਹੱਤਤਾ ਰੱਖਣ ਵਾਲਾ ਹੈ ਕਿਉਂਕਿ 17 ਜੂਨ, 1918 ਦੇ ਪਵਿੱਤਰ ਦਿਹਾੜੇ ਉਪਰ ਇਸ ਰੂਹਾਨੀ ਮਿਸ਼ਨ ਦੇ ਬਾਨੀ ਸੱਚਖੰਡਵਾਸੀ ਸੰਤ ਮਹਾਰਾਜ ਬਾਬਾ ਵਰਿਆਮ ਸਿੰਘ ਜੀ ਸੰਚਾਲਕ ਆਤਮ-ਮਾਰਗ ਜੀ ਨੇ ਜਥੇਦਾਰ ਕਰਤਾਰ ਸਿੰਘ ਜੀ ਮਾਤਾ ਇੰਦ ਕੌਰ ਜੀ ਦੇ ਘਰ ਨਗਰ ਧਮੋਟ ਵਿਖੇ ਸਰੀਰ ਧਾਰਨ ਕੀਤਾ ਸੀ। ਪ੍ਰਾਈਮਰੀ ਵਿਦਿਆ ਪਾਇਲ ਅਤੇ ਕਾਲਜ ਲੁਧਿਆਣੇ ਤੋਂ ਉਚੇਰੀ ਵਿਦਿਆ ਪ੍ਰਾਪਤ ਕਰਨ ਉਪਰੰਤ 17 ਸਾਲ ਦੀ ਉਮਰ ਵਿੱਚ ਮਹਾਨ ਕਰਮਯੋਗੀ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਮਿਲਾਪ ਹੋਣ ਤੇ ਰੂਹਾਨੀ ਵਿਦਿਆ ਸੰਪੂਰਨ ਕੀਤੀ ਸੀ। ਆਪ ਜੀ ਦੀ ਲਗਨ ਬਚਪਨ ਤੋਂ ਹੀ ਧਾਰਮਿਕ ਕਾਜਾਂ ਵਲ ਵਧੇਰੇ ਸੀ। ਤਿੰਨ ਸਾਲ ਦੀ ਉਮਰ ਵਿੱਚ ਹੀ ਅੰਮ੍ਰਿਤ ਛਕ ਲਿਆ ਸੀ ਅਤੇ ਘਰ-ਘਰ ਆਸਾ ਜੀ ਦੀ ਵਾਰ ਦੇ ਕੀਰਤਨ ਕਰਨ ਦੀ ਸ਼ੁਰੂਆਤ ਆਪਣੇ ਪਰਿਵਾਰਕ ਮੈਬਰਾਂ ਜੱਥਿਆਂ ਦੇ ਨਾਲ ਕਰ ਦਿੱਤੀ ਸੀ। ਯੂ.ਪੀ ਜੰਗਲਾਂ ਦੇ ਵਿੱਚ ਆਪਣੀ ਕਿਰਤ ਕਮਾਈ ਦੇ ਨਾਲ-ਨਾਲ ਤਰਾਈ ਸਿੱਖ ਮਿਸ਼ਨ ਕਾਇਮ ਕਰਕੇ ਅੰਮ੍ਰਿਤ ਸੰਚਾਰ ਰੂਹਾਨੀ ਪ੍ਰਚਾਰ ਦੀ ਮੁਹਿੰਮ ਚਲਾ ਕੇ ਜੰਗਲੀ ਇਲਾਕੇ ਵਿੱਚ ਪ੍ਰਚਾਰ ਕੀਤਾ। ਸੰਤ ਮਹਾਰਾਜ ਰਾੜਾ ਸਾਹਿਬ 25 ਅਗਸਤ, 1975 ਵਿੱਚ ਇੰਗਲੈਂਡ ਵਿਖੇ ਪ੍ਰਚਾਰ ਕਰਨ ਗਏ, ਪੰਜ ਭੂਤਕ ਸਰੀਰਕ ਚੋਲੇ ਦਾ ਪਰੀਤਿਆਗ ਕਰ ਗਏ ਸਨ। ਉਨ੍ਹਾਂ ਦੇ ਪਿਆਰ ਵੈਰਾਗ ਵਿੱਚ ਆਪ ਜੀ ਨੇ ਯੂ.ਪੀ ਘਰ-ਬਾਰ ਜ਼ਮੀਨ ਜਾਇਦਾਦ ਵੇਚ ਕੇ ਸਾਰਾ ਪੈਸਾ ਰਤਵਾੜਾ ਸਾਹਿਬ ਵਿਖੇ ਲੇਖੇ ਲਾ ਦਿੱਤਾ ਸੀ। ਆਪ ਜੀ ਦੀ ਮਹਾਨ ਕ੍ਰਿਪਾ ਸਦਕਾ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਰਤਵਾੜਾ ਸਾਹਿਬ ਹੋਂਦ ਵਿੱਚ ਆਇਆ ਏਤ ਇਸ ਟਰੱਸਟ ਵਲੋਂ ਨਿਰੰਤਰ ਪਰਉਪਕਾਰੀ ਕਾਰਜ ਕੀਤੇ ਜਾ ਰਹੇ ਹਨ। ਅਤੀਤ ਬੀਤੇ ਸਮੇਂ ਵਿੱਚ ਜਦੋਂ ਵੀ ਕੋਈ ਕੁਦਰਤੀ ਆਫਤ ਭੁਚਾਲ, ਹੜ੍ਹ ਅਤੇ ਸੁਨਾਮੀ ਆਈ ਤਾਂ ਰਤਵਾੜਾ ਸਾਹਿਬ ਟਰੱਸਟ ਵਲੋਂ ਜੋ ਮਹਾਨ ਯੋਗਦਾਨ ਰਿਹਾ ਹੈ ਉਸ ਨੂੰ ਦੁਖੀ ਲੋਕਾਈ ਵਲੋਂ ਸਦਾ ਹੀ ਯਾਦ ਕੀਤਾ ਜਾਂਦਾ ਹੈ। ਟਰੱਸਟ ਦਾ ਉਦੇਸ਼ ਰੂਹਾਨੀ ਪ੍ਰਚਾਰ ਦੇ ਨਾਲ ਸਮਾਜ ਸੇਵਾ ਕਰਨ ਦਾ ਸਦਾ ਹੀ ਰਹਿਣਾ ਹੈ।

ਪਿਛਲੇ 17 ਸਾਲ ਤੋਂ ਆਤਮ-ਮਾਰਗ ਮੈਗਜ਼ੀਨ ਹਿੰਦੀ, ਅੰਗ੍ਰੇਜ਼ੀ ਅਤੇ ਪੰਜਾਬੀ ਵਿੱਚ ਨਿਰੰਤਰ ਸਮੇਂ ਸਿਰ ਹਰ ਮਹੀਨੇ ਛਪਦਾ ਆ ਰਿਹਾ ਹੈ। ਇਸ ਰੂਹਾਨੀ ਮੈਗਜ਼ੀਨ ਦੀ ਵਿਲੱਖਣਤਾ ਹੈ ਕਿ ਇਸ ਨੂੰ ਹਰ ਮਜ਼੍ਹਬ ਦਾ ਰੂਹਾਨੀ ਪਾਂਧੀ ਪੜ੍ਹ ਕੇ ਆਪਣੇ ਜੀਵਨ ਨੂੰ ਰੂਹਾਨੀ ਸੇਧ ਦੇ ਰਿਹਾ ਹੈ। ਰੂਹਾਨੀਅਤ ਦੇ ਰਸਤੇ ਵਿੱਚ ਜੋ ਵੀ ਰੁਕਾਵਟਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਉਸ ਦਾ ਸੁਖੈਨ ਹੱਲ ਇਸ ਵਿੱਚ ਪ੍ਰਕਾਸ਼ਿਤ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨਾਂ ਰਾਹੀਂ ਹੋ ਜਾਂਦਾ ਹੈ। ਅਜੋਕੇ ਸਮੇਂ ਅੰਦਰ ਅਚਾਰ-ਆਹਾਰ-ਵਿਵਹਾਰ ਵਿਚ ਗਿਰਾਵਟ ਆਉਣ ਕਾਰਣ ਸੰਸਾਰ ਰੋਗੀ ਹੋ ਗਿਆ ਹੈ ਇਸ ਦਾ ਇਲਾਜ ਕੇਵਲ ਨਾਮ ਹੈ। ਨਾਮ ਤੱਕ ਕਿਵੇਂ ਪਹੁੰਚਿਆ ਜਾਵੇ? ਇਸ ਦਾ ਜੁਆਬਦੇਹ ਆਤਮ-ਮਾਰਗ ਹੈ। ਕੋਈ ਵੀ ਸ਼ੰਕਾ ਐਸਾ ਨਹੀਂ ਜੋ ਆਤਮ-ਮਾਰਗ ਮੈਗਜ਼ੀਨ ਰਾਹੀਂ ਨਹੀਂ ਨਵਿਰਤ ਹੋ ਸਕਦਾ ਹੈ। ਇਸ ਦੇ ਬਾਨੀ ਮਹਾਂਪੁਰਸ਼ਾਂ ਵਲੋਂ ਸਦਾ ਹੀ ਗੁਰ-ਸ਼ਬਦ ਲੰਗਰ ਨਿਰੰਤਰ ਜਾਰੀ ਰੱਖਣ ਵਾਸਤੇ ਆਰਥਿਕ ਮਜ਼ਬੂਤੀ ਵਾਸਤੇ ਕਰੋੜਾਂ ਰੁਪਏ ਦੀਆਂ ਐਫ.ਡੀ.ਆਰ ਜਮ੍ਹਾਂ ਕਰਾਈਆਂ ਗਈਆਂ ਅਤੇ ਸੈਂਕੜੇ ਹੀ ਸਾਲ ਹਰ ਮਹੀਨੇ ਨਵੇਂ ਬਚਨ ਪ੍ਰਕਾਸ਼ਿਤ ਕਰਨ ਵਾਸਤੇ ਆਡੀਓ-ਵੀਡੀਓ ਲਾਇਬ੍ਰੇਰੀ ਵਿੱਚ ਹਜ਼ਾਰਾਂ ਹੀ ਕੈਸਟਾਂ ਵਿੱਚ ਰੂਹਾਨੀ ਮੈਟਰ ਰਿਕਾਰਡ ਕਰਾਇਆ ਹੈ। 17 ਜੂਨ ਨੂੰ ਰੂਹਾਨੀ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦਾ ਸਰੀਰਕ ਜਨਮ ਦਿਹਾੜਾ ਸੰਗਤਾਂ ਬਹੁਤ ਹੀ ਉਤਸ਼ਾਹ ਦੇ ਨਾਲ ਦਿਨ ਦੇ ਸਮੇਂ 10 ਵਜੇ ਤੋਂ ਸ਼ਾਮ 4 ਵਜੇ ਤੱਕ ਮਹਾਨ ਪਵਿੱਤਰ ਕਰਮ ਭੂਮੀ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀ.ਜੀ ਦੇ ਅਸ਼ੀਰਵਾਦ ਨਾਲ ਮਨਾਇਆ ਜਾ ਰਿਹਾ ਹੈ ਇਸ ਲਈ ਆਪ ਸਾਰਿਆਂ ਨੂੰ ਆਦਰ ਸਾਹਿਤ ਨਿਮੰਤਰਣ ਦਿੱਤਾ ਜਾਂਦਾ ਹੈ ਕਿ ਆਪ ਆਓ ਹੋਰਨਾਂ ਨੂੰ ਲਿਆਉਣ ਦੀ ਕ੍ਰਿਪਾਲਤਾ ਕਰੋ ਜੀ।

ਹਰ ਪੂਰਨਮਾਸ਼ੀ ਦਾ ਸਮਾਗਮ ਹੁਣ ਰਾਤ ਰੈਣ ਸਬਾਈ ਦੇ ਵਿੱਚ ਤਬਦੀਲ ਹੋ ਗਿਆ ਹੈ। ਦੇਸ਼ਾਂ ਵਿਦੇਸ਼ਾਂ ਦੀਆਂ ਹਜ਼ਾਰਾਂ ਹੀ ਸੰਗਤਾਂ ਹਰ ਪੂਰਨਮਾਸ਼ੀ ਰੈਣ ਸਬਾਈ ਵਿੱਚ ਹਾਜ਼ਰੀਆਂ ਭਰਦੀਆਂ ਹਨ। ਉਪਰੰਤ ਆਯੂਰਵੈਦਿਕ ਜੜੀ ਬੂਟੀਆਂ ਪ੍ਰਸ਼ਾਦ ਖੀਰ ਸੰਗਤਾਂ ਨੂੰ ਵਰਤਾ ਕੇ ਗੁਰਮੰਤਰ ਚਕਿਤਸਾ ਨਾਲ ਰੋਗ ਰਹਿਤ ਜੀਵਨ ਜਾਂਚ ਸਿਖਾਈ ਜਾਂਦੀ ਹੈ। ਇਸ ਲਈ ਆਪ ਜੀ ਦੇ ਚਰਨਾਂ ਵਿੱਚ ਨਿਮਰਤਾ ਸਹਿਤ ਬੇਨਤੀ ਹੈ ਕਿ ਮਹਾਂਪੁਰਸ਼ਾਂ ਦੀ ਸ਼ੋਭਤ ਸ਼ੋਹਰਤ ਦਾ ਪੂਰਾ-ਪੂਰਾ ਲਾਹਾ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਗੁ. ਰਤਵਾੜਾ ਸਾਹਿਬ ਬਹੁਤ ਹੀ ਮਨਮੋਹਕ ਇਕਾਂਤ ਅਸਥਾਨ ਪਵਿੱਤਰ ਦਰਖਤਾਂ ਦੇ ਚੌਗਿਰਦੇ ਵਿੱਚ ਇਤਿਹਾਸਕ ਗੁਰੂ ਅਸਥਾਨ ਹੈ ਜਿਥੇ ਸੇਵਾ ਅਤੇ ਸਿਮਰਨ ਦਾ ਕੁੰਭ ਚਲ ਰਿਹਾ ਹੈ। ਇਸ ਪਵਿੱਤਰ ਅਸਥਾਨ ਤੇ ਸਥਾਪਿਤ ਸਕੂਲਾਂ ਕਾਲਜਾਂ ਦਾ ਨਤੀਜਾਂ 100% ਆ ਰਿਹਾ ਹੈ। ਬੱਚੇ ਰੂਹਾਨੀ ਸੇਧ ਦੁਨੀਆਵੀ ਪੜਾਈ ਨਾਲ ਨਾਲ ਪ੍ਰਾਪਤ ਕਰਦੇ ਹੋਏ ਮੈਰਟ ਉਪਰ ਜਾ ਰਹੇ ਹਨ। ਰੂਹਾਨੀ ਮਿਸ਼ਨ ਵੱਲੋਂ ਇਸ ਮਿਸ਼ਨ ਦੇ ਬਾਨੀ ਮਹਾਂਪੁਰਸ਼ਾਂ ਦੇ ਸਰੀਰ ਧਾਰਨ ਦਿਹਾੜੇ ਦੇ ਸਮਾਗਮ ਸਬੰਧੀ ਵਿਚਾਰਾਂ ਕਰਨ ਲਈ ਸਮੂੰਹ ਟਰੱਸਟੀਆਂ ਮਿਸ਼ਨ ਦੇ ਸਹਿਯੋਗੀ ਮੈਂਬਰਾਂ ਦੀ ਜਰਨਲ ਮੀਟਿੰਗ ਵਿਸ਼ਾਲ ਇਕੱਤਰਤਾ 12 ਜੂਨ ਨੂੰ ਦੁਪਹਿਰ 1.00 ਵਜੇ ਸਤਿਸੰਗ ਹਾਲ ਵਿੱਚ ਹੋਵੇਗੀ ਉਪਰੰਤ ਕਥਾ ਕੀਰਤਨ ਰੂਹਾਨੀ ਵਿਚਾਰਾਂ ਚੱਲਣਗੀਆਂ।

(-----)

# ਬਾਰਹਮਾਹਾ
## ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ

**ਬਾਰਹਮਾਹਾ ਮਾਝ ਮਹਲਾ ੫ ਘਰੁ ੪**
**ਆਸਾੜੁ (ਹਾੜ) ਪੰਨਾ 134**

*1. ਆਸਾੜੁ ਤਪੰਦਾ ਤਿਸੁ ਲਗੈ*
*ਹਰਿ ਨਾਹੁ ਨ ਜਿੰਨਾ ਪਾਸਿ॥*
*ਜਗਜੀਵਨ ਪੁਰਖੁ ਤਿਆਗਿ ਕੈ*
*ਮਾਣਸ ਸੰਦੀ ਆਸ॥*

ਹਾੜ ਦਾ ਮਹੀਨਾ ਬੜਾ ਗਰਮ ਅਤੇ ਤਪਸ਼ ਭਰਿਆ ਹੁੰਦਾ ਹੈ ਪਰ ਇਸ ਮਹੀਨੇ ਦੀ ਤਪਸ਼ ਉਨ੍ਹਾਂ ਜੀਵਾਂ ਨੂੰ ਵਿਆਕੁਲ ਕਰਦੀ ਹੈ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਪਤੀ ਨਹੀਂ ਵਸਦਾ। ਜਿਨ੍ਹਾਂ ਮਨੁੱਖਾਂ ਨੇ ਜਗਤ ਦੇ ਸਹਾਰੇ ਪ੍ਰਮਾਤਮਾ ਦਾ ਆਸਰਾ ਛੱਡ ਕੇ ਨਿਰਬਲ ਬੰਦਿਆਂ ਨੂੰ ਸਹਾਰਾ ਬਣਾ ਲਿਆ ਹੈ, ਉਨ੍ਹਾਂ ਦੇ ਹਿਰਦੇ ਸਦਾ ਤਪਦੇ, ਕਲਪਦੇ ਰਹਿੰਦੇ ਹਨ।

*2. ਦੁਯੈ ਭਾਇ ਵਿਗੁਚੀਐ*
*ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ*
*ਉਠਿ ਚਲੀ ਗਈ ਨਿਰਾਸ॥*

ਪ੍ਰਭੂ ਤੋਂ ਬਿਨਾਂ ਕਿਸੇ ਹੋਰ ਆਸਰੇ ਜਾਂ ਸਹਾਰੇ ਰਹਿਣ ਨਾਲ ਸਦਾ ਵਿਗੋਚਾ ਹੀ ਹੁੰਦਾ ਹੈ, ਖੁਆਰੀ ਹੀ ਹੁੰਦੀ ਹੈ, ਉਸ ਨੂੰ ਸਦਾ ਸਹਿਮ ਬਣਿਆ ਰਹਿੰਦਾ ਹੈ ਅਤੇ ਅੰਤ ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ; ਅੰਦਰ ਵਸਦੇ ਪ੍ਰਮਾਤਮਾ ਦੀ ਪ੍ਰਤੀਤੀ ਨਾ ਹੋਣ ਕਾਰਨ ਉਹ ਦੁਨਿਆਵੀ ਸਹਾਰਿਆਂ ਵਿਚ ਉਲਝਿਆ ਰਹਿੰਦਾ ਹੈ ਤੇ ਅੰਤ ਜਮਾਂ ਦੇ ਵਸ ਪੈ ਜਾਂਦਾ ਹੈ। ਪ੍ਰਮਾਤਮਾ ਦਾ ਨਿਯਮ ਹੀ ਐਸਾ ਹੈ ਕਿ ਮਨੁੱਖ ਜੋ ਬੀਜਦਾ ਹੈ ਓਹੋ ਹੀ ਵਢਦਾ ਹੈ; ਜਿਹੋ ਜਿਹੇ ਕਰਮ ਮਨੁੱਖ ਕਰਦਾ ਹੈ, ਕੀਤੇ ਕਰਮਾਂ ਅਨੁਸਾਰ ਉਸ ਦੇ ਮੱਥੇ ਤੇ ਲੇਖ ਲਿਖੇ ਜਾਂਦੇ ਹਨ ਅਤੇ ਲਿਖੇ ਲੇਖਾਂ ਅਨੁਸਾਰ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ।

ਜਿਹੜੀ ਜੀਵ ਰੂਪੀ ਇਸਤ੍ਰੀ ਜਗਜੀਵਨ ਪੁਰਖ ਨੂੰ, ਪਤੀ ਪ੍ਰਮੇਸ਼ਰ ਨੂੰ ਵਿਸਾਰ ਦਿੰਦੀ ਹੈ, ਉਸ ਦੀ ਸਾਰੀ ਜ਼ਿੰਦਗੀ ਪਛਤਾਵਿਆਂ ਵਿਚ ਹੀ ਗੁਜ਼ਰ ਜਾਂਦੀ ਹੈ ਅਤੇ ਅੰਤ ਉਹ ਨਿਰਾਸ ਨਿਮੋਝੂਣ ਹੋ ਕੇ ਟੁੱਟੇ ਹੋਏ ਦਿਲ ਨਾਲ ਸੰਸਾਰ ਤੋਂ ਤੁਰ ਜਾਂਦੀ ਹੈ।

*3. ਜਿਨ ਕੌ ਸਾਧੂ ਭੇਟੀਐ*
*ਸੋ ਦਰਗਹ ਹੋਇ ਖਲਾਸੁ॥*

ਜਿਨ੍ਹਾਂ ਭਾਗਸ਼ਾਲੀ ਮਨੁੱਖਾਂ ਨੂੰ ਗੁਰੂ ਮਿਲ ਜਾਂਦਾ ਹੈ, ਪਰਮ ਪੁਰਸ਼ ਸਾਧੂ ਜਨ, ਸੰਤ ਮਹਾਂਪੁਰਸ਼ਾਂ ਦੀ ਸੰਗਤ ਮਿਲ ਜਾਂਦੀ ਹੈ, ਉਹ ਪ੍ਰਮਾਤਮਾ ਦੀ ਹਜ਼ੂਰੀ ਵਿਚ ਸੁਰਖਰੂ ਹੋ ਕੇ ਜਾਂਦੇ ਹਨ ਉਨ੍ਹਾਂ ਦਾ ਜਨਮ ਮਰਨ ਕੱਟਿਆ ਜਾਂਦਾ ਹੈ।

*4. ਕਰਿ ਕਿਰਪਾ ਪ੍ਰਭ ਆਪਣੀ*
*ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ*
*ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ*
*ਜਿਸੁ ਮਨਿ ਹਰਿ ਚਰਣ ਨਿਵਾਸ॥*

ਹੇ ਪ੍ਰਭੂ! ਤੇਰੇ ਅੱਗੇ ਨਾਨਕ ਬੇਨਤੀ ਕਰਦਾ ਹੈ, ਆਪਣੀ ਮਿਹਰ ਕਰ। ਮੇਰੇ ਅੰਦਰ ਤੇਰੇ ਦਰਸ਼ਨਾਂ ਦੀ ਲੋਚਾ ਬਣੀ ਰਹੇ, ਤਾਂਘ ਬਣੀ ਰਹੇ ਕਿਉਂਕਿ ਹੇ ਪ੍ਰਭੂ! ਤੇਰੇ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ-ਸਹਾਰਾ ਨਹੀਂ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਜਿਸ ਨੂੰ ਕੇਵਲ ਪ੍ਰਮਾਤਮਾ ਦਾ ਹੀ ਸਹਾਰਾ-ਆਸਰਾ ਹੈ, ਉਸ ਨੂੰ ਤਪਦਾ ਹਾੜ ਭੀ ਸੁਹਾਵਣਾ ਲਗਦਾ ਹੈ, ਉਸ ਨੂੰ ਦੁਨੀਆਂ ਦੀ ਤਪਸ਼, ਦੁੱਖ ਕਲੇਸ਼, ਈਰਖਾ, ਦ੍ਵੈਤ ਦੁਖੀ ਨਹੀਂ ਕਰ ਸਕਦੇ।

**ਤੁਖਾਰੀ ਛੰਤ ਮਹਲਾ ੧ ਬਾਰਹਮਾਹਾ**
**ਆਸਾੜੁ (ਹਾੜ) (ਪੰਨਾ 1108)**

*1. ਆਸਾੜੁ ਭਲਾ ਸੂਰਜੁ ਗਗਨਿ ਤਪੈ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥*

ਜਦੋਂ ਹਾੜ ਦਾ ਮਹੀਨਾ ਭਰਪੂਰ ਜੋਬਨ ਵਿਚ ਹੁੰਦਾ ਹੈ, ਆਕਾਸ਼ ਵਿਚ ਸੂਰਜ ਤਪਦਾ ਹੈ। ਸੂਰਜ ਦੀ ਤਪਸ਼ ਕਾਰਨ ਧਰਤੀ ਦੀ ਨਮੀ ਸੁੱਕ ਜਾਂਦੀ ਹੈ, ਧਰਤੀ ਦੁੱਖ ਸਹਾਰਦੀ ਹੈ, ਧਰਤੀ ਦੇ ਜੀਵ-ਜੰਤ ਔਖੇ ਹੁੰਦੇ ਹਨ, ਧਰਤੀ ਅੱਗ ਵਾਂਗ ਭਖਦੀ ਹੈ।

*2. ਅਗਨਿ ਰਸੁ ਸੋਖੈ ਮਰੀਐ*
*ਧੋਖੈ ਭੀ ਸੋ ਕਿਰਤੁ ਨ ਹਾਰੇ॥*
*ਰਥੁ ਫਿਰੈ ਛਾਇਆ ਧਨ*
*ਤਾਕੈ ਟੀਡੁ ਲਵੈ ਮੰਝਿ ਬਾਰੇ॥*

ਤਪਦੇ ਸੂਰਜ ਦੀ ਅੱਗ ਪਾਣੀਆਂ ਨੂੰ ਸੁਕਾ ਦਿੰਦੀ ਹੈ, ਹਰੇਕ ਮਨੁੱਖੀ ਜਿੰਦ ਅਤਿ ਦੀ ਗਰਮੀ ਕਾਰਨ ਕ੍ਰਾਹ ਕ੍ਰਾਹ ਕੇ ਦੁੱਖੀ ਹੁੰਦੀ ਹੈ ਪਰ ਫਿਰ ਵੀ ਸੂਰਜ ਆਪਣਾ ਕਰਤੱਵ ਕਰੀ ਜਾਂਦਾ ਹੈ, ਆਪਣੀ ਕਿਰਤ ਨਹੀਂ ਛਡਦਾ। ਐਸੀ ਤਪਸ਼ ਵਿਚ ਜਦੋਂ ਸੂਰਜ ਦਾ ਰੱਥ ਚੱਕਰ ਲਾ ਰਿਹਾ ਹੁੰਦਾ ਹੈ ਤਾਂ ਜੀਵ ਕਿਤੇ ਛਾਂ ਲਭਦਾ ਹੈ, ਇਸਤ੍ਰੀ ਕੋਈ ਆਸਰਾ ਢੂੰਡਦੀ ਹੈ। ਬੀਂਡਾ ਵੀ ਬਾਹਰ ਜੂਹ ਵਿਚ ਰੁੱਖ ਦੀ ਛਾਂਵੇਂ ਟੀਂ-ਟੀਂ ਪਿਆ ਕਰਦਾ ਹੈ, ਹਰੇਕ ਪ੍ਰਾਣੀ ਤਪਸ਼ ਤੋਂ ਜਾਨ ਲੁਕਾਂਦਾ ਫਿਰਦਾ ਹੈ।

*3. ਅਵਗਣ ਬਾਧਿ ਚਲੀ ਦੁਖੁ ਆਗੈ*
*ਸੁਖੁ ਤਿਸੁ ਸਾਚੁ ਸਮਾਲੇ॥*
*ਨਾਨਕ ਜਿਸ ਨੋ ਇਹੁ ਮਨੁ ਦੀਆ*
*ਮਰਣੁ ਜੀਵਣੁ ਪ੍ਰਭ ਨਾਲੇ॥*

ਜਿਵੇਂ ਬਾਹਰ ਦੀ ਤਪਸ਼ ਮਨੁੱਖ ਨੂੰ ਵਿਆਕੁਲ ਕਰਦੀ ਹੈ, ਇਸੇ ਤਰ੍ਹਾਂ ਉਸ ਜੀਵ ਰੂਪੀ ਇਸਤ੍ਰੀ ਨੂੰ ਮਾਨਸਕ ਤਪਸ਼ ਦਾ ਦੁੱਖ ਸਦਾ ਵਿਆਪਕ ਰਹਿੰਦਾ ਹੈ ਜੋ ਜੀਵਨ ਸਫਰ ਵਿਚ ਮੰਦੇ ਕਰਮਾਂ ਦੀ ਪੰਡ ਸਿਰ ਉਤੇ ਬੰਨ੍ਹ ਕੇ ਤੁਰਦੀ ਹੈ। ਇਸ ਤਪਸ਼ ਤੋਂ ਉਹ ਹੀ ਜੀਵ ਇਸਤ੍ਰੀ ਬਚ ਸਕਦੀ ਹੈ ਜੋ ਸਦਾ ਥਿਰ ਰਹਿਣ ਵਾਲੇ ਸੱਚੇ ਪ੍ਰਭੂ ਨੂੰ ਮਨ ਵਸਾਂਦੀ ਹੈ, ਉਸ ਦੇ ਗੁਣਾਂ ਦੀ ਸੰਭਾਲ ਕਰਦੀ ਹੈ। ਹੇ ਨਾਨਕ! ਜਿਹੜੀ ਜੀਵ ਇਸਤ੍ਰੀ ਆਪਣੇ ਪ੍ਰਭੂ ਨੂੰ ਆਪਣਾ ਮਨ, ਆਪਣਾ ਆਪਾ ਸਮਰਪਣ ਕਰ ਦਿੰਦੀ ਹੈ, ਉਸ ਦਾ ਪ੍ਰਭੂ ਨਾਲ ਸਦੀਵੀ ਸਾਥ ਬਣ ਜਾਂਦਾ ਹੈ। ਉਸ ਨੂੰ ਹਾੜ ਦੀ ਕਹਿਰਾਂ ਵਰਗੀ ਤਪਸ਼ ਅਤੇ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ। ਜਿਹੜਾ ਮਨੁੱਖ ਪ੍ਰਮਾਤਮਾ ਦਾ ਸੀਤਲ ਨਾਮ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਨੂੰ ਇਸ ਜੀਵਨ ਸਫਰ ਵਿਚ ਹਾੜ ਦੀ ਤਪਸ਼ ਦੁੱਖੀ ਨਹੀਂ ਕਰਦੀ।

*ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥*

*ਪੰਨਾ - 1291*

(------)

# ਗੁਰੂ ਅਰਜਨ ਦੇਵ ਜੀ ਤੇ ਭਾਈ ਬਹਿਲੋ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਸ਼ਾਨ.....................................।

***ਸਤਿਨਾਮੁ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!***
***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਅੰਗ - ੨੫੬***

***ਫਿਰਤ ਫਿਰਤ ਪ੍ਰਭ ਆਇਆ***
***ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - ੨੮੯***
***ਧਾਰਨਾ - ਕਰਿ ਕਿਰਪਾ ਸਤਸੰਗਿ ਮਿਲਾਵਹੁ,***
***ਤੁਮ ਦੇਵਹੁ ਅਪਨੋ ਨਾਉ ਜੀ।***

***ਹਰਿ ਕੇ ਦਰਸਨ ਕੋ ਮਨਿ ਚਾਉ ॥***
***ਕਰਿ ਕਿਰਪਾ ਸਤਸੰਗਿ ਮਿਲਾਵਹੁ***
***ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥***
***ਕਰਉ ਸੇਵਾ ਸਤ ਪੁਰਖ ਪਿਆਰੇ***
***ਜਤ ਸੁਨੀਐ ਤਤ ਮਨਿ ਰਹਸਾਉ ॥***
***ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ ਤੇਰੋ ਠਾਉ ॥ ੧ ॥***
***ਸਰਬ ਪ੍ਰਤਿਪਾਲਹਿ ਸਗਲ ਸਮਾਲਹਿ***
***ਸਗਲਿਆ ਤੇਰੀ ਛਾਉ ॥***
***ਨਾਨਕ ਕੇ ਪ੍ਰਭ ਪੁਰਖ ਬਿਧਾਤੇ***
***ਘਟਿ ਘਟਿ ਤੁਝਹਿ ਦਿਖਾਉ ॥ ਅੰਗ - ੧੧੨●***

ਸਾਧਸੰਗਤਿ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਕਾਰਜ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਅਰਦਾਸ ਹੈ ਕਿ ਹੇ ਪ੍ਰਭੂ! ਇਸ ਕਲਜੁਗ ਦੇ ਅੰਦਰ ਜੀਵ ਦੇ ਵਾਸਤੇ ਕੋਈ ਵੀ ਸਾਧਨ ਨਹੀਂ ਹੈ। ਨਾ ਕੋਈ ਜਪ ਫਲੀਭੂਤ ਹੁੰਦਾ ਹੈ, ਨਾ ਤਪ ਫਲੀਭੂਤ ਹੁੰਦਾ ਹੈ, ਨਾ ਦਾਨ, ਨਾ ਕੋਈ ਕਰਮ ਤੇ ਇਸ ਯੁੱਗ ਦੇ ਅੰਦਰ ਬਹੁਤ ਵੱਡਾ ਮਹਾਤਮ ਮਹਾਰਾਜ ਨੇ ਸਤਿਸੰਗ ਦਾ ਦੱਸਿਆ ਹੈ। ਲੇਕਿਨ ਇਹ ਮਿਲਦੀ ਨਹੀਂ ਹੈ -

***ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥***
***ਅੰਗ - ੯੫***

ਸੰਗਤ ਮਿਲ ਜਾਵੇ, ਸੰਗਤ ਦਾ ਅਸਰ ਆਦਮੀ ਦੇ ਮਨ 'ਤੇ ਪੈਂਦਾ ਹੈ। ਸੋਝੀ ਆਉਂਦੀ ਹੈ। ਨਾਮ ਦੀ ਮਹਿਮਾ ਦਾ ਪਤਾ ਲਗਦਾ ਹੈ, ਫੇਰ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਸਤਿਸੰਗ ਮਿਲਾ ਤੇ ਆਪਣਾ ਨਾਮ ਦੇ। ਕਿਉਂਕਿ ਤੇਰਾ ਨਾਮ ਮੈਂ ਇਸ ਕਰਕੇ ਮੰਗਦਾ ਹਾਂ ਕਿ ਮੇਰੇ ਮਨ ਵਿੱਚ ਤੇਰੇ ਦਰਸ਼ਨ ਦਾ ਚਾਉ ਜਾਗਿਆ ਹੋਇਆ ਹੈ ਤੇ ਮੈਂ ਸੇਵਾ ਕਰਾਂ ਸਤਿਪੁਰਖਾਂ ਦੀ। *'ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ॥'* ਮੇਰਾ ਮਨ ਖਿੜ ਜਾਂਦਾ ਹੈ ਜਿਸ ਵਕਤ ਤੇਰਾ ਕੋਈ ਬਚਨ ਮੈਂ ਸੁਣਦਾ ਹਾਂ। ਮੈਂ ਘੋਲ ਘੁਮਾਈ ਜਾਵਾਂ ਉਨ੍ਹਾਂ ਗੁਰਮੁਖ ਪਿਆਰਿਆਂ ਤੋਂ, ਉਸ ਸਤਿਸੰਗ ਤੋਂ ਜੋ ਉਪਮਾ ਰਹਿਤ ਥਾਉਂ ਹੈ। *'ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ ॥'* ਸਾਰਿਆਂ ਦੇ ਉਤੇ ਤੇਰਾ ਹੱਥ ਹੈ, ਤੂੰ ਸਾਰਿਆਂ ਨੂੰ ਸੰਭਾਲਦਾ ਹੈਂ। ਸਾਰਿਆਂ ਦੀ ਪ੍ਰਤਿਪਾਲ ਕਰਦਾ ਹੈਂ। ਹੇ ਪ੍ਰਭੂ! ਮੈਨੂੰ ਹਰੇਕ ਘਟ ਦੇ ਵਿੱਚ ਦੇਖਣ ਦੀ ਸ਼ਕਤੀ ਦੇ। ਸੋ ਅਰਦਾਸ ਹੈ ਇਹ ਇੱਕ, ਸਮਾਂ ਲੰਘਿਆ ਜਾਂਦਾ ਹੈ ਸਾਧਸੰਗਤ ਜੀ।

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥***
***ਅੰਗ - ੬੯੨***

ਜੋ ਲੰਘ ਗਿਆ ਉਹ ਮੁੜ ਕੇ ਹੱਥ 'ਚ ਨਹੀਂ ਆਉਣਾ। ਚੰਗੇ ਕਰਮਾਂ ਦੇ ਵੀ ਨਿਸ਼ਾਨ ਪਏ ਰਹਿਣੇ ਨੇ, ਮਾੜੇ ਕਰਮਾਂ ਦੇ ਵੀ ਨਿਸ਼ਾਨ ਪਏ ਰਹਿਣੇ ਨੇ। ਦੇਖ-ਦੇਖ ਜੀਵ ਸ਼ਰਮਿੰਦਾ ਹੁੰਦਾ ਹੈ। ਅੱਗੇ ਵਾਸਤੇ ਕੋਈ ਤਾਂਘ ਨਹੀਂ ਮਨ ਦੇ ਅੰਦਰ, ਕੋਈ ਚਾਉ ਨਹੀਂ ਜਾਗਦਾ ਕਿ ਮੈਂ ਛੇਤੀ ਤੋਂ ਛੇਤੀ ਆਪਣਾ ਜੋ ਮਕਸਦ ਹੈ ਉਸਨੂੰ ਪੂਰਾ ਕਰਾਂ। ਮਹਾਰਾਜ ਕਹਿੰਦੇ, ਪ੍ਰੇਮੀਆਂ! ਤੂੰ ਚੀਜ਼ ਬਣਾਉਂਦਾ ਹੈਂ ਉਹਦੀ ਮਿਆਦ ਹੈ। ਗਰੰਟੀ ਦਿੰਦੇ ਨੇ ਕਿ ਇੱਕ ਸਾਲ ਦੀ ਗਰੰਟੀ ਸਾਡੀ ਰਹੀ, ਬੈਟਰੀ ਬਣਾਉਣ ਵਾਲਾ ਕਹਿੰਦਾ ਹੈ। ਟਰੈਕਟਰ ਦਿੰਦਾ ਹੈ ਤਾਂ ਗਾਰੰਟੀ ਦਿੰਦਾ ਹੈ ਕਿ ਜੇ ਛੇ ਮਹੀਨੇ ਤੱਕ ਖਰਾਬ ਹੋ ਜਾਏ ਤਾਂ ਮੈਂ ਬਦਲ ਦੇਵਾਂਗਾ। ਸਭ ਚੀਜ਼ਾਂ ਦੀ ਗਰੰਟੀ ਹੈ, ਜੇ ਨਹੀਂ ਗਰੰਟੀ ਕੋਈ ਤਾਂ ਉਹ ਤੇਰੀ ਨਹੀਂ ਹੈ। ਲੰਘ ਜਾਣ ਤਾਂ ਸੈਂਕੜੇ ਸਾਲ ਲੰਘ ਜਾਣ ਨਾ ਲੰਘੇ ਤਾਂ ਘੜੀ ਵੀ ਨਹੀਂ ਲੰਘਦੀ, ਪਲ ਵੀ ਨਹੀਂ ਲੰਘਦਾ। ਕਿਉਂਕਿ ਇਹ ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਲਗ ਜਾਣਾ ਹੈ -

***ਧਾਰਨਾ - ਪੈ ਜਾਊ ਅਚਿੰਤਾ ਜਾਲ ਇੱਕ ਦਿਨ ਪੈ ਜਾਣਾ,***
***ਪੈ ਜਾਊ ਅਚਿੰਤਾ ਚਾਲ ਇਕ ਦਿਨ ਪੈ ਜਾਣਾ।***

***ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥***
***ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥***
***ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥ ੧ ॥***
***ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥***
***ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ ੧ ॥ ਰਹਾਉ ॥***
***ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥***
***ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥***
***ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥ ਅੰਗ - ੫੫***

***ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,***
***ਚੋਗਾ ਚੁਗਦੇ ਦੇ।***
***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ ੧ ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥***
***ਅੰਗ - ੬੩੧***
***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***

***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ - ੨੫੪***

ਐਸਾ ਅਚਨਚੇਤ ਆਦਮੀ ਦਾ ਜੀਵਨ ਹੈ। ਕੋਈ ਪਤਾ ਨਹੀਂ ਕਿੰਨਾਂ ਕੁ ਸਮਾਂ ਇਸ ਸਰੀਰ ਦੇ ਅੰਦਰ ਲੰਘਣਾ ਹੈ ਕਿੰਨਾ ਕੁ ਨਹੀਂ ਲੰਘਣਾ, ਕੁਛ ਨਹੀਂ ਪਤਾ। ਜਦੋਂ ਐਨਾ ਪਤਾ ਨਹੀਂ ਹੈ, ਫੇਰ ਫਿਕਰ ਕਰਨਾ ਚਾਹੀਦਾ ਹੈ ਕਿ ਮੈਂ ਸੰਸਾਰ ਦੇ ਅੰਦਰ ਕੀ ਕਰਨ ਵਾਸਤੇ ਆਇਆ ਹਾਂ। ਅਸੀਂ ਸਾਰੇ ਹੀ ਜਾਣਦੇ ਹਾਂ ਰੋਜ਼ ਅਸੀਂ ਜਾਣਦੇ ਹਾਂ ਕਿ -

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨***

ਵਾਰੀ ਆ ਗਈ ਤੇਰੀ ਪ੍ਰਭੂ ਨੂੰ ਮਿਲਣ ਦੀ। ਲੇਕਿਨ ਵਾਰੀ ਦਾ ਕੋਈ ਤਰੀਕਾ ਵੀ ਹੈ? ਇਹ ਤਾਂ ਠੀਕ ਹੈ ਅਸੀਂ ਮੰਨ ਲਿਆ ਕਿ ਵਾਰੀ ਆ ਗਈ ਮਿਲਣ ਦੀ। ਕਾਲ ਦਾ ਵੀ ਕੋਈ ਪਤਾ ਨਹੀਂ, ਪਰ ਇਹ ਯਾਦ ਨਹੀਂ ਰਿਹਾ ਕਰਦਾ। ਐਸਾ ਹੀ ਪ੍ਰਮੇਸ਼ਰ ਨੇ ਕੁਛ ਆਪਣਾ ਕੌਤਕ ਵਰਤਾਇਆ ਹੋਇਆ ਹੈ ਮਾਇਆ ਪਾਈ ਹੋਈ ਹੈ। ਕੋਲੋਂ ਬੰਦੇ ਤੁਰੇ ਜਾਂਦੇ ਨੇ ਲੇਕਿਨ ਇਹ ਕਹਿੰਦਾ ਹੈ ਕਿ ਮੈਂ ਨਹੀਂ ਜਾਣਾ, ਇਹੀ ਜਾਂਦੇ ਨੇ। ਅਰ ਇਹ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਸੰਸਾਰ ਤੋਂ ਚਲੇ ਜਾਣਾ ਹੈ। ਵੱਡੇ-ਵੱਡੇ ਯਤਨ ਕਰੇ ਨੇ ਪਰ ਇੱਥੇ ਸੰਸਾਰ 'ਤੇ ਕੋਈ ਰਹਿ ਨਹੀਂ ਸਕਦਾ। ਵੇਦ ਵਿਆਸ ਜੀ ਜਿਨ੍ਹਾਂ ਨੂੰ ਕਾਰਕ ਦਸਦੇ ਨੇ। ਕਾਰਕ ਉਹ ਹੁੰਦਾ ਹੈ ਜੋ ਆਪਣੀ ਮਰਜ਼ੀ ਦੇ ਨਾਲ ਸੰਸਾਰ 'ਤੇ ਆ ਕੇ, ਕਿਸੇ ਇੱਛਿਆ ਦੇ ਮੁਤਾਬਿਕ ਮੁੜ-ਮੁੜ ਆਉਂਦਾ ਹੈ। ਉਸਨੂੰ ਜੋ ਪਰਮਪਦ ਦੀ ਅਵਸਥਾ ਹੈ, ਭਾਵੇਂ ਉਹ ਮਾਨਣ ਦਾ ਹੱਕਦਾਰ ਹੁੰਦਾ ਹੈ ਪਰ ਫੁਰਨੇ ਕਰਕੇ ਮਾਣ ਨਹੀਂ ਸਕਦਾ, ਉਹਨੂੰ ਬਾਰ-ਬਾਰ ਸੰਸਾਰ 'ਤੇ ਆਉਣਾ ਪੈਂਦਾ ਹੈ। ਸੋ ਇਹ ਬਾਰ-ਬਾਰ ਆਉਂਦੇ ਨੇ ਸੰਸਾਰ 'ਤੇ, ਆਉਂਦੇ ਮਰਜ਼ੀ ਨਾਲ ਨੇ, ਜਾਂਦੇ ਮਰਜ਼ੀ ਨਾਲ ਨੇ। ਪਰ ਆਉਣਾ ਪੈਂਦਾ ਹੈ, ਇਹਨੂੰ ਕਾਰਕ ਕਹਿੰਦੇ ਨੇ।

ਕ੍ਰਿਸ਼ਨ ਮਹਾਰਾਜ ਵੀ ਕਹਿੰਦੇ ਨੇ ਕਿ ਜਦੋਂ ਸੰਸਾਰ 'ਤੇ ਬੋਝ ਆਉਂਦਾ ਹੈ, ਫੇਰ ਮੈਨੂੰ ਸੰਸਾਰ 'ਤੇ ਆਉਣਾ ਪੈਂਦਾ ਹੈ। ਇਸੇ ਤਰ੍ਹਾਂ ਦੇ ਨਾਲ ਆਪ ਦੇ ਪਾਸ ਇੱਕ ਐਸਾ ਨੌਕਰ ਸੀ, ਇਨ੍ਹਾਂ ਦੇ ਦਿਲ ਵਿੱਚ ਗੱਲ ਹੁੰਦੀ, ਉਸੇ ਵੇਲੇ ਉਹ ਕਰ ਦਿੰਦਾ ਸੀ। ਬੜੇ ਪ੍ਰਸੰਨ ਸੀ ਕਿ ਕਦੇ ਮੂੰਹ ਤੋਂ ਕਹਿਣਾ ਨਹੀਂ ਪਿਆ ਤੇ ਗੱਲ ਹੋ ਜਾਂਦੀ ਹੈ, ਕਿਉਂ ਨਾ ਮੈਂ ਇਸਨੂੰ ਵੀ ਕਾਰਕ ਦੀ ਪਦਵੀ ਦਿਵਾ ਦੇਵਾਂ ਤੇ ਇਸਦੀ ਮੌਤ ਰੋਕ ਦੇਵਾਂ। ਇਸ ਗੱਲ ਨੂੰ ਪੂਰਾ ਕਰਨ ਵਾਸਤੇ ਆਪ ਨੇ ਬ੍ਰਹਮਾ ਦਾ ਅਵਾਹਨ ਕਰਿਆ, ਬ੍ਰਹਮਾ ਜੀ ਪ੍ਰਗਟ ਹੋਏ ਕਹਿਣ ਲੱਗੇ ਕਿਸ ਵਾਸਤੇ ਸਾਨੂੰ ਯਾਦ ਕਰਿਆ? ਕਹਿੰਦੇ ਮਹਾਰਾਜ ਤੁਸੀਂ ਸਾਰੀ ਸ੍ਰਿਸ਼ਟੀ ਦੇ ਬਣਾਉਣ ਵਾਲੇ ਓਂ ਤੇ ਇੱਕ ਬੇਨਤੀ ਹੈ ਉਹ ਇਹ ਹੈ ਕਿ ਮੇਰੇ ਨੌਕਰ ਨੂੰ ਓਨੀਂ ਉਮਰ ਦੇ ਦਿਓ ਜਿੰਨੀ ਉਮਰ ਹੈ। ਇੱਕ ਕਾਰਕ ਦੀ ਉਮਰ ਚਾਰ ਅਰਬ 32 ਕਰੋੜ ਸਾਲ ਦੀ ਹੁੰਦੀ ਹੈ। ਐਨੀ ਉਮਰ ਇਹਨੂੰ ਦੇਣਾ। ਉਹ ਕਹਿਣ ਲੱਗੇ, ਦੇਖੋ, ਉਮਰ ਦੇਣੀ ਮੇਰੇ ਅਖਤਿਆਰ 'ਚ ਨਹੀਂ ਹੈ। ਪੈਦਾ ਕਰਦਾ ਹਾਂ ਮੈਂ, ਬਣਾਉਂਦਾ ਹਾਂ ਲੇਕਿਨ ਉਮਰ ਦੇਣੀ, ਕਿਸਮਤ ਦੇਣੀ ਇਹ ਮੇਰੇ ਹੱਥ ਦੀਆਂ ਚੀਜ਼ਾਂ ਨਹੀਂ ਹਨ। ਕਾਲ ਦਾ ਦੇਵਤਾ ਜੋ ਹੈ -

***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***

***ਅੰਗ - ੭***

ਜੋ ਕਾਲ ਕਰਦਾ ਹੈ, ਸੰਸਾਰ ਨੂੰ ਲੈਅ ਕਰਦਾ ਹੈ, ਉਨ੍ਹਾਂ ਨੂੰ ਸ਼ਿਵਜੀ ਆਖਦੇ ਨੇ ਤੇ ਉਨ੍ਹਾਂ ਦੇ ਪਾਸ ਚਲਦੇ ਹਾਂ। ਉਥੇ ਚਲੇ ਜਾਂਦੇ ਨੇ ਦੋਵੇਂ ਜਣੇ ਇਕੱਠੇ ਹੋ ਕੇ। ਨਾਲ ਨੌਕਰ ਹੈ। ਉਥੇ ਵੀ ਇਹੀ ਬੇਨਤੀ ਕਰੀ, ਕਹਿਣ ਲੱਗੇ ਕਿ ਮੈਂ ਤਾਂ ਕਾਲ ਓਨੀਂ ਦੇਰ ਤੱਕ ਨਹੀਂ ਕਰਦਾ ਜਿੰਨਾ ਚਿਰ ਤੱਕ ਇਹਦਾ ਸਮਾਂ ਨਹੀਂ ਮੁੱਕ ਜਾਂਦਾ। ਧਰਮਰਾਜ ਕੋਲ ਚਲੋ ਕਿਉਂਕਿ ਓਹੀ ਮੌਤ ਨੂੰ ਹੁਕਮ ਦਿੰਦਾ ਹੈ। ਧਰਮਰਾਜ ਕੋਲ ਚਲੇ ਜਾਂਦੇ ਨੇ ਇਕੱਠੇ ਹੋ ਕੇ ਸਾਰੇ ਹੀ। ਉਹ ਕਹਿਣ ਲੱਗੇ, ਮਹਾਰਾਜ! ਮੈਂ ਤਾਂ ਨਹੀਂ ਮਾਰਦਾ, ਇਹ ਤਾਂ ਮੌਤ ਮਾਰਦੀ ਹੈ। ਜੋ ਮੌਤ ਦਾ ਦੇਵਤਾ ਹੈ ਉਹ ਮਾਰਦਾ ਹੈ। ਉਹਦੇ ਪਾਸ ਚਲੇ ਜਾਂਦੇ ਨੇ। ਉਹ ਕਹਿੰਦੀ ਕਿ ਮੈਂ ਤਾਂ ਨਹੀਂ ਮਾਰਦੀ। ਮੈਨੂੰ ਤਾਂ ਪਰਚਾ ਮਿਲਦਾ ਹੈ, ਵਰੰਟ ਮਿਲਦੇ ਨੇ ਉਹ ਚਿਤ੍ਰਗੁਪਤ ਲਿਖ ਕੇ ਦਿੰਦੇ ਨੇ। ਜਦੋਂ ਸਮਾਂ ਕਿਸੇ ਦਾ ਪੂਰਾ ਹੋ ਜਾਂਦਾ ਹੈ ਉਹ ਲਿਖ ਦਿੰਦੇ ਨੇ ਤੇ ਫੇਰ ਅਸੀਂ ਆਪਣੇ ਐਕਸ਼ਨ 'ਚ ਆ ਜਾਂਦੇ ਹਾਂ। ਕਿਉਂ ਨਾ ਚਿਤ੍ਰਗੁਪਤਾਂ ਕੋਲ ਜਾਇਆ ਜਾਵੇ, ਉਥੇ ਰਜਿਸਟਰ ਦੇ ਵਿਚ ਹੀ entry ਕਰਾ ਦਿਤੀ ਜਾਵੇ ਕਿ ਇਹਦੀ ਉਮਰ ਕਾਰਕ ਦੀ ਹੋਵੇਗੀ। ਚਿਤ੍ਰਗੁਪਤ ਦੇ ਪਾਸ ਜਦੋਂ ਸਾਰੇ ਇਕੱਠੇ ਹੋ ਕੇ ਜਾਂਦੇ ਨੇ ਤਾਂ ਕਹਿਣ ਲੱਗੇ ਕਿ ਆਹ ਕੰਮ ਕਰਨਾ ਹੈ, ਉਹ ਕਹਿਣ ਲੱਗੇ, ਠੀਕ ਹੈ ਮਹਾਰਾਜ! ਰਜਿਸਟਰ ਲਿਆਉਂਦਾ ਹੈ, ਉਸ ਰੂਹ ਦਾ ਨਾਂ ਕੱਢਦਾ ਹੈ ਤੇ ਐਨੇ ਨੂੰ ਜਿਹੜਾ ਨੌਕਰ ਹੈ ਥੋੜ੍ਹਾ ਪਾਸੇ ਹਟ ਜਾਂਦਾ ਹੈ। ਉਸ ਵੇਲੇ ਉਹਨੇ ਕੱਢਿਆ ਕਹਿਣ ਲੱਗੇ ਮਹਾਰਾਜ! ਇਹ ਤਿੰਨ ਚੀਜ਼ਾਂ ਹੁੰਦੀਆਂ ਨੇ ਇੱਕ ਤਾਂ ਜਿੰਨੀ ਦੇਰ ਤੱਕ ਸਮਾਂ ਨਹੀਂ ਆਉਂਦਾ, ਇੱਕ ਥਾਂ ਨਹੀਂ ਆਉਂਦਾ, ਇੱਕ ਕਾਰਨ ਨਹੀਂ ਬਣਦਾ, ਓਨੀਂ ਦੇਰ ਤੱਕ ਮੌਤ ਨਹੀਂ ਆਇਆ ਕਰਦੀ। ਇਹ ਤਿੰਨ ਸੰਜੋਗ ਇਕੱਠੇ ਰਲਣ ਤਾਂ ਆਦਮੀ ਮਰਿਆ ਕਰਦਾ ਹੈ, ਇੱਕ ਉਹ ਸਮਾਂ ਆ ਜਾਵੇ, ਇਕ ਉਹ ਥਾਂ ਆ ਜਾਵੇ, ਇੱਕ ਉਹ ਕਾਰਨ ਆ ਜਾਵੇ। ਕਹਿਣ ਲੱਗੇ, ਆਹ ਦੇਖੋ, ਮੇਰੇ ਰਜਿਸਟਰ 'ਚ ਲਿਖਿਆ ਹੋਇਆ ਹੈ। ਜਦ ਇਸ ਰੂਹ ਨੂੰ ਵਿਆਸ ਜੀ ਬ੍ਰਹਮਾ, ਸ਼ਿਵ ਜੀ, ਧਰਮਰਾਜ ਤੇ ਕਾਲ ਦੇ ਦੇਵਤੇ ਲੈ ਕੇ ਚਿਤ੍ਰਗੁਪਤ ਦੇ ਪਾਸ ਆਉਣਗੇ ਉਸ ਵੇਲੇ ਇਹਦੀ ਮੌਤ ਹੋ ਜਾਏਗੀ। ਕਹਿੰਦੇ, ਇਹਦੀ ਤਾਂ ਮੌਤ ਦਾ ਕਾਰਨ ਹੀ ਇਹ ਸੀ, ਆਹੀ ਥਾਂ ਸੀ, ਆਹੀ ਸਮਾਂ। ਉਹ ਕਹਿੰਦੇ ਉਹ ਤਾਂ ਸਾਡੇ ਨਾਲ ਹੈ, ਜਦੋਂ ਪਤਾ ਕਰਿਆ ਤਾਂ ਕਹਿੰਦੇ ਜੀ ਉਹ ਤਾਂ ਬਾਹਰ ਮਰੇ ਪਏ ਨੇ।

ਕਾਲ ਨਹੀਂ ਟਲਦਾ ਕਿਸੇ ਦੇ ਸਿਰ ਤੋਂ। ਦੂਸਰਾ ਇਹ ਹੈ ਕਿ ਇਹਦਾ ਪਤਾ ਕੋਈ ਨਹੀਂ ਹੈ, ਆਦਮੀ ਆਰਾਮ ਨਾਲ ਜਾਂਦਾ ਹੈ, ਕਾਲ ਆ ਜਾਂਦਾ ਹੈ, ਸਭ ਕੁਛ ਮਨ ਵਿਚ ਰਹਿ ਜਾਂਦਾ ਹੈ। ਕੁਛ ਵੀ ਨਹੀਂ ਕਰ ਸਕਦਾ। ਸੋ ਇਹ ਸਾਨੂੰ ਬੜਾ ਭਾਰਾ ਧੋਖਾ ਹੁੰਦਾ ਹੈ। ਜਾਣਾ ਹੈ ਅਸੀਂ ਸੰਸਾਰ ਤੋਂ ਆਪਣਾ ਸਮਾਂ ਜਿਹੜਾ ਅਸੀਂ ਬਰਬਾਦ ਕਰਦੇ ਹਾਂ, ਉਸ ਸੋਚਾਂ 'ਚ ਲੰਘ ਜਾਂਦਾ ਹੈ ਕਿ ਮੈਂ ਆ ਕਰ ਲਵਾਂ, ਔਹ ਕਰ ਲਵਾਂ, ਮੇਰਾ ਔਹ ਹੋ ਜਾਵੇ। ਹੁੰਦਾ ਤਾਂ ਓਹੀ ਹੈ ਜੋ ਵਾਹਿਗੁਰੂ ਨੇ ਕਰਨਾ ਹੈ। ਹੁਕਮ ਦੀ ਖੇਡ ਸਾਰੇ ਸੰਸਾਰ 'ਤੇ ਚੱਲ ਰਹੀ ਹੈ। ਇੱਕ ਉਹ ਨੇ ਜਿਹੜੇ

ਹੁਕਮ ਨੂੰ ਬੁੱਝ ਜਾਂਦੇ ਨੇ, ਇੱਕ ਉਹ ਨੇ ਜਿਹੜੇ ਹੁਕਮ ਨੂੰ ਬੁੱਝਦੇ ਨਹੀਂ ਹਨ ਤੇ ਹਰ ਵਕਤ ਚਿੰਤਾ 'ਚ ਰਹਿੰਦੇ ਨੇ। ਉਨ੍ਹਾਂ ਦੀ ਚਿੰਤਾ ਕੋਈ ਗੱਲ ਨਹੀਂ ਸਾਰ ਸਕਦੀ, ਗੱਲ ਓਹੀ ਹੁੰਦੀ ਹੈ, ਜੋ ਹੋਣੀ ਹੁੰਦੀ ਹੈ। ਸੋ ਇਸ ਕਰਕੇ ਉਹ ਸਮਾਂ ਜਿਹੜਾ ਸਾਡਾ ਨਸ਼ਟ ਹੁੰਦਾ ਹੈ ਉਹਨੂੰ ਛੱਡ ਕੇ ਅਸੀਂ ਜਿਸ ਕੰਮ ਨੂੰ ਕਰਨ ਵਾਸਤੇ ਆਏ ਹਾਂ, ਪ੍ਰਭੂ ਪ੍ਰਾਪਤੀ ਵਾਸਤੇ ਉਹ ਸਾਨੂੰ ਕਰਨਾ ਚਾਹੀਦਾ ਹੈ। ਸੋ ਪ੍ਰਭੂ ਪ੍ਰਾਪਤੀ ਵਾਸਤੇ ਗੁਰੂ ਦੀ ਲੋੜ ਹੈ, ਜਦੋਂ ਅਸੀਂ ਗੁਰੂ ਨੂੰ ਮਿਲਦੇ ਹਾਂ ਉਸ ਵੇਲੇ ਦੋ ਚੀਜ਼ਾਂ ਸੇਵਾ ਤੇ ਸਿਮਰਨ ਦੀ ਲੋੜ ਹੈ। ਇਹ ਦੋ ਫੰਘ ਨੇ ਜਿਹਦੇ ਨਾਲ ਰੂਹਾਨੀਅਤ ਦਾ ਸਫਰ ਤਹਿ ਹੋਇਆ ਕਰਦਾ ਹੈ, ਇਕੱਲਾ ਸਿਮਰਨ ਕਰਦਾ ਹੈ, ਸੇਵਾ ਨਹੀਂ ਕਰਦਾ, ਉਹਨੂੰ ਵੀ ਬੜੀ ਦੇਰ ਲਗਦੀ ਹੈ, ਇਕੱਲੀ ਸੇਵਾ ਕਰਦਾ ਹੈ ਸਿਮਰਨ ਨਹੀਂ ਕਰਦਾ ਉਹਨੂੰ ਵੀ ਬਹੁਤ ਦੇਰ ਲਗਦੀ ਹੈ। ਸੋ ਦੋਵੇਂ ਚੀਜ਼ਾਂ ਲਾਜ਼ਮੀ ਨੇ। ਜਦੋਂ ਅਸੀਂ ਦੋਵੇਂ ਚੀਜ਼ਾਂ ਕਰਦੇ ਹਾਂ। ਉਸ ਵੇਲੇ ਗੁਰੂ ਦੇ ਦਰ 'ਤੇ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਗੁਰੂ ਖੁਸ਼ ਹੋ ਗਿਆ ਪ੍ਰਮੇਸ਼ਰ ਖੁਸ਼ ਹੋ ਗਿਆ। ਸੋ ਮਹਾਰਾਜ ਇਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ ਜੀ, ਗੁਰਾਂ ਦੇ ਦਰ ਮਾਣ ਪਾਵੇਂਗਾ,***
***ਸੇਵਾ ਕਰ ਲੈ ਨਿਮਾਣਾ ਹੋ ਕੇ।***

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਿਟਾਵੇ। ਇਹ ਪੰਜ ਚੀਜ਼ਾਂ ਨੇ ਜੋ ਬੰਦੇ ਨੂੰ ਬਹੁਤ ਦੁਖੀ ਕਰਦੀਆਂ ਨੇ। ਜੇ ਤਾਂ ਇਹ ਸਾਧੀਆਂ ਜਾਣ ਫੇਰ ਤਾਂ ਇਹ ਮਿਤ੍ਰ ਬਣ ਜਾਂਦੀਆਂ ਨੇ। ਜੇ ਆਪਣੇ ਸਰੂਪ ਦੇ ਵਿਚ ਰਹਿਣ ਤਾਂ ਇਹ ਕਿਸੇ ਪਾਸੇ ਨਹੀਂ ਜਾਣ ਦਿੰਦੀਆਂ। ਜਦੋਂ ਸਾਧੀਆਂ ਜਾਂਦੀਆਂ ਨੇ, ਠਾਕੀਆਂ ਜਾਂਦੀਆਂ ਨੇ; ਕਿਉਂਕਿ ਇਨ੍ਹਾਂ ਦੇ ਵਿੱਚ ਬਲ ਬਹੁਤ ਹੈ, ਬਲ ਬਹੁਤ ਹੋ ਕੇ ਫੇਰ ਇਹ ਚੰਗੇ ਕੰਮ ਦੇ ਵਾਸਤੇ ਓਨੀਓਂ ਸ਼ਕਤੀ ਦਿੰਦੀਆਂ ਨੇ। ਜਦੋਂ ਇਹ ਅਵਾਰਾ ਹੁੰਦੀਆਂ ਨੇ ਫੇਰ ਇਹ ਆਦਮੀ ਨੂੰ ਪਤਨ ਵਿੱਚ ਲੈ ਜਾਂਦੀਆਂ ਨੇ। ਕਾਮ ਹੈ - ਜਦੋਂ ਸਾਧਿਆ ਜਾਂਦਾ ਹੈ ਉਸ ਵੇਲੇ ਰੁਚੀ ਬਣ ਜਾਂਦੀ ਹੈ ਪ੍ਰਮੇਸ਼ਰ ਦੇ ਮਿਲਣ ਦੀ। ਹਰ ਵਕਤ ਪ੍ਰਭੂ ਦੀ ਯਾਦ, ਉਹਦਾ ਸਪਰਸ਼ ਮਹਿਸੂਸ ਹੁੰਦਾ ਹੈ। ਝੁਣ-ਝੁਣੀਆਂ ਆਉਂਦੀਆਂ ਨੇ ਨਾਮ ਜਪਣ ਵਾਲਿਆਂ ਨੂੰ ਕਿਉਂਕਿ ਉਹ ਸਾਧਿਆ ਗਿਆ। ਬੁਰਾ ਰੂਪ ਉਹਦਾ ਸਹੀ ਰੂਪ ਬਣ ਗਿਆ। ਕ੍ਰੋਧ ਹੈ, ਮਾੜਾ ਰੂਪ ਹੈ ਤਾਂ ਮਹਾਰਾਜ ਕਹਿੰਦੇ ਉਹਦੇ ਨੇੜੇ ਨਾ ਲੱਗੋ।

***ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥***
***ਅੰਗ - ੪੦***

ਉਹਦੇ ਨੇੜੇ ਨਾ ਜਾਓ, ਹੱਥ ਨਾ ਲਾਓ ਉਸਨੂੰ ਕਿਉਂਕਿ ਭਿੱਟੇ ਜਾਵਾਂਗੇ। ਜਦੋਂ ਇਹੀ ਕ੍ਰੋਧ ਸਾਧਿਆ ਜਾਂਦਾ ਹੈ, ਫੇਰ ਇਹ ਮਨ ਨੂੰ ਗਲਤ ਪਾਸੇ ਚੱਲਣ ਨਹੀਂ ਦਿੰਦਾ। ਨਰਾਜ਼ੀ ਕਰਦਾ ਹੈ ਮਨ ਨਾਲ, ਰੁਚੀਆਂ ਨਾਲ ਕਿ ਇਹ ਕੰਮ ਗਲਤ ਹੋ ਗਿਆ ਤੁਹਾਨੂੰ ਸਜ਼ਾ ਮਿਲੇਗੀ, ਆਪਣੇ ਆਪ ਨੂੰ ਸਜ਼ਾ ਦਿੰਦਾ ਹੈ।'ਮੋਹ' ਹੈ ਮੋਹ ਦੀ ਥਾਂ ਦੇ ਉਤੇ, ਜਦੋਂ ਮੋਹ ਵਸ ਹੈ ਉਸ ਵੇਲੇ ਬਾਰ-ਬਾਰ ਜੰਮਦਾ ਹੈ, ਬੱਚਿਆਂ ਦਾ ਮੋਹ ਹੈ, ਪੈਸੇ ਦਾ ਮੋਹ ਹੈ, ਜਾਇਦਾਦ ਦਾ ਮੋਹ ਹੈ, ਉਨ੍ਹਾਂ ਵਿੱਚ ਸੁਰਤੀ ਰਹਿ ਜਾਂਦੀ ਹੈ ਮਰਨ ਵੇਲੇ; ਮਰਨ ਵੇਲੇ ਜਿਸ ਚੀਜ਼ ਵਿੱਚ ਵੀ ਸੁਰਤੀ ਰਹਿ ਗਈ ਇਹਨੂੰ ਬਾਰ-ਬਾਰ ਜਨਮ ਲੈਣਾ ਪਵੇਗਾ। ਘਰ ਵਿੱਚ ਰਹਿ ਗਈ ਸੁਰਤੀ ਉਸੇ ਪਰਿਵਾਰ ਵਿੱਚ ਬਾਰ-ਬਾਰ ਮਰ-ਮਰ ਕੇ ਜੰਮੇਗਾ। ਪੈਸੇ 'ਚ ਰਹਿ ਗਈ, ਸੱਪ ਬਣੇਗਾ। ਕੋਠੀਆਂ ਵਗੈਰਾ 'ਚ ਰਹਿ ਗਈ, ਭੂਤ ਬਣ ਜਾਏਗਾ। ਕਿੱਡਾ ਦੁੱਖ ਦਿੰਦਾ ਹੈ, ਪ੍ਰਮੇਸ਼ਰ ਦਾ ਨਾਮ ਨਹੀਂ ਜਪਣ ਦਿੱਤਾ ਤੇ ਮਰਨ ਤੋਂ ਬਾਅਦ ਵੀ ਸਾਨੂੰ ਕਿੱਥੇ ਲੈ ਗਿਆ। ਜਦੋਂ ਇਹ ਮੋਹ ਪਲਟ ਕੇ ਪ੍ਰੇਮ ਬਣ ਜਾਂਦਾ ਹੈ ਫੇਰ ਇਹ ਵਾਹਿਗੁਰੂ ਨੂੰ ਮਿਲਾ ਦੇਣ ਦੀ ਸਮਰੱਥਾ ਰਖਦਾ ਹੈ। ਜਦੋਂ ਮੋਹ ਬਣਦਾ ਹੈ ਫੇਰ ਵਾਹਿਗੁਰੂ ਨੂੰ ਨੇੜੇ-ਤੇੜੇ ਨਹੀਂ ਰਹਿਣ ਦਿੰਦਾ। ਜੀਵ ਨੂੰ ਭਟਕਾਉਂਦਾ ਹੈ। ਜਦੋਂ ਸਾਧਿਆ ਜਾਂਦਾ ਹੈ ਇਹ ਫੇਰ ਪ੍ਰੇਮ ਬਣ ਜਾਂਦਾ ਹੈ। ਇਸੇ ਤਰ੍ਹਾਂ ਅਹੰਕਾਰ ਹੈ, ਜਦੋਂ ਇਹ ਦੇਹ ਹੰਗਤਾ ਬਣਦੀ ਹੈ ਉਸ ਵੇਲੇ ਆਦਮੀ ਅਗਿਆਨੀ ਹੋ ਕੇ ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ, ਇਹਨੂੰ ਹਉਮੈ ਕਹਿੰਦੇ ਨੇ, ਜਦੋਂ ਇਹ ਅਹੰਭਾਵ ਖਤਮ ਹੋ ਕੇ ਬ੍ਰਹਮ ਹੰਗਤਾ 'ਚ ਆਉਂਦਾ ਹੈ ਤੇ ਆਪਣੇ ਆਪ ਨੂੰ ਮਿਟਾ ਕੇ ਸਭ ਤਰ੍ਹਾਂ ਦੇ ਉਤੇ ਪ੍ਰਮੇਸ਼ਰ ਨੂੰ ਹੀ ਦੇਖਦਾ ਹੈ। ਬ੍ਰਹਮਹੰਗਤਾ ਧਾਰਨ ਕਰਦਾ ਹੈ, ਉਸ ਵੇਲੇ ਫੇਰ ਇਹ ਪ੍ਰਮੇਸ਼ਰ ਦਾ ਸਰੂਪ ਬਣ ਜਾਂਦਾ ਹੈ। ਇਧਰਲੇ ਪਾਸੇ ਜੰਮ-ਜੰਮ ਮਰਦਾ ਹੈ ਤੇ ਉਧਰਲੇ ਪਾਸੇ ਪ੍ਰਮੇਸ਼ਰ ਦਾ ਰੂਪ ਬਣ ਜਾਂਦਾ ਹੈ, ਮਹਾਰਾਜ ਕਹਿੰਦੇ ਇਨ੍ਹਾਂ ਨੂੰ ਛੱਡ ਦਿਓ।

***ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥***
***ਅੰਗ - ੩੭੭***

ਇਹ ਜਿਹੜੀ ਖੋਟੀ ਮਤ ਪੈਦਾ ਕੀਤੀ ਹੈ ਆਪਣੇ ਆਪ ਹੀ ਕਹਿੰਦੇ ਇਹਨੂੰ ਵੀ ਛੱਡੋ। ਕਰੋ ਕੀ ਫੇਰ? -

***ਹੋਇ ਨਿਮਾਣੀ ਸੇਵ ਕਮਾਵਹਿ***
***ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥ ਅੰਗ - ੩੭੭***

ਮਾਣ ਤੋਂ ਰਹਿਤ ਹੋ ਕੇ ਸੇਵਾ ਕਰੇ ਤਾਂ ਵਾਹਿਗੁਰੂ ਦੇ ਮਨ ਦੇ ਉਤੇ, ਗੁਰੂ ਦੇ ਮਨ ਦੇ ਵਿੱਚ ਪਿਆਰ ਪਾਏਗੀ, ਮਾਣ ਪਾਏਗੀ।

***ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥ ਅੰਗ - ੩੭੭***

ਕਹਿੰਦੇ ਸੁਣੋ! ਸੰਤਾਂ ਦਾ ਬਚਨ ਹੈ ਇਹ ਉਧਾਰ ਕਰ ਦਿੰਦਾ ਹੈ।

***ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ***
***ਤੂੰ ਸੁਖਮਨਿ ਨਾਰੀ ॥ ਅੰਗ - ੩੭੭***

ਤੇ ਸੁੱਖਾਂ ਨੂੰ ਪ੍ਰਾਪਤ ਕਰਕੇ ਤੂੰ ਸੁੱਖ ਦੀ ਪ੍ਰਾਪਤੀ ਦੁੱਖ ਵੀ ਮਿਟ ਜਾਏਗਾ, ਭੁੱਖ ਵੀ ਮਿਟ ਜਾਏਗੀ, ਸਹਸੇ ਵੀ ਮਿਟ ਜਾਣਗੇ। ਸੁੱਖ ਦੀ ਪ੍ਰਾਪਤੀ ਸੇਵਾ ਕਰਨ ਦੇ ਨਾਲ ਤੇ ਸੰਤਾਂ ਦੇ ਬਚਨ ਧਾਰਨ ਕਰਨ ਨਾਲ ਪ੍ਰਾਪਤੀ ਹੁੰਦੀ ਹੈ।

***ਚਰਣ ਪਖਾਰਿ ਕਰਉ ਗੁਰ ਸੇਵਾ***
***ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥ ਅੰਗ - ੩੭੭***

ਚਰਨ ਧੋ ਕੇ ਗੁਰਾਂ ਦੀ ਸੇਵਾ ਕਰੋ, ਵਿਹੁ ਇਕੱਠੀ ਕਰਦਾ ਹੈ ਇਹਦੀ ਜਿਹੜੀ ਪਿਆਸ ਲੱਗੀ ਹੋਈ ਹੈ ਇਹ ਸਾਰੀ ਖਤਮ ਹੋ ਜਾਇਆ ਕਰਦੀ ਹੈ -

***ਦਾਸਨ ਕੀ ਹੋਇ ਦਾਸਿ ਦਾਸਰੀ***
***ਤਾ ਪਾਵਹਿ ਸੋਭਾ ਹਰਿ ਦੁਆਰੀ ॥ ਅੰਗ - ੩੭੭***

ਆਹ ਬੜੀ ਔਖੀ ਗੱਲ ਹੈ, ਬਹੁਤ ਔਖੀ ਹੈ ਕਿ ਜਿਹੜੇ ਵਾਹਿਗੁਰੂ ਦੇ ਦਾਸ ਨੇ ਉਨ੍ਹਾਂ ਦੇ ਅੱਗੋਂ ਦਾਸ ਨੇ ਉਨ੍ਹਾਂ ਦਾ ਵੀ ਅੱਗੇ ਦਾਸ ਬਣ। ਆਹ ਤਾਂ ਗੱਲ ਸਾਡੇ ਤੋਂ ਮੰਨੀ ਨਹੀਂ ਜਾਂਦੀ।

ਅਸੀਂ ਕਹਿੰਦੇ ਹਾਂ ਮੈਂ ਫੇਰ ਕਿੱਥੇ ਚਲਿਆ ਗਿਆ। ਜੇ ਮੈਂ ਤਾਂ ਕੁਛ ਵੀ ਨਾ ਰਿਹਾ ਜੇ ਐਨਾ ਛੋਟਾ ਹੋ ਗਿਆ। ਲੇਕਿਨ ਮਹਾਰਾਜ ਕਹਿੰਦੇ ਨਾ, ਤੂੰ ਆਹ ਗੱਲ ਬਣਾ, ਤਾਂ ਤੈਨੂੰ ਵਾਹਿਗੁਰੂ ਦੇ ਦਰ 'ਤੇ ਸੋਭਾ ਪ੍ਰਾਪਤ ਹੋਏਗੀ। ਜੇ ਐਨੀ ਨਿਮਰਤਾ 'ਚ ਨਹੀਂ ਆਉਂਦਾ, ਫੇਰ ਨਹੀਂ ਆਉਂਦਾ, ਜੇ ਅਭਿਮਾਨ ਹੈ ਤੇਰੇ ਮਨ ਵਿਚ ਫੇਰ ਨਹੀਂ ਮਿਲਣਾ।

***ਇਹੀ ਅਚਾਰ ਇਹੀ ਬਿਉਹਾਰਾ ਆਗਿਆ***
***ਮਾਨਿ ਭਗਤਿ ਹੋਇ ਤੁਮ੍ਾਰੀ ॥ ਅੰਗ - ੩੭੭***

ਆਗਿਆ ਮੰਨ ਵਾਹਿਗੁਰੂ ਦੀ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੋ ਹੁਕਮ ਆਉਂਦੇ ਨੇ ਇਨ੍ਹਾਂ ਦੀ ਆਗਿਆ ਮੰਨ।

***ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥***
***ਅੰਗ - ੩੭੭***

ਮਹਾਰਾਜ ਕਹਿੰਦੇ ਆਹ ਜਿਹੜਾ ਅਸੀਂ ਬਚਨ ਕਿਹਾ ਹੈ ਨਾ ਜਿਹੜਾ ਵੀ ਇਸਨੂੰ ਕਮਾ ਲਏਗਾ ਉਹ ਭਵਜਲ ਪਾਰ ਕਰ ਜਾਏਗਾ। ਮਹਾਰਾਜ ਨੇ ਵਾਹਿਗੁਰੂ ਨੂੰ ਮਿਲਣ ਤੱਕ ਦਾ ਰਸਤਾ ਸਾਰਾ ਹੀ ਇੱਕ ਸ਼ਬਦ ਵਿੱਚ ਦਸ ਦਿੱਤਾ। ਕੋਈ ਔਖਾ ਨਹੀਂ, ਕੋਈ ਗੁੰਝਲ ਨਹੀਂ ਹੈ ਇਹਦੇ ਵਿੱਚ, ਸਿਰਫ ਕਮਾਈ ਕਰਨੀ ਹੈ। ਲੇਕਿਨ ਇਸ ਰਸਤੇ ਦੇ ਉਤੇ ਭਾਗਾਂ ਵਾਲੇ ਪੈ ਸਕਦੇ ਨੇ, ਸੇਵਾ ਵੀ ਜਿਹੜੀ ਹੈ ਗੁਰੂ ਘਰ ਦੀ, ਮਹਾਰਾਜ ਦੀ ਸੇਵਾ ਬੇਅੰਤ ਕਿਸਮ ਦੀ ਹੈ, ਕੀਰਤਨ ਕਰਨਾ, ਹੋਰ ਅਨੇਕਾਂ ਕਿਸਮ ਦੀ ਸੇਵਾ ਹਰ ਰੋਜ਼ ਹੀ ਆਪ ਸੁਣਦੇ ਓਂ। ਉਹ ਸੇਵਾ ਭਾਗਾਂ ਤੋਂ ਬਗੈਰ ਨਹੀਂ ਮਿਲਿਆ ਕਰਦੀ। ਭਾਗ ਹੋਣ, ਐਸਾ ਫੁਰਮਾਨ ਹੈ ਗੁਰੂ ਮਹਾਰਾਜ ਦਾ ਕਿ ਧੱਕੇ ਵਾਲੇ ਨੂੰ ਨਹੀਂ ਮਿਲਦੀ। ਪਹਿਲਾਂ ਅਰਦਾਸਾਂ ਕਰੇ, ਹੇ ਵਾਹਿਗੁਰੂ! ਮੈਨੂੰ ਤੂੰ ਸੇਵਾ ਦਾਨ ਦੇ, ਮੈਂ ਸੇਵਾ ਕਰਾਂ, ਪ੍ਰਸੰਨ ਹੋਵੇ ਕਿਸੇ ਕਰਮ ਤੋਂ ਪ੍ਰਮੇਸ਼ਰ, ਫੇਰ ਸੇਵਾ ਬਖਸ਼ ਦਿਆ ਕਰਦਾ ਹੈ, ਐਸਾ ਮਹਾਰਾਜ ਦੇ ਅੰਦਰ ਫੁਰਮਾਨ ਆਉਂਦਾ ਹੈ -

***ਧਾਰਨਾ - ਭਾਗਾਂ ਵਾਲਿਆਂ ਨੂੰ ਮਿਲਦੀ ਸੇਵਾ ਸਾਧੂਆਂ ਦੀ।***

***ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥***
***ਅੰਗ - ੨੫੫***

ਜਿਹਦੇ ਉਤੇ ਗੁਰੂ ਪ੍ਰਸੰਨ ਹੋ ਜਾਵੇ, ਕਹਿੰਦੇ ਉਹਨੂੰ ਸੇਵਾ ਦਾ ਦਾਨ ਮਿਲ ਜਾਇਆ ਕਰਦਾ ਹੈ। ਉਹ ਸੰਗਤਾਂ ਦੀ ਸੇਵਾ ਕਰਦਾ ਹੈ, ਚਾਉ ਨਾਲ ਕਰਦਾ ਹੈ -

***ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥***
***ਅੰਗ - ੨੫੫***

ਜਦੋਂ ਵਾਹਿਗੁਰੂ ਦਇਆਲ ਹੋ ਜਾਂਦਾ ਹੈ ਫੇਰ ਉਹ ਸੰਤਾਂ ਦੀ ਸੰਗਤ ਵਿੱਚ, ਗੁਰਸਿਖਾਂ ਦੀ ਸੰਗਤ ਵਿੱਚ ਉਸਦਾ ਵਾਸਾ ਹੋ ਜਾਇਆ ਕਰਦਾ ਹੈ।

ਗੁਰੂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਮਹਾਰਾਜ, ਆਪ ਨੇ ਸੇਵਾ ਦਾ ਕੁੰਭ ਰਚਿਆ। ਅੰਮ੍ਰਿਤਸਰ ਸਾਹਿਬ ਦੇ ਸਰੋਵਰ ਦੇ ਵਿਚੋਂ ਗਾਰ ਕੱਢੀ ਜਾ ਰਹੀ ਹੈ। ਬੇਅੰਤ ਸੰਗਤਾਂ ਆਉਂਦੀਆਂ ਨੇ, ਸੇਵਾ ਕਰਦੀਆਂ ਨੇ। ਇੱਕ ਬੀਬੀ ਜਿਸਨੂੰ ਮਹਾਰਾਜ ਨੇ ਐਸੀ ਕ੍ਰਿਪਾ ਕਰੀ ਹੋਈ ਸੀ ਕਿ ਉਸਨੂੰ ਅਨੁਭਵ ਪ੍ਰਾਪਤ ਸੀ। ਉਸਨੂੰ ਵੀ ਪਤਾ ਲੱਗਿਆ, ਕਾਬੁਲ ਦੇ ਰਹਿਣ ਵਾਲੀ ਸੀ ਕਿ ਸੇਵਾ ਦਾ ਕੁੰਭ ਲੱਗਿਆ ਹੋਇਆ ਹੈ, ਕਿਉਂ ਨਾ ਮੈਂ ਜਾ ਕੇ ਸੇਵਾ ਕਰਾਂ ਤਾਂ ਉਸ ਨੇ ਆਪਣੇ ਪਤੀ ਨੂੰ ਬੇਨਤੀ ਕਰੀ ਕਿ ਮਹਾਰਾਜ ਗੁਰੂ ਮਹਾਰਾਜ ਜੀ ਨੇ ਸੇਵਾ ਦਾ ਕੁੰਭ ਲਾਇਆ ਹੋਇਆ ਹੈ, ਬੇਅੰਤ ਸੰਗਤਾਂ ਜਾਂਦੀਆਂ ਨੇ ਤੇ ਆਪ ਦੀ ਆਗਿਆ ਹੋਵੇ ਤਾਂ ਮੈਂ ਵੀ ਸੇਵਾ ਕਰ ਆਇਆ ਕਰਾਂ ਕਿਉਂਕਿ ਸੇਵਾ ਤੋਂ ਬਗੈਰ ਹੱਥ 'ਤੇ ਪੈਰ ਦੋਵੇਂ ਧਿਰਕਾਰਯੋਗ ਦੱਸੇ ਨੇ।

***ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।***
***ਭਾਈ ਗੁਰਦਾਸ ਜੀ, ਵਾਰ ੨੭/੧੦***

ਕੰਨਾਂ ਦੀ ਸੇਵਾ ਹੋ ਜਾਂਦੀ ਹੈ, ਬਾਣੀ ਸੁਣਦੇ ਹਾਂ ਅਸੀਂ ਕੰਨਾਂ ਦੇ ਰਾਹੀਂ। ਜ਼ੁਬਾਨ ਰਾਹੀਂ ਸੇਵਾ ਹੋ ਜਾਂਦੀ ਹੈ ਜਦੋਂ ਅਸੀਂ ਬਾਣੀ ਉਚਾਰਦੇ ਹਾਂ, ਗੁਰਮੰਤ੍ਰ ਉਚਾਰਦੇ ਹਾਂ। ਲੇਕਿਨ ਸਰੀਰ ਦੀ ਸੇਵਾ ਤਾਂ ਰਹਿ ਗਈ ਬਾਕੀ, ਜਿੰਨਾਂ ਚਿਰ ਸਰੀਰ ਸੇਵਾ 'ਚ ਨਹੀਂ ਲਗਦਾ, ਹੱਥ ਪੈਰ ਲਗਦੇ ਨਹੀਂ ਹਨ, ਓਨੀਂ ਦੇਰ ਤੱਕ ਇਹ ਹਿੱਸਾ ਸਫਲ ਨਹੀਂ ਹੁੰਦਾ, ਅਧੂਰਾ ਰਹਿ ਜਾਂਦਾ ਹੈ ਤੇ ਜੇ ਆਪ ਆਗਿਆ ਦੇਵੋਂ ਤਾਂ ਮੈਂ ਸੇਵਾ ਕਰ ਆਇਆ ਕਰਾਂ। ਉਹ ਕਹਿਣ ਲੱਗੇ, ਬੜੀ ਖੁਸ਼ੀ ਦੇ ਨਾਲ ਆਪ ਜਾਓ, ਪ੍ਰਸੰਨਤਾ ਹੈ ਸਾਡੀ। ਜ਼ਰੂਰ ਜਾ ਕੇ ਸੇਵਾ ਕਰੋ। ਸੋ ਉਹ ਬੀਬੀ ਰੋਜ਼ ਸੇਵਾ ਕਰਨ ਵਾਸਤੇ ਆਉਂਦੀ ਹੈ, ਹੌਲੀ-ਹੌਲੀ ਵਾਕਫੀ ਪੈ ਗਈ, ਨਾਲ ਬੀਬੀਆਂ ਜਿਹੜੀਆਂ ਸੇਵਾ ਕਰਦੀਆਂ ਸੀ, ਟੋਕਰੀ ਚੁੱਕਦੀਆਂ ਸੀ, ਉਹ ਦੇਖਦੀਆਂ ਨੇ ਕਿ ਬੜਾ ਹੀ ਹਸਮੁੱਖ ਚਿਹਰਾ ਹੈ ਇਹਦਾ, ਸਦਾ ਹੀ ਖੁਸ਼ ਰਹਿੰਦੀ ਹੈ, ਨੱਠ-ਨੱਠ ਕੇ ਸੇਵਾ ਕਰਦੀ ਹੈ। ਪਰ ਇੱਕ ਗੱਲ ਉਨ੍ਹਾਂ ਦੀ ਸਮਝ 'ਚ ਨਹੀਂ ਸੀ ਪੈਂਦੀ ਕਿ ਜਦੋਂ ਟੋਕਰਾ ਸੁੱਟ ਦਿੰਦੀ ਹੈ ਗਾਰ ਦਾ, ਉਸ ਵੇਲੇ ਕੱਛ ਵਿੱਚ ਲੈ ਕੇ ਟੋਕਰੇ ਨੂੰ ਦੋਵੇਂ ਹੱਥਾਂ ਦੇ ਨਾਲ ਹਵਾ ਦੇ ਵਿੱਚ ਇਸ ਤਰ੍ਹਾਂ ਕਰਦੀ ਹੈ ਜਿਵੇਂ ਝੂਟਾ ਦਿੰਦੀ ਹੈ ਕਿਸੇ ਚੀਜ਼ ਨੂੰ। ਉਸ ਤੋਂ ਬਾਅਦ ਫੇਰ ਆ ਜਾਂਦੀ ਹੈ, ਹਰ ਟੋਕਰੇ ਤੋਂ ਬਾਅਦ ਝੂਟਾ ਦਿੰਦੀ ਹੈ। ਆਹ ਗੱਲ ਉਨ੍ਹਾਂ ਦੀ ਸਮਝ ਵਿੱਚ ਨਹੀਂ ਆਉਂਦੀ। ਆਪਸ ਵਿੱਚ ਗੱਲਬਾਤ ਚੱਲ ਪਈ, ਕਹਿਣ ਲੱਗੇ, ਦੇਖੋ ਆਹ ਬੀਬੀ! ਐਸੀ ਕੋਈ ਕਿਰਿਆ ਕਰਦੀ ਹੈ, ਜਿਸ ਵਕਤ ਟੋਕਰਾ ਸੁੱਟ ਕੇ ਆਉਂਦੀ ਹੈ, ਉਸ ਤੋਂ ਬਾਅਦ ਦੋਵੇਂ ਹੱਥ ਜੋੜ ਕੇ ਧੱਕਾ ਦਿੰਦੀ ਹੈ ਕਿਸੇ ਚੀਜ਼ ਨੂੰ। ਅੱਗੇ ਕੋਈ ਚੀਜ਼ ਨਜ਼ਰ ਨਹੀਂ ਆਉਂਦੀ ਤੇ ਕਈ ਬੀਬੀਆਂ ਐਸੀਆਂ ਸੀ ਕਿ ਜਿਹੜੀਆਂ ਜਾਨਣ ਦਾ ਯਤਨ ਕਰਦੀਆਂ ਸੀ ਕਿ ਇਹ ਕਿਸ ਥਾਂ ਤੋਂ ਆਉਂਦੀ ਹੈ, ਅੰਮ੍ਰਿਤਸਰ ਕਿੱਥੇ ਰਹਿੰਦੀ ਹੈ, ਜਾਂ ਕਿਸੇ ਨੇੜੇ ਦੇ ਪਿੰਡ ਤੋਂ ਆਉਂਦੀ ਹੈ। ਉਨ੍ਹਾਂ ਨੇ ਕੋਸ਼ਿਸ਼ ਕਰੀ ਕਿ ਇਹ ਜਿਸ ਰਸਤੇ ਜਾਵੇਗੀ ਤਾਂ ਅਸੀਂ ਖਿਆਲ ਰੱਖਾਂਗੀਆਂ, ਕੋਸ਼ਿਸ਼ ਕਰਾਂਗੀਆਂ ਕਿ ਨੇੜੇ-ਨੇੜੇ ਰਹੀਏ। ਕਿਉਂਕਿ ਜਦੋਂ ਪਤਾ ਪੁਛਦੇ ਕਿ ਕਿੱਥੇ ਰਹਿੰਦੇ ਓਂ ਤਾਂ ਕਹਿੰਦੀ ਸੀ ਕਿ ਅਸੀਂ ਗੁਰੂ ਸਾਹਿਬ ਕੋਲ ਹੀ ਰਹਿੰਦੇ ਹਾਂ। ਸੱਚ ਬਾਤ ਕਹਿ ਦਿੰਦੀ ਸੀ ਕਿਉਂਕਿ ਮਨ ਕਰਕੇ ਹਰ ਵਕਤ ਗੁਰੂ ਕੋਲ ਰਹਿੰਦੇ ਸੀ।

ਇੱਕ ਦਿਨ ਸੰਗਤ ਵਿੱਚ ਜਦੋਂ ਕਾਫੀ ਚਰਚਾ ਚੱਲ ਪਈ ਤਾਂ ਗੁਰੂ ਮਹਾਰਾਜ ਗੁਰੂ ਅਰਜਨ ਸਾਹਿਬ ਨੂੰ ਬੇਨਤੀ ਕੀਤੀ ਗਈ

ਕਿ ਇੱਕ ਗੱਲ ਸਾਨੂੰ ਸਮਝ 'ਚ ਨਹੀਂ ਆਉਂਦੀ ਇੱਕ ਬੀਬੀ ਸੇਵਾ ਕਰਨ ਵਾਸਤੇ ਆਉਂਦੀ ਹੈ, ਉਹ ਪਤਾ ਨਹੀਂ ਲਗਦਾ ਕਿ ਕਿੱਥੋਂ ਆਉਂਦੀ ਹੈ। ਜਦ ਤਾਂ ਅਸੀਂ ਕੰਮ ਕਰਦੇ ਹਾਂ, ਕੰਮ ਤੋਂ ਬਾਅਦ ਅਸੀਂ ਇਹ ਦੇਖਣ ਦਾ, ਜਾਨਣ ਦੀ ਕਈ ਵਾਰੀ ਕੋਸ਼ਿਸ਼ ਕਰੀ ਹੈ ਕਿ ਇਹ ਕਿਹੜੇ ਰਸਤੇ ਜਾਂਦੀ ਹੈ, ਪੂਰਬ ਨੂੰ ਜਾਂਦੀ ਹੈ ਪੱਛਮ ਨੂੰ ਜਾਂਦੀ ਹੈ, ਉਤਰ ਨੂੰ ਜਾਂਦੀ ਹੈ ਦੱਖਣ ਨੂੰ ਜਾਂਦੀ ਹੈ। ਲੇਕਿਨ ਪਾਤਸ਼ਾਹ ਪਤਾ ਨਹੀਂ ਲਗਦਾ। ਥੋੜ੍ਹੀ ਦੇਰ ਤੋਂ ਬਾਅਦ ਜਦੋਂ ਅਸੀਂ ਦੇਖਦੇ ਹਾਂ ਨਿਗ੍ਹਾ ਤੋਂ ਓਹਲੇ ਹੋ ਜਾਂਦੀ ਹੈ ਇਹ ਕੌਤਕ ਸਾਡੇ ਸਮਝ ਵਿੱਚ ਨਹੀਂ ਆਉਂਦਾ ਕਿ ਇਹ ਕੌਣ ਹੋਈ, ਕਿੱਥੋਂ ਆਉਂਦੀ ਹੋਈ? ਉਸ ਵੇਲੇ ਮਹਾਰਾਜ ਜੀ ਨੇ ਅੰਤਰਧਿਆਨ ਹੋ ਕੇ ਦੇਖਿਆ, ਸਾਰੀ ਗੱਲ। ਲੇਕਿਨ ਸੰਗਤਾਂ ਦਾ ਸੰਸਾ ਦੂਰ ਕਰਨ ਵਾਸਤੇ, ਜਦੋਂ ਸੇਵਾ ਦੀ ਸਮਾਪਤੀ ਹੋਈ ਸ਼ਾਮ ਨੂੰ, ਉਸ ਵੇਲੇ ਗੁਰੂ ਮਹਾਰਾਜ ਆ ਕੇ ਕਹਿਣ ਲੱਗੇ ਉਹ ਬੀਬੀ ਨੂੰ ਬੁਲਾਓ। ਹੁਕਮ ਦੀ ਤਾਮੀਲ ਹੋਈ ਬੀਬੀ ਨੂੰ ਬੁਲਾਇਆ, ਬੁਲਾ ਕੇ ਮਹਾਰਾਜ ਕਹਿਣ ਲੱਗੇ, ਬੇਟਾ! ਤੁਸੀਂ ਕਿੱਥੋਂ ਆਉਂਦੇ ਹੁੰਦੇ ਓਂ, ਸੇਵਾ ਕਰਨ ਵਾਸਤੇ? ਕਹਿੰਦੇ, ਪਾਤਸ਼ਾਹ! ਤੁਸੀਂ ਤਾਂ ਜਾਣੀ ਜਾਣ ਓਂ, ਭੇਤ ਲੁਕਿਆ ਹੀ ਰਹੇ ਤਾਂ ਚੰਗਾ ਹੈ, ਪ੍ਰਗਟ ਨਹੀਂ ਹੋਣਾ ਚਾਹੀਦਾ। ਗੁਰੂ ਮਹਾਰਾਜ ਕਹਿੰਦੇ ਨਾ ਬੇਟਾ! ਸੰਗਤ ਪੁੱਛਦੀ ਹੈ, ਸੰਗਤ ਦਾ ਸੰਸਾ ਜਿਹੜਾ ਹੈ ਨਵਿਰਤ ਹੋਣਾ ਚਾਹੀਦਾ ਹੈ। ਦੱਸੋ ਤੁਸੀਂ ਕਿਥੋਂ ਆਉਂਦੇ ਓਂ? ਕਹਿਣ ਲੱਗੀ, ਪਾਤਸ਼ਾਹ! ਮੈਂ ਕਾਬਲ ਤੋਂ ਆਉਂਦੀ ਹਾਂ ਰੋਜ਼। ਹੈਰਾਨ ਹੋ ਗਈ ਸੰਗਤ ਸੁਣ ਕੇ ਕਿ ਕਾਬਲ ਕਿਤੇ ਨੇੜੇ ਹੈ? ਕਿੰਨੇ ਸੈਂਕੜੇ ਮੀਲ ਅੰਮ੍ਰਿਤਸਰ ਤੋਂ ਕਾਬਲ ਹੈ। ਕਿਹੜੀ ਸਵਾਰੀ ਹੈ ਜਿਹਦੇ ਉਤੇ ਇਹ ਆ ਜਾਂਦੀ ਹੈ। ਕਿਹੜੀ ਸ਼ਕਤੀ ਹੈ ਇਹਦੇ ਕੋਲ ਜਿਹਦੇ ਨਾਲ ਇਹ ਇੱਥੇ ਪਹੁੰਚ ਜਾਂਦੀ ਹੈ?

ਸੋ ਮਹਾਰਾਜ ਕਹਿਣ ਲੱਗੇ ਕਿ ਬੇਟਾ! ਦੂਸਰੀ ਬਾਤ ਇਹ ਹੈ ਕਿ ਜਦੋਂ ਤੂੰ ਟੋਕਰਾ ਸੁੱਟਦੀ ਹੈਂ ਤੇ ਸੰਗਤ ਕਹਿੰਦੀ ਹੈ ਕਿ ਤੂੰ ਝੂਟਾ ਦਿੰਦੀ ਹੈਂ ਕਿਸੇ ਚੀਜ਼ ਨੂੰ। ਕਹਿੰਦੀ ਪਾਤਸ਼ਾਹ! ਸਾਰੀ ਵਾਰਤਾ ਇਸ ਤਰ੍ਹਾਂ ਹੈ ਕਿ ਮੇਰਾ ਜੋ ਪਤੀ ਹੈ ਤੇ ਮੇਰਾ ਜੋ ਪਿਤਾ ਹੈ, ਸਹੁਰਾ ਪਿਤਾ, ਇਹ ਗੁਰੂ ਨਾਨਕ ਪਾਤਸ਼ਾਹ ਜਦੋਂ ਕਾਬੁਲ ਗਏ ਨੇ ਤਾਂ ਆਪ ਬੜੇ ਦਇਆਲ ਹੋਏ, ਆਪ ਨੇ ਦਇਆਲ ਹੋ ਕੇ ਸਾਨੂੰ ਨਾਮ ਦੀ ਦਾਤ ਦਿਤੀ। ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਤੋਂ ਸਾਡੇ ਘਰ 'ਚ ਸਿੱਖੀ ਚਲੀ ਆਉਂਦੀ ਹੈ ਤੇ ਕੇਵਲ ਸਿੱਖੀ ਹੀ ਨਹੀਂ ਹੈ, ਸਿੱਖੀ ਦੀ ਅਸੀਂ ਕਮਾਈ ਕੀਤੀ ਹੈ ਜਿਵੇਂ ਪਾਤਸ਼ਾਹ ਨੇ ਦੱਸੀ ਤੇ ਉਹਦੇ ਨਾਲ ਗੁਰਸਿੱਖਾਂ ਵਾਲਾ ਜੀਵਨ ਸਾਡੇ ਘਰ ਵਿੱਚ ਹੋ ਗਿਆ। ਜੋ ਗੁਰਸਿੱਖਾਂ ਦਾ ਜੀਵਨ ਹੁੰਦਾ ਹੈ ਉਸ ਤਰ੍ਹਾਂ ਦੀ ਸਾਡੇ ਘਰ ਕਰਨੀ ਕਮਾਈ ਹੋਈ ਹੋਈ ਹੈ। ਸੋ ਉਹਦੇ ਮੁਤਾਬਿਕ ਪਾਤਸ਼ਾਹ ਜਦੋਂ ਮੇਰੀ ਸ਼ਾਦੀ ਹੋਈ ਤੇ ਮੈਂ ਆ ਕੇ ਦੇਖਿਆ ਕਿ ਮੇਰੇ ਜੋ ਪਤੀ ਦੇਵ ਨੇ ਉਹ ਤਾਂ ਪ੍ਰਮੇਸ਼ਰ ਦਾ ਰੂਪ ਨੇ। ਸ਼ਾਸਤਰ, ਮੇਰੇ ਮਾਂ-ਬਾਪ ਜਿਨ੍ਹਾਂ ਨੇ ਮੇਰੀ ਸ਼ਾਦੀ ਦੇ ਵਿੱਚ ਹਿੱਸਾ ਲਿਆ ਸੀ, ਉਨ੍ਹਾਂ ਨੇ ਮੈਨੂੰ ਉਪਦੇਸ਼ ਦਿੱਤਾ ਸੀ ਕਿ ਜੋ ਪਤੀ ਹੈ ਉਹ ਪ੍ਰਮੇਸ਼ਰ ਦਾ ਰੂਪ ਹੁੰਦਾ ਹੈ ਉਹਨੂੰ ਪ੍ਰਮੇਸ਼ਰ ਕਰਕੇ ਜਾਣੀਂ। ਕਿਉਂਕਿ ਬੀਬੀ ਦਾ ਜੋ ਪ੍ਰਮੇਸ਼ਰ ਹੈ ਉਹ ਪਤੀ ਹੀ ਹੋਇਆ ਕਰਦਾ ਹੈ। ਉਹਦੇ ਨਾਲ ਹੀ ਉਹਦਾ ਪਿਆਰ ਨਿਭਿਆ ਕਰਦਾ ਹੈ।

ਸੋ ਪਾਤਸ਼ਾਹ ਮੈਂ ਆਪਣੇ ਪਤੀ ਨੂੰ ਪ੍ਰਮੇਸ਼ਰ ਦਾ ਸਰੂਪ ਜਾਣ ਕੇ ਉਹਦੀ ਦਿਨ ਰਾਤ ਸੇਵਾ ਕਰਦੀ ਹਾਂ, ਕਿਸੇ ਕ੍ਰਿਆ ਦੇ ਉਤੇ ਮੈਂ ਕਦੇ ਕਿੰਤੂ ਨਹੀਂ ਕਰਿਆ। ਕਦੇ ਮੇਰੇ ਮਨ ਵਿੱਚ ਕੋਈ ਗਿਣਤੀ ਨਹੀਂ ਆਈ। ਸੇਵਾ ਤੇ ਸਿਮਰਨ ਦੋਵੇਂ ਕਰਦੇ ਹਾਂ। ਉਹਦਾ ਫਲ ਇਹ ਹੋਇਆ ਕਿ ਮੈਨੂੰ ਇਹ ਸ਼ਕਤੀ ਪ੍ਰਾਪਤ ਹੋ ਗਈ ਕਿ ਮੈਂ ਇਛਿਆ ਦੇ ਨਾਲ ਜਿੱਥੇ ਜਾਣਾ ਚਾਹਾਂ, ਉਥੇ ਮੈਂ ਉਧਰੋਂ ਪੈਰ ਪੁਟਾਂ ਤੇ ਦੂਜੇ ਪਾਸੇ ਰੱਖਾਂ ਤਾਂ ਉਥੇ ਹੀ ਪਹੁੰਚ ਜਾਂਦੀ ਹਾਂ।

ਕਈ ਪ੍ਰੇਮੀਆਂ ਨੂੰ ਇਹ ਬਾਤ ਲੱਗੇਗੀ ਕਿ ਐਸੀ ਬਾਤ ਹੁੰਦੀ ਹੈ ਕਦੇ? ਚਾਰ ਮਿਸਾਲਾਂ ਦਾ ਮੈਨੂੰ ਪਤਾ ਹੈ, ਮਹਾਤਮਾ ਹੋਏ ਨੇ ਥੋੜ੍ਹੀ ਦੇਰ ਪਹਿਲਾਂ ਹੀ ਹੋ ਕੇ ਹਟੇ ਨੇ। ਮੇਰੇ ਇੱਕ ਮਿੱਤਰ ਸੀ ਉਹ ਇਕ ਮਹਾਤਮਾ ਦੇ ਕੋਲ ਜਾਇਆ ਕਰਦੇ ਸੀ, ਕਪੂਰਥਲੇ ਦੇ ਵਿੱਚ ਉਹ ਸੰਤ ਸੀਗੇ। ਉਹ ਦਸਦੇ ਸੀ ਕਿ ਮੈਂ ਉਨ੍ਹਾਂ ਦੇ ਨਾਲ ਰਹਿੰਦਾ ਸੀ, ਦਵਾਈ ਬੂਟੀ ਦਾ ਕੰਮ ਕਰਦੇ ਸੀ। ਬੇਅੰਤ ਮਰੀਜ਼ ਉਨ੍ਹਾਂ ਦੇ ਕੋਲ ਆ ਕੇ ਰਾਜ਼ੀ ਹੁੰਦੇ ਸੀ ਤੇ ਗੰਗਾ ਦਾ ਨਾਹੁੰਣ ਆ ਗਿਆ ਤੇ ਜਿੱਥੇ ਅਸੀਂ ਸੀਗੇ ਉਹ ਪਿੰਡ ਵਾਲੀ ਸੰਗਤ ਕਹਿਣ ਲੱਗੀ, ਸਾਰੇ ਗੰਗਾ ਦਾ ਇਸ਼ਨਾਨ ਕਰਨ ਜਾ ਰਹੇ ਨੇ ਤੇ ਤੁਸੀਂ ਵੀ ਸਾਡੇ ਨਾਲ ਚੱਲੋਂ ਤਾਂ ਬਹੁਤ ਵਧੀਆ ਹੈ। ਕਹਿਣ ਲੱਗੇ, ਕੋਈ ਨਾ ਸਾਧਸੰਗਤ ਜੀ! ਜਦੋਂ ਤੁਸੀਂ ਇਸ਼ਨਾਨ ਕਰੋਂਗੇ, ਫੇਰ ਮੈਂ ਤੁਹਾਡੇ ਨਾਲ ਹੀ ਇਸ਼ਨਾਨ ਕਰਾਂਗਾ। ਕਹਿੰਦੇ, ਸੰਗ ਤੁਰ ਗਿਆ। ਜਦੋਂ ਸਮਾਂ ਆਇਆ ਇਸ਼ਨਾਨ ਦਾ, ਕਹਿੰਦੇ ਮੈਨੂੰ ਕਹਿਣ ਲੱਗੇ, ਲੈ ਬਈ ਪ੍ਰੇਮੀਆਂ! ਥੋੜ੍ਹੀ ਦੇਰ ਤੂੰ ਦੇਖੀਂ ਅਸੀਂ ਇਸ਼ਨਾਨ ਕਰ ਆਈਏ। ਮੈਂ ਕਿਹਾ, ਬਾਬਾ ਜੀ ਕਿੱਥੇ ਕਰਨਾ ਹੈ? ਕਹਿੰਦੇ ਗੰਗਾ ਇਸ਼ਨਾਨ ਕਰਨਾ ਹੈ। ਜਲ ਅਸੀਂ ਵੀ ਲੈ ਆਵਾਂਗੇ ਤੂੰ ਵੀ ਇਸ਼ਨਾਨ ਕਰ ਲਈਂ। ਗੜਵਾ ਚੁੱਕਿਆ, ਥੋੜ੍ਹਾ ਜਿਹਾ ਦਿਸਦੇ ਮੈਨੂੰ ਉਸ ਤੋਂ ਬਾਅਦ ਅਲੋਪ ਹੀ ਹੋ ਗਏ। ਜਿੰਨਾ ਚਿਰ ਇਸ਼ਨਾਨ ਨੂੰ ਲਗਦਾ ਹੈ, ਇਸ਼ਨਾਨ ਕਰਿਆ ਤੇ ਉਸ ਤੋਂ ਬਾਅਦ ਗੜਵਾ ਭਰਿਆ ਹੋਇਆ ਲੈ ਆਂਦਾ ਤੇ ਮੈਨੂੰ ਕਹਿਣ ਲੱਗੇ, ਪ੍ਰੇਮੀਆਂ! ਤੂੰ ਵੀ ਇਸ਼ਨਾਨ ਕਰ ਲੈ। ਆਹ ਮੈਂ ਜਲ ਲਿਆਇਆ ਹਾਂ, ਹੋਰ ਜਲ 'ਚ ਰਲਾ ਲੈ। ਕਹਿੰਦਾ, ਮੇਰਾ ਮਨ ਹੀ ਨਾ ਮੰਨੇ, ਕਿ ਇਹ ਗੰਗਾ ਕਿੱਥੇ ਜਾ ਆਏ, ਇਹ ਵੈਸੇ ਹੀ ਗੱਲ ਕਰਦੇ ਨੇ। ਐਨੇ ਨੂੰ ਜਿਹੜੀ ਸੰਗਤ ਇਸ਼ਨਾਨ ਕਰਨ ਵਾਸਤੇ ਗਈ ਹੋਈ ਸੀ ਉਹ ਵਾਪਸ ਆ ਗਈ। ਉਹ ਬਚਨ ਕਰਨ ਲੱਗੇ ਕਿ ਜਦੋਂ ਮਹਾਰਾਜ ਤੁਸੀਂ ਆਏ ਓਂ, ਪਤਾ ਹੀ ਨਹੀਂ ਲੱਗਿਆ ਕੀਹਦੇ ਨਾਲ ਆਏ ਓਂ, ਅੱਜ ਆਏ ਓਂ, ਕੱਲ੍ਹ ਆਏ ਓਂ? ਕਹਿੰਦਾ, ਮੈਂ ਹੈਰਾਨ ਹੋ ਗਿਆ ਕਿ ਹੈਂ? ਮੈਂ ਪੁੱਛਿਆ ਕਿ ਇਹ ਤੁਹਾਡੇ ਨਾਲ ਗਏ ਸੀ? ਕਹਿੰਦੇ ਹਾਂ ਅਸੀਂ ਇਸ਼ਨਾਨ ਇਕੱਠਿਆਂ ਨੇ ਕਰਿਆ ਹੈ। ਇਹ ਵੀ ਸਾਡੇ ਨਾਲ ਸੀਗੇ। ਉਹ ਕਹਿੰਦਾ ਕਿ ਇਹ ਤਾਂ ਇੱਥੇ ਬੈਠੇ ਸੀ, ਮੈਨੂੰ ਕਹਿ ਕੇ ਗਏ ਨੇ ਕਿ ਮੈਂ ਗੰਗਾ ਦਾ ਇਸ਼ਨਾਨ ਕਰ ਆਵਾਂ। ਸੋ ਜਲ ਮੈਨੂੰ ਲੈ ਕੇ ਆਏ ਨੇ, ਕੀ ਜਲ ਉਥੇ ਦਾ ਹੀ ਸੀ? ਕਹਿੰਦੇ ਹਾਂ, ਇਨ੍ਹਾਂ ਨੇ ਗੜ੍ਹਵਾ ਭਰਿਆ ਤੇ ਕਿਹਾ ਉਥੇ ਲੈ ਚਲਦੇ ਹਾਂ, ਇਸ਼ਨਾਨ ਕਰਾਂਗੇ।

ਇੱਕ ਮਹਾਤਮਾ ਹੋਰ ਹੋਏ ਨੇ ਨਾਮਧਾਰੀ ਸੰਪਰਦਾ 'ਚ। ਉਨ੍ਹਾਂ ਦਾ ਨਾਉਂ, ਮੋਹਨ ਜੀ ਕਹਿੰਦੇ ਸੀ ਉਨ੍ਹਾਂ ਨੂੰ। ਗੁਰਦਾਸਪੁਰ ਖੜ੍ਹੇ ਨੇ ਤੇ ਉਥੇ ਮਹਾਂਪੁਰਸ਼ ਜਿਹੜੇ ਪਹਿਲੇ ਸੀ ਇਨ੍ਹਾਂ ਦੇ ਉਹ ਆ ਰਹੇ ਨੇ। ਉਨ੍ਹਾਂ ਦੀ ਕਾਰ ਰੋਕ ਲਈ ਕਿ ਬਾਬਾ ਜੀ ਮੈਨੂੰ ਨਾਲ

ਹੀ ਲੈ ਚੱਲੋ। ਉਹ ਕਹਿੰਦੇ, ਕਾਰ 'ਚ ਤਾਂ ਜਗ੍ਹਾ ਨਹੀਂ ਹੈ ਤੂੰ ਹੌਲੀ-ਹੌਲੀ ਆ ਜਾਈਂ। ਉਹ ਗੁਰਦਾਸਪੁਰ ਤੋਂ ਇੱਥੇ ਪਹੁੰਚਦੇ ਨੇ ਅੱਗੇ ਕੀ ਦੇਖਦੇ ਨੇ, ਦੀਵਾਨ ਲੱਗਿਆ ਹੋਇਆ ਹੈ ਉਨ੍ਹਾਂ ਦਾ ਹੀ, ਉਹ ਕਹਿਣ ਲੱਗੇ ਕਿ ਇਹ ਕਦੋਂ ਦਾ ਆਇਆ ਹੋਇਆ ਹੈ? ਕਹਿਣ ਲੱਗੇ, ਮਹਾਰਾਜ! ਤਿੰਨ ਘੰਟੇ ਹੋ ਗਏ ਕੀਰਤਨ ਕਰਦੇ ਇਨ੍ਹਾਂ ਨੂੰ। ਕਹਿਣ ਲੱਗੇ, ਜਦੋਂ ਕੀਰਤਨ ਦੀ ਸਮਾਪਤੀ ਹੋਵੇ ਸਾਡੇ ਕੋਲ ਭੇਜਿਓ। ਸਮਾਪਤੀ ਤੋਂ ਬਾਅਦ ਕਹਿਣ ਲੱਗੇ, ਤੁਹਾਨੂੰ ਮਹਾਂਪੁਰਸ਼ ਯਾਦ ਕਰਦੇ ਨੇ। ਕਹਿੰਦੇ, ਯਾਦ ਕਾਹਦਾ ਕਰਦੇ ਨੇ ਡੰਡੇ ਪੈਣੇ ਨੇ ਮੇਰੇ। ਸੱਚਮੁੱਚ ਹੀ ਉਨ੍ਹਾਂ ਨੇ ਸੋਟੀ ਚੁੱਕ ਲਈ ਕਹਿੰਦੇ ਤੇਰੀਆਂ ਕਰਾਮਾਤਾਂ ਝਾੜਦੇ ਹਾਂ। ਐਨਾ ਤੂੰ ਸ਼ਕਤੀਆਂ ਦਿਖਾ ਰਿਹਾ ਹੈਂ, ਕਿੱਥੇ ਕਾਰ ਦੇ ਵਿੱਚ ਆ ਕੇ ਬੈਠਣਾ ਚਾਹੁੰਦਾ ਸੀ, ਕਿੱਥੇ ਆ ਕੇ ਦੀਵਾਨ ਵੀ ਲਾ ਲਿਆ। ਇਸ ਤਰ੍ਹਾਂ ਇੱਕ ਨਹੀਂ ਹੋਰ ਵੀ ਬਹੁਤ ਸਾਰੇ ਮਹਾਤਮਾ ਨੇ।

ਲਾਹੌਰ ਦੇ ਅੰਦਰ ਬੀਬੀ ਜੀ (ਸੰਤ ਮਾਤਾ ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ) ਦੇ ਬਾਪੂ ਜੀ ਦਾ ਜਦੋਂ ਅੰਤ ਸਮਾਂ ਆਇਆ ਕਹਿਣ ਲੱਗੇ ਕਿ ਲੋਹਗੜ੍ਹੀਆ ਬਾਬਾ ਨਹੀਂ ਆਇਆ ਅਜੇ ਤੱਕ। ਕਹਿੰਦੇ ਆਇਆ ਨਹੀਂ ਹੈ, ਇਨ੍ਹਾਂ ਨੂੰ ਛੁੱਟੀ ਦੇ ਦਿਤੀ ਕਿ ਜਾਓ ਤੁਹਾਡਾ ਤੇ ਸਾਡਾ ਹਿਸਾਬ ਖਤਮ ਹੋ ਗਿਆ ਤੇ ਤੁਸੀਂ ਸਵੇਰੇ ਆ ਜਾਇਓ। ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸੀ, ਜਦੋਂ ਇਹ ਹਾਸਪੀਟਲ ਦੇ ਬਾਹਰ ਆਏ ਤਾਂ ਬਾਬਾ ਜੀ, ਖੜਾਵਾਂ ਪਾਈਆਂ ਹੋਈਆਂ, ਸਫੇਦ ਵਸਤਰ ਰੱਖਦੇ ਹੁੰਦੇ ਤੇ ਆਪ ਆ ਗਏ, ਇਨ੍ਹਾਂ ਨੇ ਕਿਹਾ ਬਾਬਾ ਜੀ! ਤੁਹਾਨੂੰ ਤਾਂ ਬਾਪੂ ਜੀ ਯਾਦ ਕਰਦੇ ਨੇ, ਨਾਲ ਹੀ ਉਤੇ ਚੜ੍ਹ ਆਏ। ਉਸ ਵੇਲੇ ਬਾਪੂ ਜੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਆਏ ਨਹੀਂ, ਕਹਿੰਦੇ ਤੁਸੀਂ ਹੁਣੇ ਹੀ ਯਾਦ ਕਰਿਆ ਹੈ। ਕਹਿੰਦੇ, ਕਿੱਥੇ ਸੀਗੇ। ਕਹਿੰਦੇ, ਅਸੀਂ ਲਾਲਾ ਮੂਸੇ ਸੀਗੇ, ਰਾਵਲਪਿੰਡੀ। ਇਸੇ ਤਰ੍ਹਾਂ ਸੰਤ ਬਾਬਾ ਜਵਾਲਾ ਸਿੰਘ ਜੀ ਆਪ ਇੱਕ ਪਿੰਡ ਗਏ ਹੋਏ ਨੇ, ਕੋਠਾ ਪਿੰਡ ਦਾ ਨਾਮ ਹੈ। ਅਖੰਡਪਾਠ ਹੋ ਰਿਹਾ ਹੈ। ਉਸ ਤੋਂ ਬਾਅਦ ਟਹਿਲਣ ਵਾਸਤੇ ਬਾਹਰ ਨਿਕਲਦੇ ਨੇ ਤੇ ਨਿਹੰਗ ਟਹਿਲ ਸਿੰਘ ਨੂੰ ਕਿਹਾ ਕਿ ਗੜਵਾ ਫੜ ਸਾਡਾ ਤੇ ਅੱਗੇ ਜਦ ਗਏ, ਇੱਕ ਪਾਣੀ ਮੂਹਰੇ ਆ ਗਿਆ ਚਲ੍ਹਾ ਜਿਹਾ, ਉਥੋਂ ਛਾਲ ਮਾਰ ਕੇ ਟੱਪਣਾ ਪੈਣਾ ਸੀ। ਉਨ੍ਹਾਂ ਨੇ ਆਪ ਵੀ ਛਾਲ ਮਾਰਨ ਦੀ ਤਿਆਰੀ ਕਰੀ ਤੇ ਨਿਹੰਗ ਸਿੰਘ ਦੀ ਬਾਂਹ ਫੜ ਲਈ। ਜਦੋਂ ਟੱਪੇ, ਉਹ ਮੈਨੂੰ ਆਪ ਹੀ ਦਸਦਾ ਸੀ ਕਿ ਜਦੋਂ ਮੈਂ ਹੈਰਾਨ ਹੋ ਗਿਆ ਕਿ ਮੈਨੂੰ ਰਾਮਗੜ੍ਹ ਦਿੱਸਣ ਲੱਗ ਗਿਆ। ਮੈਨੂੰ ਸਮਝ 'ਚ ਕੁਛ ਨਾ ਆਵੇ ਇਹ ਕੀ ਹੋ ਗਿਆ ਕਿ ਕੋਠਾ ਚਾਲੀ ਮੀਲ ਦੂਰੀ 'ਤੇ ਹੈ ਤੇ ਰਾਮਗੜ੍ਹ ਨੇੜੇ ਹੀ ਹੈ। ਆਹ ਹੋ ਗਿਆ। ਕਹਿੰਦੇ ਸਿੱਧੇ ਕਰਤਾਰ ਸਿੰਘ ਦੇ ਘਰ ਗਏ। ਆਖਰੀ ਸਮਾਂ ਉਹਦਾ ਸੀਗਾ, ਮੰਜੇ 'ਤੇ ਬੈਠ ਗਏ, ਪੱਟ 'ਤੇ ਉਹਦਾ ਸੀਸ ਰੱਖ ਲਿਆ, ਕਹਿੰਦੇ ਲੈ ਕਰਤਾਰ ਸਿੰਘ ਕਹਿ ਵਾਹਿਗੁਰੂ। ਦਸ ਵਾਰੀ ਕਹਾਇਆ ਉਸ ਤੋਂ ਬਾਅਦ ਉਹਨੇ ਨੇਤਰ ਬੰਦ ਕਰ ਲਏ, ਸਰੀਰ ਉਹਨੇ ਛੱਡ ਦਿੱਤਾ। ਉਸ ਤੋਂ ਬਾਅਦ ਸਸਕਾਰ ਕਰਾਇਆ, ਕੀਰਤਨ ਸੋਹਿਲਾ ਬਾਬਾ ਜੀ ਨੇ ਆਪ ਪੜ੍ਹਿਆ। ਕਹਿੰਦੇ, ਲਓ ਸਾਧਸੰਗਤ ਜੀ! ਤੁਸੀਂ ਹੁਣ ਗੁਰਦੁਆਰੇ ਸਾਹਿਬ ਜਾਓ ਉਥੇ ਜਾ ਕੇ ਕੜਾਹ ਪ੍ਰਸ਼ਾਦ ਕਰਾਓ, ਅਸੀਂ ਹਾਲੇ ਬੈਠੇ ਹਾਂ ਇੱਥੇ। ਕਹਿੰਦੇ ਜਦੋਂ ਸਾਰੇ ਚਲੇ ਗਏ, ਕਹਿੰਦੇ ਆ ਨਿਹੰਗ ਸਿੰਘਾ! ਹੁਣ ਵਾਪਸ ਚੱਲੀਏ। ਇਸੇ ਤਰ੍ਹਾਂ ਬਾਂਹ ਫੜੀ, ਅਸੀਂ ਮੁੜ ਕੇ ਆਏ ਤਾਂ ਕੋਠੇ। ਖੂਹ ਦੇ ਉਤੇ ਜਿਹੜੇ ਸਿੰਘ ਕੱਪੜੇ ਧੋਂਦੇ ਸੀ, ਕਹਿੰਦੇ ਜਦੋਂ ਅਸੀਂ ਦੇਖਿਆ ਕਿ ਹੁਣ ਸੁਕਾ ਲਏ ਨੇ ਕੱਪੜੇ ਤੇ ਅਜੇ ਇੱਥੇ ਹੀ ਨੇ। ਪੰਜ ਚਾਰ ਘੰਟੇ ਲੱਗੇ ਸਾਰੇ ਹੀ। ਬਾਬਾ ਜੀ ਨੂੰ ਮੈਂ ਪੁੱਛ ਨਾ ਸਕਿਆ, ਦੂਸਰੇ ਦਿਨ ਮੈਂ ਪਾਰਸ ਭਾਗ ਪੜ੍ਹਦਾ ਸੀ। ਉਹਦੇ ਵਿੱਚ ਆਇਆ ਕਿ ਮਹਾਤਮਾ ਕਈ ਵਾਰੀ ਆਪਣਾ ਬਚਨ ਪੂਰਾ ਕਰਨ ਵਾਸਤੇ ਸ਼ਕਤੀ ਵਰਤ ਲੈਂਦੇ ਨੇ।

ਜਦੋਂ ਪੁਸਤਕ ਪੜ੍ਹ ਹਟਿਆ ਤਾਂ ਬਾਬਾ ਜੀ ਕਹਿੰਦੇ ਨਿਹੰਗ ਸਿੰਘਾ! ਕੱਲ੍ਹ ਦਾ ਕੀ ਸੋਚੀ ਜਾਨਾਂ ਹੈਂ, ਸਾਡਾ ਇਹਦੇ ਨਾਲ ਬਚਨ ਸੀ। ਇਹਨੇ ਸਾਡੇ ਤੋਂ ਬਚਨ ਲਿਆ ਹੋਇਆ ਸੀ ਕਿ ਜਦੋਂ ਮੇਰਾ ਅੰਤ ਸਮਾਂ ਹੋਵੇ ਤਾਂ ਤੁਸੀਂ ਮੇਰੇ ਕੋਲ ਹੋਵੋਂ। ਕਹਿੰਦੇ ਹੁਣ ਆਪਾਂ ਚਾਲੀ ਮੀਲ 'ਤੇ ਕਿਵੇਂ ਪਹੁੰਚ ਜਾਂਦੇ। ਐਸੀਆਂ ਗੁਰੂ ਘਰ ਦੇ ਅੰਦਰ ਬੇਅੰਤ ਮਿਸਾਲਾਂ ਨੇ ਇੱਕ ਨਹੀਂ ਹੈ। ਬੇਅੰਤ ਮਿਸਾਲਾਂ ਨੇ ਕਿਉਂਕਿ ਕਰਨੀ ਕਮਾਈ ਕਰਦੇ ਸੀ। ਹੁਣ ਸਾਡੇ 'ਚ ਕਮਾਈ ਨਾ ਹੋਣ ਕਰਕੇ ਇਹ ਗੱਲਾਂ ਸਾਨੂੰ ਅਜੀਬ ਲੱਗ ਰਹੀਆਂ ਨੇ। ਸਹਿਜ ਸੁਭਾਅ ਬਾਤਾਂ ਹੋਇਆ ਕਰਦੀਆਂ ਸੀ ਇਹ।

ਸੋ ਬੀਬੀ ਕਹਿਣ ਲੱਗੀ ਕਿ ਮਹਾਰਾਜ ਜੀ! ਮੇਰੇ ਪਤੀ ਨੇ ਮੈਨੂੰ ਇਜਾਜ਼ਤ ਦੇ ਦਿੱਤੀ। ਸੋ ਮੈਂ ਇੱਥੇ ਸੇਵਾ ਕਰਨ ਵਾਸਤੇ ਆਉਂਦੀ ਹਾਂ। ਦੁੱਧ ਚੁੰਘਦਾ ਬੱਚਾ ਮੇਰਾ ਪਿੱਛੇ ਹੁੰਦਾ ਹੈ, ਉਹਨੂੰ ਮੈਂ ਦੁੱਧ ਚੁੰਘਾ ਕੇ, ਪੰਘੂੜੇ 'ਤੇ ਸੁਲਾ ਕੇ ਫੇਰ ਮੈਂ ਆ ਜਾਂਦੀ ਹਾਂ। ਮਹਾਰਾਜ! ਜਦੋਂ ਮੈਂ ਗਾਰੇ ਦਾ ਟੋਕਰਾ ਸੁੱਟਦੀ ਹਾਂ ਉਸ ਤੋਂ ਬਾਅਦ ਇਸ ਕਰਕੇ ਮੈਂ ਝੂਟਾ ਦਿੰਦੀ ਹਾਂ ਕਿ ਬੱਚਾ ਜਾਗ ਨਾ ਪਵੇ। ਸੋ ਮਹਾਰਾਜ ਨੇ ਸੰਗਤਾਂ ਦੀ ਹੋਰ ਨਿਸ਼ਾ ਕਰਨ ਵਾਸਤੇ ਕਾਬਲ ਤੋਂ ਪਤਾ ਮੰਗਾਇਆ। ਜਦੋਂ ਪਤਾ ਲੱਗਿਆ ਕਿ ਹਾਂ ਇਹ ਬੀਬੀ! ਇੱਥੇ ਦੀ ਹੀ ਹੈ ਤੇ ਬੱਚਾ ਹੈ ਇਹਦਾ। ਉਸ ਵੇਲੇ ਸੰਗਤ ਦੇ ਮਨ ਵਿੱਚ ਬੜਾ ਉਤਸ਼ਾਹ ਹੋਇਆ।

ਸੋ ਸੇਵਾ ਦਾ ਮਹਾਤਮ ਹੈ, ਭਾਗਾਂ ਵਾਲਿਆਂ ਨੂੰ ਸੇਵਾ ਪ੍ਰਾਪਤ ਹੋਇਆ ਕਰਦੀ ਹੈ। ਦੂਸਰਾ ਇਹ ਹੈ ਕਿ ਜਿਹੜੇ ਇਸ ਤਰ੍ਹਾਂ ਦੇ ਜੀਵਨ ਹੁੰਦੇ ਨੇ, ਪਤੀਵਰਤਾ ਜੀਵਨ। ਆਪਣੀ ਭਾਰਤ ਵਰਸ਼ ਦੀ ਸਮਾਜ ਦੇ ਅੰਦਰ ਪਤੀਵਰਤਾ ਨੂੰ ਬਹੁਤ ਵੱਡਾ ਅਸਥਾਨ ਮਿਲਿਆ ਹੋਇਆ ਹੈ।

ਜੇ ਅੰਮ੍ਰਿਤਸਰ ਪ੍ਰਗਟ ਹੋਇਆ ਹੈ ਤਾਂ ਇੱਕ ਪਤੀਵਰਤਾ ਬੀਬੀ ਰਜਨੀ ਨੇ ਪ੍ਰਗਟ ਕੀਤਾ ਸੀ। ਹੋਰ ਵੀ ਵੱਡੀਆਂ ਮਿਸਾਲਾਂ ਗੁਰੂ ਘਰ 'ਚ ਆਉਂਦੀਆਂ ਨੇ। ਜਿਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਸੰਗਤਾਂ ਨੂੰ ਦਿਖਾਇਆ ਇਸ਼ਨਾਨ ਕਰਾਇਆ, ਪਿੱਪਲ ਦੇ ਥੱਲੇ। ਪਿੱਪਲ ਹਰਾ ਹੋ ਗਿਆ ਉਸੇ ਵੇਲੇ। ਇਸੇ ਤਰ੍ਹਾਂ ਇੱਕ ਵਾਰੀ ਜੂਨਾਂਗੜ੍ਹ ਦੇ ਵਿੱਚ। ਜੋਤਸ਼ੀਆਂ ਨੇ ਦੱਸਿਆ ਕਿ ਬਾਰ੍ਹਾਂ ਸਾਲ ਮੀਂਹ ਨਹੀਂ ਪੈਣਾ। ਪਾਣੀ ਇਕੱਠਾ ਕੀਤਾ ਜਾਵੇ, ਉਸ ਵੇਲੇ ਵੱਡਾ ਭਾਰਾ ਤਲਾਅ ਬਣਾਇਆ ਤੇ ਉਹਦੇ ਵਿੱਚ ਪਾਣੀ ਇਕੱਠਾ ਕਰ ਲਿਆ। ਲੇਕਿਨ ਇੱਕ ਸਾਲ ਤੋਂ ਬਾਅਦ ਕੀੜੇ ਪੈ ਗਏ ਉਸ ਪਾਣੀ 'ਚ। ਹੁਣ ਫਿਕਰ ਹੋਇਆ ਕਿ ਕੀ ਕੀਤਾ ਜਾਵੇ। ਬ੍ਰਾਹਮਣਾਂ

ਨੇ ਇਕੱਠੇ ਹੋ ਕੇ ਬੇਅੰਤ ਮੰਤਰ ਪੜ੍ਹੇ। ਕੋਈ ਮੰਤਰ ਸ਼ੁੱਧ ਨਾ ਕਰ ਸਕਿਆ ਜਲ ਨੂੰ। ਤਾਂ ਉਸ ਵੇਲੇ ਮਹਾਂਪੁਰਸ਼ਾਂ ਨੇ ਦੱਸਿਆ ਕਿ ਕੋਈ ਇਸ ਸ਼ਹਿਰ ਦੇ ਅੰਦਰ ਪਤੀਵਰਤਾ ਇਸਤ੍ਰੀ ਹੋਵੇ ਤੇ ਉਹਦੇ ਚਰਨਾਂ ਦਾ ਜਲ ਇਹਦੇ ਵਿੱਚ ਪਾਇਆ ਜਾਵੇ। ਤਾਂ ਇਹ ਪਵਿੱਤਰ ਹੋਏਗਾ, ਨਹੀਂ ਤਾਂ ਹੋ ਨਹੀਂ ਸਕਦਾ। ਜਿਵੇਂ ਭਿਲਣੀ ਦੇ ਚਰਨ ਧੋ ਕੇ ਜਦ ਜਲ ਪਾਇਆ ਪੰਪਾਸਰ 'ਚ, ਪੰਪਾਸਰ ਦਾ ਜਲ ਪਵਿੱਤਰ ਹੋ ਗਿਆ। ਰਾਜੇ ਨੇ ਹੁਕਮ ਕਰ ਦਿੱਤਾ ਕਿ ਮੇਰੇ ਰਾਜ ਦੇ ਅੰਦਰ ਪਤੀਵਰਤਾ ਇਸਤ੍ਰੀ ਟੋਲ੍ਹੋ ਕੋਈ। ਹੁਣ ਤਲਾਸ਼ ਕਰਦੇ ਨੇ ਲੱਭਦੀ ਨਹੀਂ ਕੋਈ ਵੀ ਤੇ ਅਖੀਰ ਇੱਕ ਬੀਬੀ ਦੇ ਪਾਸ ਗਏ, ਕਹਿੰਦੇ ਬੀਬੀ! ਤੇਰੀ ਅਸੀਂ ਬੜੀ ਮਹਿਮਾ ਸੁਣੀ ਹੈ ਤੇ ਤੂੰ ਕ੍ਰਿਪਾ ਕਰਕੇ ਆਪਣੇ ਚਰਨ ਧੋ ਤੇ ਉਹਦਾ ਹਲ ਅਸੀਂ ਪਾਈਏ। ਉਸ ਵੇਲੇ ਬੀਬੀ ਕਹਿਣ ਲੱਗੀ ਕਿ ਠੀਕ ਹੈ ਪਰ ਕੁਛ ਦਿਨ ਹੋਏ, ਮੇਰਾ ਧਰਮ ਹਾਰ ਗਿਆ। ਕਹਿਣ ਲੱਗੇ, ਧਰਮ ਕਿਵੇਂ ਹਾਰ ਗਿਆ?

ਕਹਿਣ ਲੱਗੀ ਕਿ ਮੈਂ ਪ੍ਰਣ ਕਰਿਆ ਹੋਇਆ ਸੀ ਪਤੀਵਰਤਾ ਧਰਮ ਨੂੰ ਨਿਭਾਉਣ ਦਾ ਪਰ ਲਾਲਚ ਵਸ ਹੋ ਗਈ ਮੈਂ। ਬੰਬਈ ਤੋਂ ਅੰਬ ਲੈ ਕੇ ਆਇਆ ਕੋਈ। ਕੁਰੁੱਤੇ ਅੰਬ ਸੀਗੇ ਤੇ ਮੇਰੇ ਪਤੀ ਦੁਕਾਨ 'ਤੇ ਜਾ ਚੁੱਕੇ ਸੀ। ਅੰਬ ਆਇਆ ਤਾਂ ਮੇਰੇ ਮਨ ਵਿੱਚ ਆਇਆ ਕਿ ਮੈਂ ਪਤੀ ਨੂੰ ਖਿਲਾਵਾਂ ਤੇ ਫੇਰ ਆਪ ਖਾਵਾਂ। ਕਿਉਂਕਿ ਮੈਂ ਪਿੱਛੋਂ ਖਾਂਦੀ ਸੀ। ਜਦੋਂ ਉਹਨੇ ਛਕ ਲੈਣਾ, ਉਸ ਤੋਂ ਬਾਅਦ ਮੈਂ ਛਕਦੀ ਸੀ। ਮੈਂ ਪਹਿਲਾਂ ਨਹੀਂ ਸੀ ਛਕਦੀ। ਤਾਂ ਉਸ ਦਿਨ ਮੈਂ ਉਹ ਅੰਬ ਚੀਰ ਕੇ ਖਾਣ ਲੱਗ ਗਈ। ਐਨੇ ਨੂੰ ਜਿਹੜਾ ਬੰਦਾ ਸੀ ਉਹ ਦੁਕਾਨ 'ਤੇ ਚਲਿਆ ਗਿਆ ਜਾ ਕੇ ਕਹਿਣ ਲੱਗਿਆ ਕਿ ਮੈਂ ਘਰ ਅੰਬ ਦੇ ਆਇਆ ਹਾਂ ਬਹੁਤ ਵਧੀਆ ਹੈ ਤੇ ਤੁਸੀਂ ਜਾਓ ਜਾ ਕੇ ਛਕ ਲਓ। ਕਹਿੰਦੀ, ਦੋ ਤਿੰਨ ਅੰਬ ਸੀ, ਮੈਂ ਖਾ ਗਈ ਸੀ। ਐਨੇ ਨੂੰ ਪਤੀ ਆ ਗਿਆ ਮੇਰਾ। ਉਹ ਕਹਿਣ ਲੱਗਿਆ ਕਿ ਕੀ ਖਾਂਦੀ ਸੀਂ, ਕਹਿੰਦੀ ਮੈਂ ਝੂਠ ਬੋਲ ਗਈ। ਝੂਠ ਬੋਲਣ ਨਾਲ ਉਸਨੇ ਮੈਨੂੰ ਕਿਹਾ ਕਿ ਜਾਹ, ਧਰਮ ਤੇਰਾ ਹਾਰ ਗਿਆ। ਅੰਬ ਦੇ ਲਈ ਤੂੰ ਮੇਰੇ ਤੋਂ ਚੋਰੀ ਕਰ ਲਈ?

ਉਹ ਕਹਿੰਦੇ, ਨਹੀਂ ਤੂੰ ਚਰਨ ਤਾਂ ਧੋ, ਐਨੀ ਗੱਲ 'ਚ ਤੇਰਾ ਧਰਮ ਕੀ ਹਾਰ ਗਿਆ। ਚਰਨ ਧੋ ਕੇ ਜਦ ਪਾਏ ਤਾਂ ਪਾਣੀ ਸਾਫ ਨਾ ਹੋਇਆ।

ਦੂਸਰੀ ਇੱਕ ਬੀਬੀ ਹੋਰ ਸੀ ਉਹਦੇ ਪਾਸ ਗਏ, ਉਹ ਕਹਿਣ ਲੱਗੀ ਕਿ ਠੀਕ ਹੈ ਮਹਾਂਪੁਰਸ਼ੋ! ਲੇਕਿਨ ਕੋਈ ਦੋ ਮਹੀਨੇ ਦਾ ਸਮਾਂ ਹੋ ਗਿਆ, ਮੇਰੇ ਅੰਦਰ ਐਉਂ ਲੱਗਿਆ ਹੈ ਕਿ ਮੇਰੀ ਸ਼ਕਤੀ ਹਟ ਗਈ। ਪਹਿਲਾਂ ਤਾਕਤ ਦਾ ਬਲ ਸੀ ਮੇਰੇ ਅੰਦਰ। ਕਹਿੰਦੇ ਉਹ ਕੀ ਗੱਲ ਹੋ ਗਈ? ਕਹਿਣ ਲੱਗੀ, ਇੱਕ ਮਹਾਤਮਾ ਆ ਗਏ ਤੇ ਮੇਰੇ ਪਤੀ ਮੈਨੂੰ ਕਹਿਣ ਲੱਗੇ ਕਿ ਤੂੰ ਪੈਸੇ ਲਿਆ। ਇਹ ਮਹਾਂਪੁਰਸ਼ਾਂ ਨੇ ਜਾਣਾ ਹੈ ਤੇ ਆਪਾਂ ਉਨ੍ਹਾਂ ਦੀ ਸੇਵਾ ਕਰੀਏ, ਉਸ ਵੇਲੇ ਮੈਂ ਉਨ੍ਹਾਂ ਨੂੰ ਦੁਰਬਚਨ ਕਹਿ ਦਿੱਤੇ ਕਿ ਤੂੰ ਤਾਂ ਲੁਟਾਈ ਜਾਂਦਾ ਹੈਂ ਘਰ। ਖਰਚ ਕਰੀ ਜਾਨਾਂ ਹੈਂ ਨਾ ਇਹਨੂੰ ਜਾਣੀਏ ਨਾ ਪਛਾਣੀਏ, ਕਹਿੰਦੀ ਐਸੇ ਦੁਰਬਚਨ ਕਹੇ ਕਿ ਮੈਨੂੰ ਉਸੇ ਵੇਲੇ ਮਹਿਸੂਸ ਹੋ ਗਿਆ ਕਿ ਮੇਰਾ ਤਪ ਹਾਰ ਗਿਆ। ਫੇਰ ਇੱਕ ਦੇ ਕੋਲ ਗਏ ਉਹ ਕਹਿਣ ਲੱਗੀ ਕਿ ਚਾਰ ਮਹੀਨੇ ਤੋਂ ਮੈਂ ਖਾਲੀ ਹੋ ਗਈ। ਪਹਿਲਾਂ ਤਾਂ ਠੀਕ ਸੀ। ਕਹਿਣ ਲੱਗੇ, ਤੇਰੇ ਤੋਂ ਬੀਬੀ ਕੀ ਗਲਤੀ ਹੋ ਗਈ? ਕਹਿਣ ਲੱਗੀ, ਮੇਰਾ ਜਿਹੜਾ ਪਤੀ ਹੈ, ਇਹ ਮਾਤਾ ਦਾ ਰੁਖ ਬਹੁਤ ਕਰਦਾ ਸੀ, ਇੱਕ ਦਿਨ ਮੈਨੂੰ ਕ੍ਰੋਧ ਆ ਗਿਆ। ਮੈਂ ਇਹਦੀ ਮਾਤਾ ਨਾਲ ਬਹੁਤ ਝਗੜਾ ਕਰ ਲਿਆ। ਝਗੜਾ ਕਰਨ ਦੇ ਨਾਲ ਓਦਣ ਮੈਨੂੰ ਮਹਿਸੂਸ ਹੋਇਆ ਕਿ ਮੇਰਾ ਸਤਿ ਹਾਰ ਗਿਆ। ਮੇਰਾ ਤਪ ਹਾਰ ਗਿਆ ਕਿਉਂਕਿ ਮੈਂ ਗਲਤ ਕੰਮ ਕਰਿਆ ਤੇ ਚੌਥੀ ਦੇ ਕੋਲ ਗਏ। ਕਹਿਣ ਲੱਗੀ, ਮੇਰਾ ਵੀ ਤਪ ਹਾਰ ਗਿਆ? ਪੁਛਿਆ, ਕਿਵੇਂ? ਕਹਿਣ ਲੱਗੀ, ਮੇਰਾ ਪੁੱਤਰ ਅੰਬ ਮੰਗਦਾ ਸੀ, ਮੇਰਾ ਪਤੀ ਜਿਹੜਾ ਸੀ ਉਹ ਪੈਸੇ ਨਹੀਂ ਸੀ ਦਿੰਦਾ। ਕਹਿੰਦੇ, ਅਖੀਰ ਸਾਡਾ ਝਗੜਾ ਹੋ ਗਿਆ। ਝਗੜਾ ਐਨਾ ਹੋ ਗਿਆ ਕਿ ਉਹ ਗਿਰ ਗਿਆ, ਗਿਰਨ ਦੇ ਨਾਲ ਮੈਨੂੰ ਓਦੋਂ ਹੀ ਮਹਿਸੂਸ ਹੋ ਗਿਆ ਕਿ ਮੇਰਾ ਤਪ ਹਾਰ ਗਿਆ। ਉਸ ਵੇਲੇ ਸਾਰੇ ਹੈਰਾਨ ਹੋ ਗਏ ਕਿ ਹੁਣ ਕਿੱਥੋਂ ਕਰੀਏ। ਕਿਸੇ ਨੇ ਦੱਸਿਆ ਕਿ ਇੱਥੇ ਇੱਕ ਭੰਗਣ ਹੈ। ਉਹ ਮਸ਼ਹੂਰ ਹੈ ਉਹਨੂੰ ਪਤੀਵਰਤਾ ਕਹਿੰਦੇ ਨੇ ਸਾਰੇ। ਇਹ ਰਾਜਾ ਤੇ ਸਾਰੇ ਅਮੀਰ ਵਜ਼ੀਰ ਉਹਦੇ ਘਰ ਚਲੇ ਗਏ। ਹਾਕਾਂ ਮਾਰਦੇ ਨੇ ਦਰਵਾਜ਼ਾ ਹੀ ਨਾ ਖੋਲ੍ਹਿਆ ਉਹਨੇ। ਉਹ ਕਹਿਣ ਲੱਗੇ, ਬੀਬੀ ਸਾਨੂੰ ਬੜਾ ਕੰਮ ਹੈ, ਜਲ ਗੰਦਾ ਹੋ ਗਿਆ ਹੈ ਤੇ ਉਹ ਸ਼ੁੱਧ ਨਹੀਂ ਹੁੰਦਾ ਜਿੰਨਾਂ ਚਿਰ ਅਸੀਂ ਚਰਨ ਧੋ ਕੇ ਨਹੀਂ ਪਾਉਂਦੇ। ਉਹ ਕਹਿਣ ਲੱਗੀ, ਨਾ ਮੇਰੇ ਨਾਲ ਨਾ ਕੋਈ ਗੱਲ ਕਰੋ। ਮੇਰੇ ਪਤੀ ਨਾਲ ਗੱਲ ਕਰੋ। ਐਨੇ ਨੂੰ ਉਹਨੂੰ ਲਿਆਏ ਟੋਲ੍ਹ ਕੇ ਰਾਜੇ ਨੇ ਗੱਲ ਕਹੀ ਕਿ ਆਹ ਗੱਲ ਹੈ ਤਾਂ ਉਹਦੇ ਮਨ ਵਿੱਚ ਥੋੜ੍ਹਾ ਜਿਹਾ ਗੁੱਸਾ ਆ ਗਿਆ ਕਹਿਣ ਲੱਗਿਆ ਮੇਰੀ ਘਰਵਾਲੀ ਨੇ ਦਿਖਾਵਾ ਕਰਨ ਵਾਸਤੇ ਇਹ ਬਾਤ ਕਰੀ ਹੈ। ਇਨ੍ਹਾਂ ਨੂੰ ਬਿਠਾਲ ਛੱਡਿਆ ਹੈ ਤਾਂ ਕਿ ਮੇਰੀ ਮਹਿਮਾ ਹੋਵੇ। ਅੰਦਰ ਆ ਕੇ ਉਸਨੇ ਕਿਹਾ ਕਿ ਚੰਗਾ ਜਾਹ ਫੇਰ ਤੂੰ। ਹੁਕਮ ਮੰਨ ਕੇ ਚਲੀ ਗਈ, ਚਰਨ ਧੋ ਕੇ ਪਾਏ ਜਲ ਸ਼ੁੱਧ ਹੋ ਗਿਆ। ਜੈਕਾਰੇ ਸ਼ੁਰੂ ਹੋ ਗਏ। ਕਹਿਣ ਲੱਗੇ, ਬੀਬੀ! ਅਸੀਂ ਤੇਰਾ ਬੜਾ ਧੰਨਵਾਦ ਕਰਦੇ ਹਾਂ, ਹੁਣ ਕੋਈ ਸੇਵਾ ਦੱਸ? ਕਹਿਣ ਲੱਗੀ ਸੇਵਾ ਤਾਂ ਇਹ ਹੈ ਕਿ ਲੱਕੜੀਆਂ ਲਿਆਓ। ਚਿਖਾ ਚਿਣ ਦਿਓ। ਕਹਿੰਦੇ, ਕਿਉਂ? ਕਹਿਣ ਲੱਗੀ, ਮੇਰੇ ਪਤੀ ਦੇ ਮਨ ਵਿੱਚ ਗੁੱਸਾ ਆ ਗਿਆ ਸੀ, ਤੁਸੀਂ ਬੈਠੇ ਸੀ ਉਥੇ ਗੰਦੀ-ਮੰਦੀ ਥਾਂ 'ਤੇ। ਉਹਨੇ ਕਿਹਾ ਕਿ ਸ਼ਾਇਦ ਮੈਂ ਬਿਠਾਇਆ ਹੈ ਤੁਹਾਨੂੰ, ਆਪਣੀ ਮਹਿਮਾ ਕਰਾਉਣ ਵਾਸਤੇ, ਉਹਦੇ ਮਨ ਵਿਚ ਗੁੱਸਾ ਹੋਣ ਕਰਕੇ, ਉਹਨੇ ਮੈਨੂੰ ਕਹਿ ਦਿੱਤਾ ਕਿ ਜਾਹ। ਮੈਨੂੰ ਐਉਂ ਨਹੀਂ ਕਿਹਾ ਕਿ ਕੰਮ ਕਰਕੇ ਵਾਪਸ ਆ ਜਾਈਂ। ਜਾਹ ਹੀ ਕਿਹਾ। ਹੁਣ ਮੈਂ ਉਹਦਾ ਹੁਕਮ ਨਹੀਂ ਮੋੜ ਸਕਦੀ। ਹੁਣ ਮੈਂ ਜਾਣਾ ਕਿੱਥੇ ਹੈ। ਇਸ ਕਰਕੇ ਚਿਖਾ ਤਿਆਰ ਕਰੋ, ਮੈਂ ਇੱਥੇ ਹੀ ਭਸਮ ਹੋ ਜਾਣਾ ਹੈ।

ਰਾਜਾ ਆਪ ਗਿਆ ਜਾ ਕੇ ਉਸਨੂੰ ਕਿਹਾ ਕਿ ਪ੍ਰੇਮੀਆਂ! ਉਹ ਤਾਂ ਆਹ ਗੱਲ ਬਣ ਗਈ। ਤੂੰ ਗੁੱਸੇ ਹੋ ਗਿਆ। ਕਹਿੰਦਾ, ਹਾਂ ਮੇਰੇ ਮਨ 'ਚ ਗੁੱਸਾ ਆ ਗਿਆ ਸੀ। ਕਹਿੰਦੇ, ਨਾ ਜਾ ਉਹਨੂੰ ਲੈ ਕੇ ਆ।

ਸੋ ਇਸੇ ਤਰ੍ਹਾਂ ਬਾਬਾ ਫਰੀਦ ਬਾਰ੍ਹਾਂ ਸਾਲ ਤਪ ਕਰਕੇ

ਆਉਂਦਾ ਹੈ। ਰਸਤੇ ਦੇ ਅੰਦਰ ਖਿਆਲ ਆਇਆ ਕਿ ਮੇਰੇ ਅੰਦਰ ਸ਼ਕਤੀ ਵੀ ਆ ਗਈ ਕਿ ਨਹੀਂ? ਦੇਖਾਂ ਤਾਂ ਸਹੀ। ਚਿੜੀਆਂ ਰੌਲਾ ਪਾ ਰਹੀਆਂ ਨੇ ਦਰਖਤ ਦੇ ਥੱਲੇ ਬੈਠਾ ਹੈ। ਕਹਿੰਦਾ ਚਿੜੀਓ ਮਰ ਜਾਓ। ਕਿਉਂ ਰੌਲਾ ਪਾਇਆ ਹੈ। ਸਾਰੇ ਜਿੰਨੇ ਪੰਛੀ ਬੈਠੇ ਸੀ, ਤੜੱਕ-ਤੜੱਕ ਕਰਕੇ ਥੱਲੇ ਆ ਗਏ। ਖਿਆਲ ਆਇਆ ਮਨਾਂ ਇਨ੍ਹਾਂ ਨੇ ਕੀ ਕਸੂਰ ਕਰਿਆ ਹੈ? ਇਹ ਤਾਂ ਪੰਛੀ ਨੇ ਆਪਣਾ ਸਹਿਜਸੁਭਾਅ ਬੋਲਦੇ ਸੀ, ਉਸੇ ਵੇਲੇ ਕਿਹਾ ਕਿ ਚੰਗਾ ਉਡ ਜਾਓ ਸਾਰੇ। ਸਭ ਉਡ ਗਏ। ਅੱਗੇ ਜੰਗਲ ਤੋਂ ਬਾਹਰ ਆ ਜਾਂਦਾ ਹੈ, ਖੂਹ ਦੇ ਉਤੇ ਇੱਕ ਬਾਈ ਕੁ ਸਾਲ ਦੀ ਬੀਬੀ ਪਾਣੀ ਭਰਦੀ ਹੈ, ਡੋਲ੍ਹੀ ਜਾਂਦੀ ਹੈ-ਭਰਦੀ ਹੈ ਤੇ ਡੋਲ੍ਹੀ ਜਾਂਦੀ ਹੈ। ਇਹਨੇ ਕਿਹਾ ਬੀਬਾ! ਮੈਨੂੰ ਜਲ ਪਿਲਾਓ, ਦਰਵੇਸ਼ ਨੂੰ ਪਿਆਸ ਲੱਗੀ ਹੈ। ਉਹ ਕਹਿੰਦੀ, ਬਾਬਾ! ਉਥੇ ਬਹਿ ਜਾਹ। ਹੋਰ ਕੋਈ ਬੰਦਾ ਆਇਆ ਉਹਨੂੰ ਪਾਣੀ ਪਿਲਾ ਦਿਤਾ, ਹੋਰ ਆਇਆ ਉਹਨੂੰ ਪਿਲਾ ਦਿੱਤਾ। ਇਹਨੇ ਜਦ ਫੇਰ ਮੰਗਿਆ ਫੇਰ ਨਾ ਦਿੱਤਾ। ਕਹਿਣ ਲੱਗੀ, ਬਹਿ ਜਾਹ। ਬੈਠ ਗਿਆ ਕਿ ਪਾਣੀ ਪੀ ਕੇ ਜਾਵਾਂਗਾ। ਮੈਨੂੰ ਕਿਉਂ ਨਹੀਂ ਪਾਣੀ ਪਿਲਾਉਂਦੀ, ਮੈਂ ਦਰਵੇਸ਼ ਹਾਂ ਇਹ ਸਾਧਾਰਣ ਬੰਦੇ ਆ ਕੇ ਪਾਣੀ ਪੀ ਲੈਂਦੇ ਨੇ।

ਉਸ ਵੇਲੇ ਜਦੋਂ ਕੰਮ ਕਰ ਹਟੀ, ਕਹਿਣ ਲੱਗੀ, ਆਓ ਸਾਂਈ! ਹੁਣ ਪਾਣੀ ਪੀਓ। ਕਹਿੰਦਾ, ਬੀਬਾ! ਮੈਂ ਪਾਣੀ ਨਹੀਂ ਹੁਣ ਪੀਣਾ, ਹੁਣ ਪਹਿਲਾਂ ਮੈਨੂੰ ਇਹ ਦੱਸ ਕਿ ਮੈਨੂੰ ਪਹਿਲਾਂ ਪਾਣੀ ਕਿਉਂ ਨਹੀਂ ਪਿਲਾਇਆ? ਕਹਿਣ ਲੱਗੀ, "ਬਾਬਾ! ਇਹ ਚਿੜੀਆਂ ਨਹੀਂ ਸੀ ਕਿ ਮਾਰ ਦਏਂਗਾ ਤੇ ਜੀਉਂਦੀਆਂ ਕਰ ਦਏਂਗਾ।" ਤੂੰ ਨੇਤਰਾਂ ਵਾਲਾ ਬੰਦਾ ਹੈਂ। ਕਹਿੰਦਾ ਤੈਨੂੰ ਕਿਵੇਂ ਪਤਾ ਲੱਗ ਗਿਆ ਕਿ ਮੈਂ ਚਿੜੀਆਂ ਮਾਰੀਆਂ ਨੇ ਤੇ ਜੀਉਂਦੀਆਂ ਕਰੀਆਂ ਨੇ ਤੇ ਹੁਣ ਤੂੰ ਕਿਉਂ ਪਾਣੀ ਡੋਲ੍ਹਦੀ ਹੈਂ। ਕਹਿਣ ਲੱਗੀ, ਅਸੀਂ ਤੀਵੀਆਂ ਹਾਂ ਸਾਡੀ ਭਗਤੀ ਪਤੀ ਭਗਤੀ ਹੋਇਆ ਕਰਦੀ ਹੈ ਤੇ ਮੇਰਾ ਪਤੀ ਸਤਿਆ ਵਾਲਾ, ਬੰਦਗੀ ਵਾਲਾ ਹੈ ਮੈਂ ਭਗਤੀ ਕੀਤੀ ਹੈ ਉਸਦੀ। ਭਗਤੀ ਦਾ ਫਲ ਮੈਨੂੰ ਇਹ ਹੋਇਆ ਕਿ ਮੇਰੀ ਦ੍ਰਿਸ਼ਟੀ ਖੁੱਲ੍ਹ ਗਈ ਤੇ ਮੈਨੂੰ ਦੂਰ ਤੱਕ ਨਜ਼ਰ ਆਉਂਦਾ ਹੈ। ਤੇਰੀਆਂ ਚਿੜੀਆਂ ਵੀ ਨਜ਼ਰ ਆਈਆਂ ਸੀ ਤੇ ਦੂਰ ਮੇਰੀ ਭੈਣ ਦਾ ਪਿੰਡ ਹੈ ਉਹ ਬਾਹਰ ਗਈ ਹੋਈ ਹੈ, ਅਚਾਨਕ ਅੱਗ ਲੱਗ ਗਈ ਉਸ ਦੇ ਘਰ ਨੂੰ, ਤੇ ਮੈਂ ਅੱਗ ਬੁਝਾਉਂਦੀ ਸੀ, ਦੇਖਣ ਚਲਿਆ ਗਿਆ, ਪਿਆਸ ਬੁੱਝ ਗਈ। ਦੇਖਿਆ ਸੱਚ ਹੈ ਮੁੜ ਕੇ ਆ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਇਹ ਬੀਬੀ ਰੋਜ਼ ਆਉਂਦੀ ਹੈ ਤੇ ਮਹਾਰਾਜ ਨੂੰ ਕਹਿਣ ਲੱਗੀ ਕਿ ਪਾਤਸ਼ਾਹ! ਮੇਰਾ ਜੋ ਪਤੀ ਹੈ ਉਹ ਹਰ ਵਕਤ ਆਪ ਦੇ ਚਰਨਾਂ ਵਿੱਚ ਲੀਨ ਰਹਿੰਦਾ ਹੈ। ਜਿਹੜਾ ਪਰਮੇਸ਼ਰ ਦੇ ਵਿੱਚ ਲੀਨ ਰਹੇ ਕਹਿੰਦੀ ਉਹਦੇ ਵਿੱਚ ਤੇ ਪ੍ਰਮੇਸ਼ਰ ਦੇ ਵਿੱਚ ਤੇ ਗੁਰੂ ਵਿੱਚ ਕੋਈ ਭੇਤ ਨਹੀਂ ਹੋਇਆ ਕਰਦਾ। ਸੋ ਮੈਂ ਆਪ ਦਾ ਸਰੂਪ ਕਰਕੇ ਉਸਨੂੰ ਮੰਨਦੀ ਹਾਂ ਕਿਉਂਕਿ ਮਹਾਰਾਜ ਦਾ ਐਸਾ ਫੁਰਮਾਨ ਹੈ -

***ਧਾਰਨਾ - ਸਾਂਈ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ - ੨, ੨.***

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭***

ਸੋ ਪਾਤਸ਼ਾਹ ਇਸ ਹੁਕਮ ਦੇ ਮੁਤਾਬਿਕ ਮੇਰਾ ਜੋ ਪਤੀ ਹੈ ਹਰ ਵਕਤ ਬੰਦਗੀ 'ਚ ਲੀਨ ਰਹਿੰਦਾ ਹੈ ਤੇ ਮੈਂ ਉਹਨੂੰ ਪ੍ਰਮੇਸ਼ਰ ਸਰੂਪ ਜਾਣ ਕੇ ਮੰਨਦੀ ਹਾਂ ਤੇ ਆਪ ਦੀ ਸੇਵਾ ਕਰਨ ਵਾਸਤੇ ਮੈਂ ਆਪ ਦੀ ਆਗਿਆ ਲੈ ਕੇ ਆਉਂਦੀ ਹਾਂ। ਸੋ ਇਸ ਕਰਕੇ ਇਹ ਸਾਰੀ ਜੋ ਸ਼ਕਤੀ ਹੈ ਆਪ ਦੀ ਬਦੌਲਤ ਪ੍ਰਾਪਤ ਹੋਈ ਹੈ।

ਉਸ ਵੇਲੇ ਸਾਰੀਆਂ ਸੰਗਤਾਂ ਨੂੰ ਮਹਾਰਾਜ ਜੀ ਨੇ ਦੱਸਿਆ ਕਿ ਦੇਖੋ, ਪਤੀਬਰਤਾ ਧਰਮ ਦੇ ਵਿੱਚ ਕਿੰਨੀ ਸ਼ਕਤੀ ਹੈ। ਬੀਬੀਆਂ ਨੂੰ ਕਹਿੰਦੇ ਨੇ ਕਿ ਇਹ ਲੰਘ ਨਹੀਂ ਸਕਦੀਆਂ। ਕਹਿੰਦੇ, ਵੱਡੀਆਂ-ਵੱਡੀਆਂ ਪਦਵੀਆਂ ਬੀਬੀਆਂ ਨੇ ਪ੍ਰਾਪਤ ਕੀਤੀਆਂ ਨੇ ਭਾਰਤਵਰਸ਼ ਦੀ ਜੋ ਸੰਸਕ੍ਰਿਤੀ ਹੈ ਇਹਦੇ ਅੰਦਰ।

ਸੋ ਸੇਵਾ ਦਾ ਮੈਂ ਜ਼ਿਕਰ ਕਰ ਰਿਹਾ ਸੀ ਕਿ ਭਾਗ ਹੋਣ ਤਾਂ ਸੇਵਾ ਮਿਲਦੀ ਹੈ। ਸੇਵਾ ਕਰਨ ਦੇ ਨਾਲ ਵੱਡੀ ਤੋਂ ਵੱਡੀ ਪਦਵੀ ਪ੍ਰਾਪਤ ਹੁੰਦੀ ਹੈ। ਇੱਕ ਗੁਰਸਿੱਖ ਦਾ ਜ਼ਿਕਰ ਆਉਂਦਾ ਹੈ ਇਤਿਹਾਸ ਦੇ ਅੰਦਰ ਫਫੜਿਆਂ ਦੇ ਰਹਿਣ ਵਾਲਾ ਸੀ। ਮਾਨਸਾ ਦੇ ਕੋਲ ਪਿੰਡ ਹੈ ਉਹ ਤੇ ਉਥੇ ਦਾ ਮੁਖੀ ਸੀਗਾ, ਸਰਵਰੀਆ ਸੀ। ਖੇਡ ਪਾਇਆ ਕਰਦਾ ਸੀ। ਚਮੜੇ ਦੀ ਕੋਟੀ ਪਾ ਕੇ ਪਿੱਠ ਦੇ ਉਤੇ ਜ਼ੋਰ-ਜ਼ੋਰ ਦੀ ਮਾਰਦੇ ਨੇ ਲੋਹੇ ਦੀਆਂ ਛਟੀਆਂ, ਫੇਰ ਪੁੱਛਿਆ ਦਿੰਦੇ ਨੇ ਤੇ ਇਹਨੇ ਬੜਾ ਸਾਰੇ ਮਾਲਵੇ ਨੂੰ ਕਾਬੂ ਕੀਤਾ ਹੋਇਆ ਸੀ। ਲੇਕਿਨ ਸੀ ਕੁਛ ਈਮਾਨਦਾਰ ਬੰਦਾ। ਚਾਹੁੰਦਾ ਸੀ ਕਿ ਕੋਈ ਰਸਤਾ ਲੱਭੇ ਕੋਈ ਸ਼ਾਂਤੀ ਪ੍ਰਾਪਤ ਹੋਵੇ, ਹਰ ਸਾਲ ਚੌਂਕੀਆਂ ਭਰਦਾ-ਭਰਦਾ ਕਿਤੇ ਇੱਕ-ਇੱਕ ਦਿਨ ਰਹਿ ਕੇ ਤੁਰਦਾ ਜਾਂਦਾ ਸੀ, ਖੇਡਾਂ ਪਾਉਂਦੇ ਸੀ ਲੋਕ, ਉਨ੍ਹਾਂ ਦਿਨਾਂ 'ਚ ਵੱਡਾ ਭਾਰਾ ਇਕੱਠ ਹੋਇਆ ਕਰਦਾ ਸੀ, ਤੇ ਸੰਗ ਲੈ ਕੇ ਉਥੇ ਪਹੁੰਚਿਆ ਕਰਦਾ ਸੀ। ਹਰ ਸਾਲ ਦਾ ਹੀ ਇਹਦਾ ਨੇਮ ਸੀ, ਮੈਂ ਵੀ ਦੇਖਿਆ ਹੈ ਜਦ ਛੋਟਾ ਸੀ। ਕਹਿੰਦੇ, ਜੀ ਆਹ ਸੰਗ ਜਾ ਰਿਹਾ ਹੈ ਜੀ। ਰਾਤ ਨੂੰ, ਉਨ੍ਹਾਂ ਨੇ ਲੋਹੇ ਲੈ ਕੇ ਆਪਣੀ ਪਿੱਠ ਉਪਰ ਬਹੁਤ ਜ਼ੋਰ-ਜ਼ੋਰ ਦੀ ਮਾਰਨਾ। ਕਹਿਣਾ ਜੀ, ਸੱਟ ਨਹੀਂ ਲਗਦੀ ਆਹੀ ਉਨ੍ਹਾਂ ਦੀ ਕਰਾਮਾਤ ਗਿਣਦੇ ਸੀ ਤੇ ਉਹ ਸਰਵਰ ਦੀ ਕਬਰ ਨੂੰ ਲੈ ਕੇ ਲੋਕਾਂ ਨਾਲ ਜਾਇਆ ਕਰਦੇ ਸੀ, ਆਹ ਥੋੜ੍ਹੇ ਚਿਰਾ ਦੀ ਹੀ ਗੱਲ ਹੈ। ਹੁਣੇ ਹਟੇ ਨੇ, ਅਜੇ ਵੀ ਬਹੁਤ ਮੰਨਦੇ ਨੇ ਕਬਰਾਂ ਨੂੰ ਬਹੁਤ ਮੱਥੇ ਟੇਕਦੇ ਹਾਂ ਅਸੀਂ। ਕਿਤੇ ਹੋਵੇ ਉਥੇ ਨੱਠ ਕੇ ਜਾ ਕੇ ਮੱਥਾ ਪਹਿਲਾਂ ਟੇਕਾਂਗੇ। ਮਹਾਰਾਜ ਨੇ ਸਾਨੂੰ ਮਨ੍ਹਾ ਕੀਤਾ ਹੈ ਸੋ ਉਹ ਜਿਸ ਵਕਤ ਜਾਂਦਾ ਹੈ, ਜਾਂਦੇ-ਜਾਂਦੇ ਤਾਂ ਉਹ ਦਰਬਾਰ ਸਾਹਿਬ ਚਲਿਆ ਗਿਆ। ਜਿਵੇਂ ਭਾਈ ਮੰਝ ਚਲਿਆ ਗਿਆ ਸੀ। ਉਥੇ ਗਿਆ ਤਾਂ ਗੁਰੂ ਮਹਾਰਾਜ ਦੇ ਬਚਨ ਹੋ ਰਹੇ ਸੀ, ਇਹ ਵੀ ਚਲਿਆ ਗਿਆ, ਲੰਗਰ ਵਿੱਚ ਪ੍ਰਸ਼ਾਦਾ ਵਰਤ ਰਿਹਾ ਸੀ, ਕਿਸਮਤ ਚੰਗੀ ਸੀ, ਜਾ ਕੇ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦੇ ਦਰ 'ਤੇ ਦੀਵਾਨ ਦੇ ਅੰਦਰ ਹਾਜ਼ਰ ਹੋ ਗਿਆ ਤਾਂ ਉਸ ਵੇਲੇ ਮਹਾਰਾਜ ਜੀ ਐਸੇ ਬਚਨ ਕਰ ਰਹੇ ਸੀ ਕਿ ਪ੍ਰੇਮੀਓ! ਮਾਨਸ ਦੇਹ ਬਹੁਤ ਮੁਸ਼ਕਲ ਦੇ ਨਾਲ ਪ੍ਰਾਪਤ ਹੋਈ ਹੈ। ਤੁਸੀਂ ਕਦ ਤੋਂ ਤੁਰੇ ਫਿਰਦੇ ਓਂ, ਕਦੇ ਸੋਚਿਆ ਹੈ

ਕਿੰਨੀ ਦੇਰ ਹੋ ਗਈ ਤੁਹਾਨੂੰ ਫਿਰਦਿਆਂ ਨੂੰ? ਬੇਅੰਤ ਯੁੱਗ ਬੀਤ ਗਏ ਜਦੋਂ ਸੰਸਾਰ ਦੀ ਉਤਪਤੀ ਹੋਈ ਹੈ, ਅਕਾਲਪੁਰਖ ਨੇ ਕਰੀ ਹੈ, ਉਸ ਵੇਲੇ ਤੋਂ ਸਾਡਾ ਵਜੂਦ ਕਾਇਮ ਹੋਇਆ ਹੈ। ਅਨੇਕਾਂ ਜੂਨਾਂ ਦੇ ਅੰਦਰ ਘੁੰਮਦੇ-ਘੁੰਮਦੇ ਸਾਨੂੰ ਇਹ ਦੇਹ ਪ੍ਰਾਪਤ ਹੋਈ ਹੈ ਇਹ ਕੋਈ ਐਵੇਂ ਨਹੀਂ ਹੋਈ ਇਸ ਤਰ੍ਹਾਂ ਨਾਲ ਫੁਰਮਾਨ ਹੈ ਬਾਣੀ ਦੇ ਅੰਦਰ -

***ਧਾਰਨਾ - ਬਹੁਤੇ ਜੁਗ ਫਿਰਦੇ-ਫਿਰਦੇ ਨੂੰ,***
***ਤੈਨੂੰ ਮਾਨਸ ਦੇਹੀ ਮਿਲ ਗਈ।***
***ਫਿਰਤ ਫਿਰਤ ਬਹੁਤੇ ਜੁਗ ਹਾਰਿਓ ..........॥***

***ਅੰਗ - ੬੩੧***

ਜੇ ਚਾਰ ਜੁਗ ਮਹਾਰਾਜ ਕਹਿੰਦੇ ਤਾਂ 43 ਲੱਖ ਵੀਹ ਹਜ਼ਾਰ ਸਾਲ ਹੋਣੇ ਸੀ, ਜੇ ਦਸ ਯੁੱਗ ਕਹਿ ਦਿੰਦੇ ਤਾਂ 4 ਕਰੋੜ 32 ਲੱਖ ਸਾਲ ਹੋਣੇ ਸੀ। ਮਹਾਰਾਜ ਕਹਿੰਦੇ ਇਹ ਤਾਂ ਗਿਣਤੀ ਮਿਣਤੀ ਤੋਂ ਬਾਹਰਲੀਆਂ ਗੱਲਾਂ ਨੇ। 'ਫਿਰਤ ਫਿਰਤ ਬਹੁਤੇ ਜੁਗ ਹਾਰਿਓ ..........॥' ਫੇਰ ਤਾਂ ਸਾਨੂੰ ਫਿਕਰ ਕਰਨਾ ਚਾਹੀਦਾ ਹੈ ਸਾਧਸੰਗਤ ਜੀ। ਐਸਾ ਬਚਨ ਮਹਾਰਾਜ ਜੀ ਦਾ ਹੈ ਇਹਨੂੰ ਧਿਆਨ ਦੇਵੋ ਥੋੜ੍ਹਾ ਜਿਹਾ ਕਿ ਹੈਂ ਐਨਾ ਚਿਰ ਹੋ ਗਿਆ। ਕਿੰਨੀ ਤਕਲੀਫ ਕੱਟਦੇ ਹਾਂ, ਹਰ ਵਾਰੀ ਪੁੱਠੇ ਲਟਕਣਾ ਪੈਂਦਾ ਹੈ ਜਾ ਕੇ। ਜਦੋਂ ਆਹ ਸਰੀਰ ਛੱਡ ਦੇਵਾਂਗੇ, ਅੱਗੇ ਫੇਰ ਮਿਲਣਾ ਹੈ ਕਿਉਂਕਿ ਅਸੀਂ ਪੂਰੇ ਤਾਂ ਹੋਏ ਨਹੀਂ, ਅਧੂਰੇ ਚਲਦੇ ਹਾਂ। ਮੁੜ ਕੇ ਫੇਰ ਪੁੱਠੇ ਲਟਕੋ, ਫੇਰ ਕੁੰਭੀ ਨਰਕ ਵਿੱਚ ਰਹੋ, ਫੇਰ ਓਹੀ ਬੱਚੇ, ਫੇਰ ਓਹੀ ਗਾਲ੍ਹਾਂ ਖਾਓ, ਫੇਰ ਸਕੂਲਾਂ 'ਚ ਜਾਓ, ਫੇਰ ਮਾਸਟਰਾਂ ਦੀਆਂ ਝਿੜਕਾਂ ਖਾਓ, ਫੇਰ ਕੰਮ ਕਰੋ, ਰੋਟੀ ਦਾ ਪ੍ਰਬੰਧ ਕਰੋ, ਓਹੀ ਕੰਮ ਕਰਦੇ-ਕਰਦੇ, ਮੁੜ-ਮੁੜ ਕੇ ਅਸੀਂ ਫੇਰ ਉਸੇ ਚੱਕਰ 'ਚ ਪਈ ਜਾਂਦੇ ਹਾਂ। ਗੁਰੂ ਦੀ ਬਾਤ ਨਹੀਂ ਸੁਣਨ ਨੂੰ ਤਿਆਰ। ਮਹਾਰਾਜ ਕਹਿੰਦੇ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ - ੬੩੧***

ਪਹਿਲਾਂ ਨਹੀਂ ਸੀ ਮਨੁੱਖ ਮਹਾਰਾਜ ਅਸੀਂ? ਮਹਾਰਾਜ ਕਹਿੰਦੇ ਨਾ। ਸਦਾ ਤੋਂ ਤੂੰ ਮਨੁੱਖ ਬਣਦਾ ਨਹੀਂ ਆਇਆ -

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥*** ***ਅੰਗ - ੧੭੬***

ਬਹੁਤ ਕੁਛ ਬਣਦਾ ਆਇਆ ਹੈਂ ਤੂੰ। ਨਾਗ ਵੀ ਬਣਿਆ ਹੈਂ, ਪੰਛੀ ਵੀ ਬਣਿਆ ਹੈਂ -

***ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,***
***ਕੇਤੇ ਪੰਖ ਉਡਾਏ ਨੇ।***
***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***

***ਅੰਗ - ੧੫੬***

ਮੁੱਢ ਤੋਂ ਹੀ ਐਸਾ ਨਹੀਂ ਹੈ ਪ੍ਰੇਮੀਆਂ। ਕਿਤੇ ਨਾਗਾਂ ਦੀ ਕੁਲ 'ਚ ਆਉਂਦਾ ਹੈ, ਕਿੰਨੀਆਂ ਕੁਲਾਂ ਨੇ, 360 ਗਿਣਦੇ ਨੇ। ਕਿਸੇ ਥਾਂ ਦੇ ਉਤੇ ਪੰਛੀ ਬਣਦਾ ਹੈ, ਕਿਤੇ ਦਰਖਤ ਬਣਦਾ ਰਿਹਾ ਹੈਂ। ਚਾਰ ਖਾਣੀਆਂ ਨੇ, ਚਾਰਾਂ ਦੇ ਵਿਚੀਂ ਲੰਘਿਆ ਹੈ - ਅੰਡਜ, ਜੇਰਜ, ਸੇਤਜ, ਉਤਭੁਜ। ਚਾਰਾਂ ਦੇ ਵਿਚੀਂ ਹੋ ਕੇ ਬੜੀ ਮੁਸ਼ਕਲ ਦੇ ਨਾਲ ਮਨੁੱਖਾਂ ਦੇਹੀ ਪ੍ਰਾਪਤ ਹੋਈ ਹੈ। ਬਹੁਤ ਵਿਸਥਾਰ ਦੇ ਨਾਲ ਮਹਾਰਾਜ ਜੀ ਨੇ ਸਮਝਾਉਣਾ ਕੀਤਾ। ਇਹ ਪ੍ਰੇਮੀ ਨੇ ਪਹਿਲੀ ਵਾਰੀ ਸੁਣਿਆ। ਮਾਲਵੇ ਦੇ ਰਹਿਣ ਵਾਲਾ ਸੀ, ਕਿਸੇ ਸੰਗਤ ਦਾ ਇਸਨੂੰ ਗਿਆਨ ਨਹੀਂ ਸੀ। ਕਿਉਂਕਿ ਆਪ ਹੀ ਪੀਰ ਬਣਿਆ ਹੋਇਆ ਸੀ। ਖੇਡ ਪਾਉਂਦਾ ਸੀ, ਪੁੱਛਿਆ ਦਿੰਦਾ ਸੀ, ਸੰਸਕਾਰ ਹੀ ਨਹੀਂ ਸੀ, ਅੱਜ ਪਹਿਲੇ ਦਿਨ ਕੋਈ ਸੰਸਕਾਰ ਬਣ ਗਏ, ਕੋਈ ਪਿਛਲੇ ਜਨਮ ਦਾ ਕੋਈ ਪੁੰਨ ਕਰਮ ਜਾਗ ਪਿਆ। ਮਹਾਰਾਜ ਜੀ ਇਸਨੂੰ ਜਾਣਦੇ ਸੀ। ਇਹ ਨਹੀਂ ਸੀ ਜਾਣਦਾ ਕਿ ਮੈਨੂੰ ਇਹ ਜਾਣਦੇ ਨੇ।

ਐਸੀ ਵੀ ਇੱਕ ਸਾਖੀ ਆਉਂਦੀ ਹੈ ਕਿ ਮਹਾਰਾਜ ਨੇ ਤਿੰਨ ਵਾਰੀ ਬੁਲਾਇਆ ਇਸਨੂੰ ਕਿ ਉਹਨੂੰ ਲਿਆਓ ਬੁਲਾ ਕੇ। ਉਹ ਕਹਿੰਦਾ ਕਿ ਮੈਂ ਤਾਂ ਜਾਣਦਾ ਹੀ ਨਹੀਂ ਹਾਂ ਸਿੱਖਾਂ ਦੇ ਗੁਰੂ ਨੂੰ। ਤੀਸਰੀ ਵਾਰੀ ਜਦੋਂ ਗਏ ਕਹਿੰਦਾ ਲੈ ਬਈ ਫੇਰ ਆਹ ਗੱਲ ਹੈ। ਫੇਰ ਮੈਂ ਸਤਿਲੁਜ ਤੱਕ ਤਾਂ ਹੈਗਾ ਪੀਰ ਦਾ। ਦਰਿਆ ਦੇ ਵਿਚਾਲੇ ਜਾ ਕੇ ਕਹਾਂਗਾ ਕਿ ਜੇ ਤਾਂ ਪੀਰ ਜੀ ਤੇਰਾ ਹਾਂ ਤਾਂ, ਤਾਂ ਮੈਂ ਹੁਣ ਲੱਗਿਆਂ ਗੁਰੂ ਦਾ ਬਣਨ ਤੇ ਆਹ ਸੁੱਟਣ ਲੱਗਿਆਂ, ਤਾਂ ਤੂੰ ਦਿਖਾ ਦੇ ਮੈਨੂੰ ਕੋਈ ਕ੍ਰਿਸ਼ਮਾ, ਜੇ ਮੈਂ ਪਾਰ ਲੰਘ ਗਿਆ ਫੇਰ ਮੈਂ ਗੁਰੂ ਦਾ ਹੋ ਜਾਣਾ ਹੈ। ਅੱਧ ਦਰਿਆ ਦੇ ਵਿੱਚ ਆ ਕੇ ਇਸਨੇ ਸਭ ਕੁਛ ਸੁੱਟ ਦਿੱਤਾ। ਪੀਰ ਨੇ ਕੁਛ ਨਾ ਕਰਿਆ ਤੇ ਗੁਰੂ ਦਾ ਬਣ ਕੇ ਮਨ ਮੰਨ ਗਿਆ।

ਸੋ ਇਹ ਸੰਗਤ ਦੇ ਵਿੱਚ ਬੈਠਾ ਹੈ ਤੇ ਮਹਾਰਾਜ ਐਸੇ ਉਪਦੇਸ਼ ਕਰ ਰਹੇ ਨੇ।

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ - ੬੩੧***

ਤੇਰੀ ਵਾਰੀ ਆ ਗਈ ਪ੍ਰੇਮੀਆਂ! ਸਾਡੀ ਵੀ ਵਾਰੀ ਆ ਗਈ। ਆਪਾਂ ਵੀ ਹੁਣ ਗੁਰੂ ਦੀ ਹਜ਼ੂਰੀ 'ਚ ਬੈਠੇ ਹਾਂ ਤੇ ਮਹਾਰਾਜ ਕਹਿੰਦੇ ਹੁਣ ਕਿਉਂ ਨਹੀਂ ਸਿਮਰਦਾ? ਕਿਉਂ ਨਹੀਂ ਹੁਣ ਤੂੰ ਇਸ ਦਾ ਫਾਇਦਾ ਉਠਾਉਂਦਾ ਤੇ ਚੌਰਾਸੀ ਦੇ ਚੱਕਰ ਜ਼ਰੂਰ ਖਾਣੇ ਨੇ ਤੂੰ? ਚੌਰਾਸੀ ਦੇ ਜਿਹੜੇ ਚੱਕਰ ਨੇ ਇਹ ਜਿੰਨੀ ਦੇਰ ਤੱਕ ਪੂਰੇ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਨਹੀਂ ਆਉਂਦਾ, ਗੁਰੂ ਦੀ ਸੰਗਤ ਵਿੱਚ ਆ ਕੇ ਤਰੀਕੇ ਦੇ ਨਾਲ ਪਹਿਲਾਂ ਸੁਣਨਾਂ ਫੇਰ ਮੰਨਣਾ, ਫੇਰ ਨਿਧਿਆਸਣ ਕਰਨਾ, ਫੇਰ ਪ੍ਰਾਪਤੀ ਕਰਨੀ, ਇਹ ਚਾਰ ਦਰਜੇ ਹੁੰਦੇ ਨੇ ਸੰਗਤ 'ਚ ਆਉਣ ਦੇ -

***ਸੁਣਿਆ ਮੰਨਿਆ ਮਨਿ ਕੀਤਾ ਭਾਉ ॥*** ***ਅੰਗ - ੪***

ਪਹਿਲਾਂ ਸੁਣਨਾ ਹੈ ਤੇ ਫੇਰ ਮਨਾਉਣਾ ਹੈ ਆਪਣੇ ਮਨ ਨੂੰ। ਸਾਡੇ 'ਚ ਨੁਕਸ ਇਹ ਹੈ ਕਿ ਅਸੀਂ ਸੁਣ ਤਾਂ ਲੈਂਦੇ ਹਾਂ, ਲੇਕਿਨ 90% ਮਨ ਸਾਡਾ ਬਾਹਰ ਹੁੰਦਾ ਹੈ, 10% ਸੰਗਤ 'ਚ ਲੈ ਕੇ ਆਉਂਦੇ ਹਾਂ। ਮੰਨਦਾ ਨਹੀਂ ਹੈ ਪੂਰੀ ਤਰ੍ਹਾਂ, ਮੰਨਣ ਵਾਲੀ ਅਵਸਥਾ

'ਚ ਅਸੀਂ ਪੂਰੀ ਤਰ੍ਹਾਂ ਪਹੁੰਚਦੇ ਨਹੀਂ। ਸੁਣਦੇ ਤਾਂ ਹੈਗੇ, ਉਹ ਵੀ ਥੋੜ੍ਹਾ ਜਿਹਾ ਸੁਣਦੇ ਹਾਂ, ਜੇ ਅਸੀਂ ਪੂਰਾ ਸੁਣ ਲਾਈਏ ਤਾਂ ਚਾਰ ਪਉੜੀਆਂ ਮਹਾਰਾਜ ਨੇ ਸੁਣਨ ਦੇ ਮਹਾਤਮ ਦੀਆਂ ਦੱਸੀਆਂ ਨੇ ਜੇ ਪੂਰਾ ਮੰਨ ਲਈਏ ਤਾਂ ਚਾਰ ਪੌੜੀਆਂ ਮੰਨਣ ਦੇ ਮਹਾਤਮ ਦੀਆਂ ਨੇ। ਉਸ ਤੋਂ ਬਾਅਦ ਫੇਰ ਨਿਧਿਆਸਣ ਰਹਿ ਜਾਂਦਾ ਹੈ, ਜਿਹਨੂੰ ਅਭਿਆਸ ਕਹਿੰਦੇ ਨੇ। ਅਭਿਆਸ ਕਰਦਾ ਹੈ ਜਦ ਉਸ ਤੋਂ ਬਾਅਦ ਪ੍ਰਾਪਤੀ ਹੋਣੀ ਅਵੱਸ਼ ਹੁੰਦੀ ਹੈ ਕਿਉਂਕਿ ਅਕਾਲ ਪੁਰਖ ਦੀ ਐਸੀ ਨੇਤ ਹੈ, ਕਿਸੇ ਦਾ ਘਾਲਿਆ ਹੋਇਆ ਇਕ ਤਿਲ ਜਿੰਨਾਂ ਵੀ ਨਹੀਂ ਆਪ ਗਵਾਉਂਦੇ। ਸੋ ਉਸ ਵੇਲੇ ਐਸਾ ਵਿਚਾਰ ਚਲਦਾ ਹੈ –

***ਧਾਰਨਾ – ਮੁੱਕ ਜਾਂਦੇ ਨੇ ਚੌਰਾਸੀ ਵਾਲੇ ਗੇੜੇ,***
***ਸੰਗਤ ਕਰਕੇ ਸਾਧੂਆਂ ਦੀ।***
***ਖਾਣੀ ਬਾਣੀ ਜੁਗ ਚਾਰਿ ਲਖ ਚਉਰਾਸੀਹ ਜੂਨਿ ਉਪਾਈ।***
***ਉਤਮੁ ਜੂਨਿ ਵਖਾਣੀਐ ਮਾਨਸ ਜੂਨਿ ਦੁਲੰਭ ਦਿਖਾਈ।***
***ਸਭ ਜੂਨੀ ਕਰਿ ਵਸ ਤਿਸੁ ਮਾਣਸ ਨੋ ਦਿਤੀ ਵਡਿਆਈ।***
***ਬਹੁਤੇ ਮਾਣਸ ਜਗਤ ਵਿਚਿ ਪਰਾਧੀਨ ਕਿਛੁ ਸਮਝ ਨ ਪਾਈ।***
***ਤਿਨ ਮੈ ਸੋ ਆਧੀਨ ਜੋ ਮੰਦੀ ਕੰਮੀ ਜਨਮੁ ਗਵਾਈ।***
***ਸਾਧ ਸੰਗਤਿ ਦੇ ਵੁਠਿਆਂ ਲਖ ਚਉਰਾਸੀਹ ਫੇਰ ਮਿਟਾਈ।***
***ਗੁਰੁ ਸਬਦੀ ਵਡੀ ਵਡਿਆਈ॥***

***ਭਾਈ ਗੁਰਦਾਸ ਜੀ, ਵਾਰ ੪੦/੧੦***

ਦਸਦੇ ਨੇ ਕਿ ਪ੍ਰਮੇਸ਼ਰ ਨੇ ਚਾਰ ਖਾਣੀਆਂ, ਚਾਰ ਬਾਣੀਆਂ ਤੇ ਚਾਰ ਖਾਣੀਆਂ ਦੇ ਅੰਦਰ ਚੌਰਾਸੀ ਲੱਖ ਇੱਕੀ-ਇੱਕੀ ਲੱਖ ਇੱਕ-ਇੱਕ ਖਾਣੀ ਦੇ ਅੰਦਰ ਜੂਨਾਂ ਪੈਦਾ ਕੀਤੀਆਂ। ਸਾਰਿਆਂ ਦੇ ਵਿਚੋਂ ਜਿਹੜੀ ਉਤਮ ਜੂਨ ਹੈ। ਸਾਰੀਆਂ ਜੂਨੀਆਂ ਇਹਦੇ ਅਧੀਨ ਕਰ ਦਿੱਤੀਆਂ। ਅਕਾਲ ਪੁਰਖ ਨੇ ਮਨੁੱਖ ਨੂੰ ਵਡਿਆਈ ਦੇ ਦਿੱਤੀ। ਜੇ ਹੁਣ ਮਨੁੱਖ ਮੁੜ ਕੇ ਪਸ਼ੂ ਬਣ ਜਾਵੇ, ਫੇਰ ਤਾਂ ਉਹਦੀ ਵਡਿਆਈ ਰਹੀ ਨਾ। ਮਹਾਰਾਜ ਕਹਿੰਦੇ –

***ਕਰਤੂਤਿ ਪਸੂ ਕੀ ਮਾਨਸ ਜਾਤਿ ॥***
***ਲੋਕ ਪਚਾਰਾ ਕਰੈ ਦਿਨੁ ਰਾਤਿ ॥*** ***ਅੰਗ – ੨੬੭***

ਵਡਿਆਈ ਤਾਂ ਦਿੱਤੀ ਸੀ ਕਿ ਸਾਰੀਆਂ ਜੂਨਾਂ ਤੇਰੇ ਵਸ ਵਿੱਚ ਹੋਣਗੀਆਂ। ਲੇਕਿਨ ਮੁੜ ਕੇ ਮਨੁੱਖ ਦੀ ਜੂਨੀ 'ਚ ਹੁੰਦਾ ਹੋਇਆ ਫੇਰ ਪਸ਼ੂ ਬਣ ਜਾਂਦਾ ਹੈ। ਹੁਣ ਦਸਦੇ ਨੇ ਭਾਈ ਗੁਰਦਾਸ ਜੀ ਕਿ ਬਹੁਤੇ ਮਾਨਸ, ਲੱਖਾਂ ਹੀ ਪਰਾਏ ਅਧੀਨ ਹੋ ਕੇ ਪ੍ਰਮੇਸ਼ਰ ਨੂੰ ਛੱਡ ਕੇ ਕੋਈ ਸਮਝ ਦੇ ਵਿੱਚ ਨਹੀਂ ਪੈਂਦੇ ਕਿ ਸਾਡਾ ਉਧਾਰ ਕਿਵੇਂ ਹੋਏਗਾ, ਖਾਣ ਪੀਣ ਦੇ ਵਿੱਚ ਹੀ ਜ਼ਿੰਦਗੀ ਬਤੀਤ ਕਰਦੇ ਨੇ। ਮਾੜੇ ਕੰਮਾਂ 'ਚ ਪੈ ਕੇ ਜਨਮ ਗਵਾ ਲੈਂਦੇ ਨੇ। ਜੇ ਸਾਧੂਆਂ ਦੀ ਸੰਗਤ ਕਰੇ, ਗੁਰੂ ਦੀ ਸੰਗਤ ਕਰੇ, ਫੇਰ ਚੌਰਾਸੀ ਲੱਖ ਜੂਨੀ ਦਾ ਫੇਰ ਮਿਟ ਜਾਂਦਾ ਹੈ, ਕਿਉਂਕਿ ਉਥੇ ਗੁਰੂ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸ਼ਬਦ ਦੀ ਮਹਿਮਾ ਹੁੰਦੀ ਹੈ। ਬਾਕੀ ਜਿਹੜਾ ਗੁਰੂ ਤੋਂ ਬਗੈਰ ਆਦਮੀ ਤੁਰਿਆ ਫਿਰਦਾ ਹੈ, ਨਿਗੁਰਾ ਬੰਦਾ, ਆਪੇ ਹੀ ਕਰਮ ਧਰਮ ਕਰਦਾ, ਗੁਰੂ ਧਾਰਨ ਨਹੀਂ ਕਰਦਾ। ਬਹੁਤ ਸਾਰੇ ਪ੍ਰੇਮੀ ਐਸੇ ਹੁੰਦੇ ਨੇ ਨਿਗੁਰੇ ਹੁੰਦੇ ਨੇ, ਚੰਗੇ ਕੰਮ ਵੀ ਕਰਦੇ ਨੇ, ਹਨ ਵੀ ਚੰਗੇ, ਕਹਿੰਦੇ ਜੀ ਅਸੀਂ ਝੂਠ ਨਹੀਂ ਬੋਲਦੇ, ਮਾੜੇ ਕੰਮ ਨਹੀਂ ਕਰਦੇ, ਫੇਰ ਸਾਨੂੰ ਗੁਰੂ ਧਾਰਨ ਦੀ ਕੀ ਲੋੜ ਹੈ। ਮਹਾਰਾਜ ਕਹਿੰਦੇ ਨਾ ਭਾਈ –

***.................ਨਿਗੁਰੇ ਕਾ ਹੈ ਨਾਉ ਬੁਰਾ ॥*** ***ਅੰਗ – ੪੩੫***

ਨਿਗੁਰੇ ਦਾ ਤਾਂ ਨਾਉਂ ਹੀ ਬੁਰਾ ਹੋਇਆ ਕਰਦਾ ਹੈ। ਬਾਕੀ ਜਿਹੜੇ ਕੰਮ ਨੇ ਉਨ੍ਹਾਂ ਦੇ ਉਹ ਸਾਰੇ ਐਵੇਂ ਹੀ ਹੋਇਆ ਕਰਦੇ ਨੇ –

***ਧਾਰਨਾ – ਸਭਿ ਆਲ ਜੰਜਾਲਾ ਜੀ,***
***ਇਕਸੁ ਸਤਿਗੁਰ ਬਾਹਰੇ।***
***ਕੋਟੀ ਸਾਦੀ ਕੇਤੜੇ ਜੰਗਲ ਭੂਪਾਲਾ।***
***ਥਲੀ ਵਰੋਲੇ ਕੇਤੜੇ ਪਰਬਤ ਬੇਤਾਲਾ।***
***ਨਦੀਆ ਨਾਲੇ ਕੇਤੜੇ ਸਰਵਰ ਅਸਰਾਲਾ।***
***ਅੰਬਰਿ ਤਾਰੇ ਕੇਤੜੇ ਬਿਸੀਅਰੁ ਪਾਤਾਲਾ।***
***ਭੰਭਲਭੂਸੇ ਭੁਲਿਆ ਭਵਜਲ ਭਰਨਾਲਾ।***
***ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ।***

***ਭਾਈ ਗੁਰਦਾਸ ਜੀ, ਵਾਰ ੩੪/੧੮***

ਜੋ ਗੁਰੂ ਤੋਂ ਬਗੈਰ ਨਿਗੁਰਾ ਪੁਰਸ਼ ਹੈ –

***ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥***

***ਅੰਗ – ੧੩੫੬***

ਸਾਰੇ ਗੇੜੇ ਖਾਂਦੇ ਫਿਰਦੇ ਨੇ ਭਵਜਲ ਦੇ ਅੰਦਰ, ਜਿੰਨਾਂ ਚਿਰ ਗੁਰੂ ਧਾਰਨ ਨਹੀਂ ਕਰਦਾ, ਗੁਰੂ ਤੋਂ ਕਮਾਈ ਨਹੀਂ ਕਰਦਾ ਨਾਮ ਲੈ ਕੇ, ਓਨਾਂ ਚਿਰ ਕੋਈ ਗੱਲ ਨਹੀਂ ਬਣਿਆ ਕਰਦੀ। ਜਿਹੜੇ ਬੇਮੁਖ ਬੰਦੇ ਨੇ, ਗੁਰੂ ਨਹੀਂ ਧਾਰਨ ਕਰਿਆ, ਨਿਗੁਰੇ ਪੁਰਸ਼ ਨੇ ਉਨ੍ਹਾਂ ਦੇ ਬਾਰੇ ਐਸਾ ਫੁਰਮਾਨ ਹੈ –

***ਧਾਰਨਾ – ਉਹ ਬੇਮੁਖ ਬੰਦੇ, ਬਿਨ ਗੁਰ ਪੂਜਨ ਹੋਰਨਾ।***
***ਬਹੁਤੀ ਘਰੀ ਪਰਾਹੁਣਾ ਜਿਉ ਰਹਦਾ ਭੁਖਾ।***
***ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ।***
***ਬਹੁਤੀ ਡੂਮੀ ਢਢ ਜਿਉ ਓਹੁ ਕਿਸੈ ਨ ਧੁਖਾ।***
***ਵਣਿ ਵਣਿ ਕਾਉ ਨ ਸੋਹਈ ਕਿਉ ਮਾਣੈ ਸੁਖਾ।***
***ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ।***
***ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ॥***

***ਭਾਈ ਗੁਰਦਾਸ ਜੀ, ਵਾਰ ੩੪/੧੯***

ਗੁਰੂ ਨੂੰ ਛੱਡ ਕੇ ਏਧਰ ਮੱਥਾ ਟੇਕ ਲਿਆ, ਉਹਨੂੰ ਮੱਥਾ ਟੇਕ ਲਿਆ। ਕਹਿੰਦੇ ਉਹ ਤਾਂ ਗੱਲ ਹੀ ਨਹੀਂ ਬਣਦੀ, *'ਬਹੁਤੀ ਘਰੀ ਪਰਾਹੁਣਾ ਜਿਉ ਰਹਦਾ ਭੁਖਾ।'* ਕੋਈ ਵੀ ਉਹਦੀ ਭੁੱਖ ਦੂਰ ਨਹੀਂ ਕਰ ਸਕਦਾ। 'ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ।' ਸਾਂਝਾ ਬੰਦਾ ਮਰ ਜਾਏ, ਸਾਂਝਾ ਕੰਮ ਹੋ ਜਾਏ ਕਿਸੇ ਦੇ ਮਨ 'ਚ ਚਿੰਤਾ ਹੀ ਨਹੀਂ ਆਇਆ ਕਰਦੀ। ਬਹੁਤੇ ਡੂੰਮ ਹੋਣ ਢੱਡ ਹੀ ਨਹੀਂ ਵੱਜਿਆ ਕਰਦਾ।'ਵਣਿ ਵਣਿ ਕਾਉ ਨ ਸੋਹਈ ਕਿਉ ਮਾਣੈ ਸੁਖਾ।' ਜਿਹੜਾ ਛਲਾਗਾਂ ਮਾਰਦਾ ਫਿਰਦਾ ਹੈ ਕਦੇ ਔਹ ਦਰਖਤ 'ਤੇ, ਕਦੇ ਓਸ 'ਤੇ। ਕਹਿੰਦੇ ਉਹਨੂੰ ਸੁੱਖ ਕਿੱਥੋਂ ਮਿਲ ਜਾਏਗਾ। 'ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ।' ਜਿਵੇਂ ਵੇਸਵਾ ਹੁੰਦੀ ਹੈ ਬਹੁਤੇ ਮਿੱਤਰਾਂ ਵਾਲੀ ਉਹਨੂੰ ਹਮੇਸ਼ਾਂ ਹੀ ਦੁੱਖ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਇਵੇਂ ਹੀ – 'ਵਿਣੁ ਗੁਰ

ਪੂਜਨਿ ਹੋਰਨਾ ਬਰਨੇ ਬੇਮੁਖਾ॥' ਜਿੰਨੀ ਦੇਰ ਤੱਕ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਗੁਰੂ ਪ੍ਰਾਪਤ ਕਰਕੇ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਓਨੀ ਦੇਰ ਤੱਕ ਬੰਦਾ ਜਿਹੜਾ ਹੈ, ਉਹ ਭੰਬਲ ਭੂਸੇ ਖਾਂਦਾ ਫਿਰਦਾ ਹੈ ਕਿਸੇ ਕਿਨਾਰੇ ਨਹੀਂ ਪਹੁੰਚ ਸਕਦਾ। ਮਾਨਸ ਜਨਮ ਉਹਦਾ ਬਰਬਾਦ ਹੋ ਜਾਂਦਾ ਹੈ। ਸੋ ਮਹਾਰਾਜ ਨੇ ਫੁਰਮਾਨ ਕੀਤਾ ਕਿ ਪ੍ਰੇਮੀਓ! ਮਾਨਸ ਦੇਹੀ ਬੜੀ ਮੁਸ਼ਕਲ ਦੇ ਨਾਲ ਪ੍ਰਾਪਤ ਹੋਈ ਹੈ -

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥ ਅੰਗ - ੧੧੫੯***

ਮਾਨਸ ਜਨਮ ਲੈ ਕੇ ਜੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ ਫੇਰ ਕੀ ਫਾਇਦਾ ਹੈ।

ਇਹ ਭਾਈ ਬਹਿਲੋ ਅੱਜ ਤੱਕ ਕਬਰ ਨੂੰ ਮੱਥੇ ਟੇਕਦਾ ਸੀ, ਖੇਲ੍ਹ ਪਾਉਂਦਾ ਸੀ, ਇਹਨੇ ਸੁਣਿਆ ਹੀ ਨਹੀਂ ਸੀ ਕਿ ਗੁਰੂ ਦੀ ਵੀ ਲੋੜ ਹੁੰਦੀ ਹੈ। ਨਾਮ ਵੀ ਕੋਈ ਚੀਜ਼ ਹੈ, ਪ੍ਰਮੇਸ਼ਰ ਵੀ ਕੋਈ ਚੀਜ਼ ਹੈ, ਇਹ ਤਾਂ ਇਸੇ ਗੱਲ ਵਿੱਚ ਸੀਗਾ ਕਿ ਮੈਨੂੰ ਲੋਕ ਪੂਜਦੇ ਨੇ। ਲਿਆ ਕੇ ਭੇਟਾ ਚਾੜ੍ਹਦੇ ਨੇ, ਪੀਰ ਬਣਿਆ ਹੋਇਆ ਸੀ। ਜਦੋਂ ਮਹਾਰਾਜ ਜੀ ਦੇ ਬਚਨ ਸਰਵਣ ਕੀਤੇ ਨੇਤਰ ਖੁਲ੍ਹਦੇ ਜਾਂਦੇ ਨੇ ਤੇ ਫੁਰਮਾਨ ਹੋਇਆ ਕਿ ਜਿਹੜਾ ਮਾਨਸ ਜਨਮ ਹੈ ਇਹ ਬੜਾ ਪਵਿੱਤਰ ਹੈ ਲੇਕਿਨ ਅਕਾਰਥਾ ਚਲਿਆ ਜਾਂਦਾ ਹੈ। ਜੇ ਇਹਦੇ ਨਾਲ ਕੋਈ ਚੀਜ਼ ਲੱਗ ਜਾਂਦੀ ਹੈ। ਇਹ ਕੇਵਲ ਨਾਮ ਨਾਲ ਪਵਿੱਤਰ ਹੈ, ਜੇ ਨਾਮ ਨਹੀਂ ਹੈ ਤਾਂ ਇਹ ਪਸ਼ੂਆਂ ਤੋਂ ਵੀ ਮਾੜਾ ਹੈ -

***ਧਾਰਨਾ - ਪਸ਼ੂਆਂ ਤੋਂ ਮਾੜੀ ਹੈ ਨਾਮ ਵਿਹੂਣੀ ਦੇਹੀ।***

ਜਿਸ ਦੇਹੀ ਦੇ ਅੰਦਰ ਨਾਮ ਨਹੀਂ ਹੈ, ਕਹਿੰਦੇ ਉਹ ਕਿੰਨਾ ਹੀ ਸੁੰਦਰ ਹੈ, ਪਰ ਉਹ ਦੇਹੀ ਪਸ਼ੂਆਂ ਤੋਂ ਮਾੜੀ ਹੈ, ਪਸ਼ੂਆਂ ਦਾ ਸਰੀਰ ਕੰਮ ਆਉਂਦਾ ਹੈ। ਪਸ਼ੂਆਂ ਦੇ ਹੱਡ ਕੰਮ ਆਉਂਦੇ ਨੇ। ਗੋਹਾ ਵੀ ਉਨ੍ਹਾਂ ਦਾ ਕੰਮ ਆਉਂਦਾ ਹੈ। ਲੇਕਿਨ ਇਹ ਮਨੁੱਖ ਇਹੋ ਜਿਹਾ ਹੈ, ਫੁਰਮਾਨ ਕਰਦੇ ਨੇ ਕਿ -

***ਸਭ ਸਰੀਰ ਅਕਾਰਥੇ ਅਤਿ ਅਪਵਿਤ੍ਰੁ ਸੁ ਮਾਣਸ ਦੇਹੀ।***
***ਭਾਈ ਗੁਰਦਾਸ ਜੀ, ਵਾਰ ੨੩/੧੪***

ਬਾਕੀ ਜਿਹੜੇ ਸਰੀਰ ਨੇ ਸਾਰੇ ਅਕਾਰਥੇ ਨੇ, ਸਾਰਿਆਂ ਤੋਂ extreme ਤੱਕ ਜਿਹੜੀ ਪਵਿੱਤਰਤਾ ਹੈ ਉਹ ਮਾਨਸ ਦੇਹੀ ਹੈ।

***ਬਹੁਤ ਬਿੰਜਨ ਮਿਸਟਾਨ ਪਾਨ ਹੁਇ ਮਲ ਮੂਤ੍ਰ ਕਸੂਤ੍ਰ ਇਵੇਹੀ।***
***ਭਾਈ ਗੁਰਦਾਸ ਜੀ, ਵਾਰ ੨੩/੧੪***

ਕਹਿੰਦੇ, ਕਿੰਨੇ ਹੀ ਛੱਤੀ ਪ੍ਰਕਾਰ ਦੇ ਭੋਜਨ ਬਣਾ ਕੇ ਖਾ ਲਓ, ਜਦੋਂ ਇਸ ਤੌਬਰੇ 'ਚ ਪੈ ਜਾਣਗੇ ਮਲ ਮੂਤ੍ਰ ਬਣ ਜਾਂਦਾ ਹੈ। ਕੋਈ ਝਾਕਦਾ ਵੀ ਨਹੀਂ। ਥੁੱਕਾਂ ਪਾ-ਪਾ ਕੇ ਨਿਕਲਦੇ ਨੇ।

***ਪਾਟ ਪਟੰਬਰ ਵਿਗੜਦੇ ਪਾਨ ਕਪੂਰ ਕੁਸੰਗ ਸਨੇਹੀ।***
***ਭਾਈ ਗੁਰਦਾਸ ਜੀ, ਵਾਰ ੨੩/੧੪***

ਵਧੀਆਂ ਤੋਂ ਵਧੀਆਂ ਲਿਆ ਕੇ ਬਜ਼ਾਰ 'ਚੋਂ ਪਹਿਨ ਲਓ ਤੇ ਚੰਗੀ ਤੋਂ ਚੰਗੀ ਚੀਜ਼ ਖਾ ਲਓ। ਜਦੋਂ ਸਰੀਰ ਦੇ ਨਾਲ ਪੰਜ ਸੱਤ ਦਿਨ ਰਹਿ ਗਏ ਕਹਿੰਦੇ ਸਾਰੇ ਹੀ ਵਿਗੜ ਜਾਂਦੇ ਨੇ। ਬਦਬੂ ਆਉਣ ਲੱਗ ਜਾਂਦੀ ਹੈ। ਮੁਸ਼ਕ ਮਾਰਨ ਲਗ ਜਾਂਦਾ ਹੈ ਇਹਦੇ ਵਿਚੋਂ।

***ਚੋਆ ਚੰਦਨੁ ਅਰਗਜਾ ਹੁਇ ਦੁਰਗੰਧ ਸੁਗੰਧ ਹਰੇਹੀ।***
***ਭਾਈ ਗੁਰਦਾਸ ਜੀ, ਵਾਰ ੨੩/੧੪***

ਸੌ-ਸੌ ਰੁਪਏ ਦੇ ਸੈਂਟ ਲੈ ਆਓ, ਹਜ਼ਾਰ-ਹਜ਼ਾਰ ਦੇ ਲੈ ਆਓ। ਲਿਆ ਕੇ ਛਿੜਕੀ ਜਾਓ ਸਰੀਰ 'ਤੇ ਵੀ ਛਿੜਕੀ ਜਾਓ, ਕੱਪੜਿਆਂ 'ਤੇ ਵੀ ਛਿੜਕੀ ਜਾਓ। ਕਹਿੰਦੇ ਹੁੰਦਾ ਕੀ ਹੈ, ਥੋੜ੍ਹੀ ਦੇਰ ਬਾਅਦ ਦੁਰਗੰਧ ਦੇ ਵਿਚ ਬਦਲ ਜਾਂਦਾ ਹੈ -

***ਰਾਜੇ ਰਾਜ ਕਮਾਵਦੇ ਪਤਿਸਾਹ ਖਹਿ ਮੁਏ ਸਭੇਹੀ।***
***ਭਾਈ ਗੁਰਦਾਸ ਜੀ, ਵਾਰ ੨੩/੧੪***

ਰਾਜੇ ਰਾਜ ਕਰਦੇ ਨੇ ਲੇਕਿਨ ਅਹੰਕਾਰ ਦੇ ਅਧੀਨ ਆ ਕੇ ਖਹਿ-ਖਹਿ ਕੇ ਮਰ ਕੇ ਸਾਰੇ ਖਾਕ ਬਣ ਜਾਂਦੇ ਨੇ।

***ਸਾਧ ਸੰਗਤਿ ਗੁਰੁ ਸਰਣਿ ਵਿਣੁ ਨਿਹਫਲੁ ਮਾਣਸ ਦੇਹ ਇਵੇਹੀ।***
***ਭਾਈ ਗੁਰਦਾਸ ਜੀ, ਵਾਰ ੨੩/੧੪***

ਜਿੰਨਾਂ ਚਿਰ ਸੰਗਤ ਨਹੀਂ ਪ੍ਰਾਪਤ ਹੁੰਦੀ, ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ, ਸ਼ਬਦ ਦੀ ਕਮਾਈ ਨਹੀਂ ਕਰਦੇ, ਮਹਾਰਾਜ ਕਹਿੰਦੇ ਇਹ ਨਿਹਫਲ ਜਾਂਦੀ ਹੈ। ਚਾਹੇ ਇਹ ਸਾਰੇ ਪਾਸਿਓਂ ਹੀ ਗੰਦੀ ਹੈ, ਇੱਕ ਪਾਸਿਓਂ ਹੀ ਚੰਗੀ ਹੈ।

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥***
***ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ - ੩੭੪***

ਮਹਾਰਾਜ ਕਹਿੰਦੇ, ਇੱਕ ਗੱਲ ਜੇ ਤੂੰ ਬੁੱਝ ਲਈ ਤਾਂ, ਤਾਂ ਤੂੰ ਪਵਿੱਤਰ ਹੋ ਜਾਏਂਗਾ। ਜਿਥੇ ਚਰਨ ਧਰੇਂਗਾ ਉਹ ਧੂੜ ਵੀ ਪਵਿੱਤਰ ਹੋ ਜਾਏਗੀ। ਬਚਨ ਕਰੇਂਗਾ, ਸ਼ਾਂਤੀ ਪਾ ਦਏਂਗਾ। ਲੇਕਿਨ ਇਹ ਚੀਜ਼ ਤੇਰੇ ਕੋਲ ਨਹੀਂ ਤਾਂ ਅਪਵਿੱਤਰਤਾ ਨੂੰ ਚੁੱਕੀਂ ਫਿਰਦਾ ਹੈ, ਗੰਦ-ਮੂਤ ਦਾ ਥੈਲਾ ਲਈ ਫਿਰਦਾ ਹੈਂ -

***ਬਿਸਟਾ ਅਸਤ ਰਕਤੁ ਪਰੇਟੇ ਚਾਮ ॥***
***ਇਸੁ ਊਪਰਿ ਲੇ ਰਾਖਿਓ ਗੁਮਾਨ ॥ ੩ ॥***
***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥***
***ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ - ੩੭੪***

ਜੇ ਤਾਂ ਇਹਦੇ ਵਿੱਚ ਆਤਮ ਵਸਤੂ ਬੁੱਝ ਲਈ ਤਾਂ, ਤੂੰ ਪਾਕ ਨਹੀਂ ਤਾਂ ਤੂੰ ਨਾਪਾਕ ਹੈਂ। ਸਰੀਰ ਨਾਪਾਕ ਹੈ ਤੇਰਾ -

***ਸਾਧ ਸੰਗਤਿ ਗੁਰੁ ਸਰਣਿ ਵਿਣੁ ਨਿਹਫਲੁ ਮਾਣਸ ਦੇਹ ਇਵੇਹੀ।***
***ਭਾਈ ਗੁਰਦਾਸ ਜੀ, ਵਾਰ ੨੩/੧੫***

ਸੋ ਜਦੋਂ ਇਸ ਤਰ੍ਹਾਂ ਦੇ ਬਚਨ ਸੁਣੇ, ਘੰਟਾ, ਡੇਢ ਘੰਟਾ ਮਹਾਰਾਜ ਜੀ ਬਚਨ ਕਰਦੇ ਰਹੇ, ਭਾਈ ਬਹਿਲੋ ਬੜੇ ਧਿਆਨ ਦੇ ਨਾਲ ਸੁਣਦਾ ਰਿਹਾ ਹੈ। ਉਸ ਵੇਲੇ ਨਾਲ ਦਾ ਜਿਹੜਾ ਸੰਗੀ ਸੀ ਉਹਨੇ ਕਿਹਾ ਪੀਰ ਜੀ, ਹੁਣ ਆਪਾਂ ਚੱਲੀਏ। ਤੁਸੀਂ ਤਾਂ ਇਸ ਤਰ੍ਹਾਂ ਬਹਿ ਗਏ ਜਿਵੇਂ ਇੱਥੇ ਹੀ ਰਹਿਣਾ ਹੁੰਦਾ ਹੈ। ਕਹਿੰਦਾ ਬਈ ਗੱਲ ਸੁਣ, ਮੈਂ ਤਾਂ ਜਿੱਥੇ ਆਉਣਾ ਸੀ ਆ ਗਿਆ ਹੁਣ

ਨਹੀਂ ਮੈਂ ਜਾਣਾ। ਮੈਨੂੰ ਤਾਂ ਸੋਝੀ ਹੀ ਨਹੀਂ ਪਈ।

ਉਤਮ ਅਧਿਕਾਰੀ ਸੀ ਸਾਧਸੰਗਤ ਜੀ! ਉਤਮ ਅਧਿਕਾਰੀ ਇੱਕ ਬਚਨ ਨਾਲ ਤਰ ਜਾਂਦਾ ਹੈ। ਦੂਜਾ ਜਿਹੜਾ ਹੈ ਮੱਧਮ ਹੈ, ਕਨਸ਼ਿਟ ਹੈ, ਉਹਨੂੰ ਕਿੰਨਾ ਹੀ ਉਪਦੇਸ਼ ਦੇਈ ਜਾਓ, ਨਹੀਂ ਅਸਰ ਹੋਇਆ ਕਰਦਾ ਉਸ 'ਤੇ। ਉੱਤਮ ਅਧਿਕਾਰੀ ਨੂੰ ਇੱਕੋ ਹੀ ਬਚਨ ਪਾਰ ਕਰ ਦਿੰਦਾ ਹੈ।

ਇੱਕ ਮਹਾਤਮਾ, ਆਪ ਦੇ ਪਾਸ ਇੱਕ ਲਗਨ ਵਾਲਾ ਜਗਿਆਸੂ ਆਇਆ ਪਰ ਸੀ ਸਿੱਧੇ ਸੁਭਾਅ ਦਾ ਤੇ ਮਹਾਂਪੁਰਸ਼ਾਂ ਕੋਲ ਆ ਗਿਆ ਕਹਿੰਦੇ ਕਿਵੇਂ ਆਇਆ ਹੈਂ? ਕਹਿੰਦਾ ਮਹਾਰਾਜ ਮੈਂ ਤਾਂ ਸਤਿਸੰਗ ਸੁਣੇ ਨੇ ਤੇ ਮੈਨੂੰ ਇਹ ਪਤਾ ਲੱਗਿਆ ਹੈ ਕਿ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਗੈਰ ਤਰਨਾ ਮੁਸ਼ਕਲ ਹੋ ਜਾਂਦਾ ਹੈ ਤੇ ਨਾਮ ਦੀ ਪ੍ਰਾਪਤੀ ਮੇਰੇ ਕੋਲ ਹੈ ਨਹੀਂ। ਨਾਮ ਤੋਂ ਬਿਨਾਂ ਬੰਦਾ ਪਸ਼ੂ ਹੈ ਤੇ ਕ੍ਰਿਪਾ ਕਰੋ ਮੈਨੂੰ ਨਾਮ ਦੀ ਦਾਤ ਬਖਸ਼ੋ। ਮਹਾਂਪੁਰਸ਼ ਕਹਿੰਦੇ ਪ੍ਰੇਮੀਆਂ! ਪਹਿਲਾਂ ਸ਼ੁੱਧ ਹੋਣਾ ਚਾਹੀਦਾ ਹੈ, ਜਗਿਆਸਾ ਹੋਣੀ ਚਾਹੀਦੀ ਹੈ। ਫੇਰ ਨਾਮ ਦੀ ਦਾਤ ਮਿਲੇ, ਫੇਰ ਉਹ ਕੰਮ ਕਰਿਆ ਕਰਦੀ ਹੈ। ਜੇ ਐਵੇਂ ਹੀ ਧੱਕੋ ਧੱਕੀ ਕਹੋ ਕਿ ਤੂੰ ਅੰਮ੍ਰਿਤ ਛਕ ਲੈ, ਆ ਜਾ। ਅੰਮ੍ਰਿਤ ਕੀ ਕਰੇਗਾ, ਉਹਦੇ ਅੰਦਰ ਨਾਮ ਤਾਂ ਚੱਲਣਾ ਨਹੀਂ। ਜ਼ਬਰੀ ਨਹੀਂ ਸਾਧਸੰਗਤ ਜੀ। ਮਨ ਮੰਨਦਾ ਹੋਵੇ, ਗੁਰੂ ਦੀ ਸਿੱਖੀ ਧਾਰਨ ਕਰਨੀ ਹੈ ਫੇਰ ਉਹ ਨਹੀਂ ਗਿਰਿਆ ਕਰਦਾ।

ਕਿੰਨਿਆਂ ਨੂੰ ਅਸੀਂ ਅੰਮ੍ਰਿਤ ਛਕਾਇਆ ਹੈ। ਥੋੜ੍ਹੀ ਜਿਹੀ ਦੇਰ ਬਾਅਦ ਦੇਖਦੇ ਨੇ ਇੱਕ ਪ੍ਰੇਮੀ ਇੱਥੇ ਅੰਮ੍ਰਿਤ ਵੀ ਉਹਨੇ ਛਕਿਆ, ਇੱਥੇ ਮੇਰੇ ਕੋਲ ਆਇਆ ਕਹਿੰਦਾ ਜੀ, ਮੈਨੂੰ ਬੜਾ ਮੁਸ਼ਕਲ ਹੋ ਗਿਆ। ਮੈਂ ਕਿਹਾ ਕੀ ਹੋ ਗਿਆ? ਕਹਿੰਦਾ, ਮੇਰਾ ਜਿਹੜਾ ਭਰਾ ਹੈ ਉਹ ਸਿਗਰਟਾਂ ਪੀਂਦਾ ਹੈ। ਜਦੋਂ ਰੋਟੀ ਚੁੱਲ੍ਹੇ 'ਤੇ ਪੈਂਦੀ ਹੈ ਉਹ ਸਿਗਰਟਾ ਵਿੱਚ ਸੁੱਟਣੀਆਂ ਸ਼ੁਰੂ ਕਰ ਦਿੰਦਾ ਹੈ, ਅੱਧੀ-ਅੱਧੀ ਪੀ ਕੇ ਵਿੱਚ ਸੁੱਟ ਦਿੰਦਾ ਹੈ, ਤੇ ਮੈਂ ਭੁੱਖਾ ਰਹਿ ਜਾਂਦਾ ਹਾਂ।

ਮੈਂ ਕਿਹਾ, ਤੂੰ ਐਂ ਕਰ ਰਾੜਾ ਸਾਹਿਬ ਭੇਜ ਦਿੰਦੇ ਹਾਂ ਤੈਨੂੰ, ਉਥੇ ਚਲਿਆ ਜਾਹ। ਮੇਰੇ ਕੋਲ ਤਾਂ ਹਾਲੇ ਬੰਦੋਬਸਤ ਨਹੀਂ, ਜੇ ਹੋ ਗਿਆ ਤੂੰ ਆ ਜਾਈਂ। ਰਾੜਾ ਸਾਹਿਬ ਭੇਜ ਦਿਤਾ, ਉਥੇ ਉਸਨੇ ਬਹੁਤ ਸੇਵਾ ਕਰੀ, ਬਹੁਤ ਵਧੀਆ ਚੋਲਾ ਗਿੱਟਿਆਂ ਤੱਕ, ਬੀਬੀਆ ਮੱਥੇ ਟੇਕਿਆ ਕਰਨ। ਭਾਈ ਮੱਥੇ ਟੇਕਿਆ ਕਰਨ। ਚਾਰ-ਪੰਜ ਸਾਲ ਲੰਘ ਗਏ। ਸ੍ਰੀ ਮਾਨ ਜੀ ਵੀ ਉਹਦੀ ਬੜੀ ਇੱਜ਼ਤ ਕਰਨ ਲੱਗ ਗਏ। ਮੁੜ ਕੇ ਇੱਥੇ ਮੇਰੇ ਕੋਲ ਆ ਗਿਆ। ਮੈਂ ਕਿਹਾ, ਦੇਖ ਤੂੰ ਤਾਂ ਮਹੰਤ ਬਣ ਗਿਆ। ਅਸੀਂ ਮਹੰਤ ਨਹੀਂ ਕਿਸੇ ਨੂੰ ਬਣਾਉਣਾ, ਅਸੀਂ ਤਾਂ ਸੇਵਾਦਾਰ ਪੈਦਾ ਕਰਨੇ ਨੇ। ਮੱਥੇ ਟਿਕਾਉਣ ਵਾਲਾ ਨਹੀਂ ਅਸੀਂ ਕੋਈ ਵੀ ਡੇਰੇ 'ਚ ਵੜਨ ਦੇਣਾ। ਮੱਥੇ ਟੇਕਣ ਵਾਲੇ ਪੈਦਾ ਕਰਨੇ ਨੇ। ਤੂੰ ਆਹ ਕੀ ਕੰਮ ਕਰਦਾ ਹੈਂ ਖੜ੍ਹ ਗਿਆ ਨਹਿਰ 'ਤੇ, ਬੀਬੀਆਂ ਮੱਥਾ ਟੇਕਦੀਆਂ ਨੇ। ਇੱਥੇ ਨਹੀਂ, ਜੇ ਸਾਡੇ ਕੋਲ ਰਹਿਣਾ ਹੈ ਤਾਂ ਸੇਵਾ ਕਰਿਆ ਕਰ। ਕਹੀ ਚੁੱਕ, ਕੰਮ ਚੱਲ ਰਿਹਾ ਸੀ। ਉਸ ਨੇ ਦੋ ਦਿਨ ਸੇਵਾ ਕਰੀ ਕਹਿੰਦਾ ਇੱਥੇ ਤਾਂ ਨਹੀਂ ਚਲਦਾ, ਮੁੜ ਕੇ ਨੱਠ ਗਿਆ। ਮੈਨੂੰ ਉਲਾਂਭਾ ਦਿੱਤਾ ਉਨ੍ਹਾਂ ਨੇ ਕਿ ਸਾਡਾ ਸਿੰਘ ਤੁਹਾਡੇ ਕੋਲ ਆ ਗਿਆ, ਮੈਂ ਕਿਹਾ ਕਿ ਅਸੀਂ ਤਾਂ ਪ੍ਰਣ ਕਰਿਆ ਹੋਇਆ ਹੈ ਕਿ ਕਿਸੇ ਡੇਰੇ ਦੇ ਸਿੰਘ ਨੂੰ, ਜਿਹੜਾ ਇੱਕ ਵਾਰੀ ਕਿਸੇ ਹੋਰ ਡੇਰੇ 'ਚ ਰਹਿ ਆਇਆ ਉਹਨੂੰ ਨਹੀਂ ਅਸੀਂ ਰਹਿਣ ਦੇਣਾ ਇੱਥੇ। ਕਿਉਂਕਿ ਉਹ ਤਾਂ ਬਣੇ ਬਣਾਏ ਸੰਤ ਆਉਂਦੇ ਨੇ। ਸਾਡਾ ਇਹ ਮੰਤਵ ਨਹੀਂ ਕਿ ਐਵੇਂ ਹੀ ਚੋਲੇ ਵਗੈਰਾ ਪੁਆ ਕੇ ਇੱਥੇ ਗੇੜੇ ਖਲਾਈ ਜਾਈਏ। ਸਾਡਾ ਤਾਂ ਅੰਦਰੋਂ ਇਰਾਦਾ ਇਹ ਰਹਿੰਦਾ ਹੈ ਕਿ ਇਹਨੇ ਘਰ ਛੱਡਿਆ, ਬਾਰ ਛੱਡਿਆ, ਹੁਣ ਇਹ ਕਿਸੇ ਕਿਨਾਰੇ ਪਹੁੰਚੇ। ਇਹਦੇ 'ਚ ਨਿਮਰਤਾ ਆਵੇ, ਸੇਵਾਦਾਰ ਬਣੇ। ਅਸਲੀ ਗੁਰਸਿੱਖੀ ਨੂੰ ਧਾਰਨ ਕਰੇ, ਜੋ ਗੁਰਮਤਿ ਕਹਿੰਦੀ ਹੈ, ਉਹਦੇ ਮੁਤਾਬਿਕ ਆਪਣਾ ਜੀਵਨ ਧਾਰਨ ਕਰੇ। ਮੈਂ ਕਿਹਾ ਅਸੀਂ ਤਾਂ ਪਹਿਲਾਂ ਹੀ ਨਹੀਂ ਕਹਿੰਦੇ ਇਹਨੂੰ ਰਹਿਣ ਲਈ, ਅਸੀਂ ਤਾਂ ਤੋਰਿਆ ਹੈ। ਉਹ ਵੀ ਨਰਾਜ਼ ਹੋ ਗਏ, ਉਥੋਂ ਫੇਰ ਆ ਗਿਆ। ਫੇਰ ਆਇਆ ਹੋਇਆ ਇਧਰ ਉਧਰ ਘੁੰਮਦਾ ਰਿਹਾ।

ਕਈ ਸਾਲ ਹੋ ਗਏ ਇੱਥੇ ਇੱਕ ਸੁੱਕਿਆ ਜਿਹਾ ਬੰਦਾ ਖੜ੍ਹਾ। ਉਹ ਬਾਰ-ਬਾਰ ਕਦੇ ਅੰਦਰ ਨੂੰ ਆਵੇ, ਫੇਰ ਬਾਹਰ ਨੂੰ ਤੁਰ ਜਾਵੇ। ਦਾੜ੍ਹੀ ਕੱਟੀ ਹੋਈ ਉਹਨੇ, ਕੇਸ ਮੁਨਾਏ ਹੋਏ, ਮੈਂ ਕਿਹਾ ਤੂੰ ਫਲਾਣਾ ਨਹੀਂ ਹੈਂ? ਕਹਿੰਦਾ ਹਾਂ। ਮੈਂ ਕਿਹਾ, ਤੈਨੂੰ ਕੀ ਮਰਜ਼ ਹੋ ਗਈ? ਤੂੰ ਮਸਾਂ ਕੱਢਿਆ ਸੀ ਇਹਦੇ 'ਚੋ, ਆਹ ਫੇਰ ਤੂੰ ਸਿਗਰਟਾਂ ਪੀਣ ਲੱਗ ਗਿਆ, ਕੇਸ ਕੱਟ ਦਿੱਤੇ ਤੂੰ ਤਾਂ ਸੰਤ ਬਣਿਆ ਹੋਇਆ ਸੀ, ਲੋਕ ਤੈਨੂੰ ਮੱਥਾ ਟੇਕਦੇ ਸੀ ਚਰਨਾਂ 'ਤੇ।

ਉਹ ਇਸ ਕਰਕੇ ਕਿ ਅੰਦਰ ਨਹੀਂ ਅਜੇ ਸਮਝ ਆਉਂਦੀ, ਉਤੋਂ-ਉਤੋਂ ਬਣ ਜਾਂਦੇ ਨੇ। ਅੰਮ੍ਰਿਤ ਛਕਾ ਕੇ ਵੀ ਦੇਖ ਲਿਆ, ਸਭ ਕੁਛ ਕਰਕੇ ਦੇਖ ਲਿਆ। ਜਦੋਂ ਗਿਰਦਾ ਹੈ ਆਦਮੀ, ਪਤਾ ਹੀ ਨਹੀਂ ਲਗਦਾ ਕਿ ਕਿੱਥੇ ਜਾਂਦਾ ਹੈ ਥੱਲੇ। ਸੋ ਜਦੋਂ ਉੱਤਮ ਅਧਿਕਾਰੀ ਆਉਂਦਾ ਹੈ ਉਹ ਨਹੀਂ ਫੇਰ ਗਿਰਿਆ ਕਰਦਾ।

ਸੋ ਇਹ ਜਿਹੜਾ ਮਹਾਂਪੁਰਸ਼ਾਂ ਦੇ ਪਾਸ ਆਇਆ, ਸੀ ਉੱਤਮ। ਲੇਕਿਨ ਉਨ੍ਹਾ ਨੇ ਕਿਹਾ ਕਿ ਕਸਵੱਟੀ ਲਾਓ ਇਹਦੇ ਉਤੇ, ਪਰਖੋ ਹੋਰ। ਕਹਿੰਦੇ, ਸੇਵਾ ਕਰਿਆ ਕਰ। ਦੱਸੋ, ਮਹਾਰਾਜ? ਕਹਿੰਦੇ, ਡੰਗਰਾਂ ਦੇ ਪੱਠੇ ਵੱਢਿਆ ਕਰ। ਧਾਰਾਂ ਕੱਢਿਆ ਕਰ, ਨਾਲੇ ਗੋਹਾ ਚੁੱਕਿਆ ਕਰ। ਅੱਠ ਸਾਲ ਲੰਘ ਗਏ, ਮਨ ਵਿਚ ਹਰ ਵਕਤ ਸੋਚਦਾ ਰਹਿੰਦਾ ਹੈ ਕਿ ਮਹਾਂਪੁਰਸ਼ਾਂ ਤੋਂ ਅਜੇ ਮੈਂ ਉਪਦੇਸ਼ ਨਹੀਂ ਲਿਆ। ਅੱਠ ਸਾਲ ਹੋ ਗਏ ਮੈਨੂੰ ਤੇ ਇੱਕ ਦਿਨ ਮਹਾਂਪੁਰਸ਼ਾਂ ਕੋਲ ਗਿਆ, ਜਾ ਕੇ ਕਹਿਣ ਲੱਗਿਆ ਕਿ ਮਹਾਰਾਜ ਮੇਰੀ ਇੱਕ ਬੇਨਤੀ ਹੈ, ਕਹਿੰਦੇ ਦੱਸੋ? ਕਹਿੰਦੇ, ਮੈਨੂੰ ਅੱਠ ਸਾਲ ਹੋ ਗਏ ਮਹਾਰਾਜ, ਆਪ ਨੇ ਨਾਮ ਦੀ ਦਾਤ ਨਹੀਂ ਬਖਸ਼ੀ। ਉਹ ਕਹਿੰਦੇ ਐਸ ਤਰ੍ਹਾਂ ਕਰੀਂ ਸਵੇਰੇ ਅੱਠ ਵਜੇ ਆ ਜਾਈਂ। ਠੀਕ ਹੈ ਅਸੀਂ ਤੇਰੀ ਸੇਵਾ 'ਤੇ ਪ੍ਰਸੰਨ ਹੋਏ ਹਾਂ, ਬਹੁਤ ਸੋਹਣੀ ਤੂੰ ਸੇਵਾ ਕੀਤੀ ਹੈ। ਦੂਸਰੇ ਦਿਨ ਅੱਠ ਵਜੇ ਦਾ ਸਮਾਂ ਮਹਾਂਪੁਰਸ਼ਾਂ ਨੇ ਦੇ ਦਿਤਾ, ਉਹ ਜਿਸ ਵਕਤ ਅੱਠ ਵਜੇ ਜਾਣ ਲੱਗਿਆ, ਓਧਰਲੇ ਪਾਸਿਓਂ ਰਾਤ ਨੂੰ ਹੀ ਇੰਤਜ਼ਾਮ ਬਣ ਗਿਆ ਕਿ ਉਥੇ ਦਾ ਜੋ ਰਾਜਾ ਸੀ ਉਹਨੇ ਸੰਤਾਂ ਦੇ ਦਰਸ਼ਨ ਕਰਨ ਆਉਣਾ ਸੀ। ਉਹਦੇ ਜਿਹੜੇ ਕਰਿੰਦੇ ਸੀ, ਕਿਉਂਕਿ ਸੰਤਾਂ ਦਾ ਸੁਭਾਅ ਖੁਲ੍ਹਾ ਸੀ, ਧਰਤੀ 'ਤੇ ਬੈਠੇ ਸੀ ਤਾਂ ਧਰਤੀ 'ਤੇ ਬੈਠੇ ਨੇ, ਪਰਵਾਹ ਨਹੀਂ

ਕਰਿਆ ਕਰਦੇ ਮਹਾਤਮਾ ਕਿਸੇ ਦੀ ਵੀ ਕਿ ਕੌਣ ਆਇਆ ਹੈ, ਕਿੱਥੇ ਇਹਨੂੰ ਬਿਠਾਲੀਏ। ਇਸ ਕਰਕੇ ਨਹੀਂ ਕਿ ਉਹ ਅਹੰਕਾਰੀ ਹੁੰਦੇ ਨੇ, ਇਸ ਕਰਕੇ ਕਰਦੇ ਨੇ ਇਹਦੀ ਜਿਹੜੀ ਹਉਮੈ ਹੈ ਉਹ ਥੋੜ੍ਹੀ ਜਿਹੀ ਹੇਠਾਂ ਲਾਹੀਏ, ਹੇਠਾਂ ਹੋਵੇ ਥੋੜ੍ਹਾ ਜਿਹਾ ਤਾਂ ਕਿ ਇਹ ਕੋਈ ਲਾਭ ਲੈ ਕੇ ਜਾਵੇ, ਜੇ ਅਸੀਂ ਇਹਦੀ ਹਉਮੈ ਨੂੰ ਪੱਠੇ ਪਾ ਦਿੱਤੇ ਫੇਰ ਤਾਂ ਇਹਦਾ ਬਣਨਾ ਕੁਛ ਨਹੀਂ।

ਬਾਬਾ ਖੁਦਾ ਸਿੰਘ ਜੀ ਮਹਾਰਾਜ ਲਾਹੌਰ ਨੇ, ਮਹਾਰਾਜ ਪਟਿਆਲਾ ਤੇ ਮਹਾਰਾਜ ਨਾਭਾ ਦਰਸ਼ਨ ਕਰਨ ਜਾਂਦੇ ਨੇ ਦੋਵੇਂ ਇਕੱਠੇ ਹੀ। ਆਪ ਅੰਤਰਜਾਮੀ ਸੀ ਕਹਿਣ ਲੱਗੇ ਕਿ ਅੱਜ ਸਾਡੇ ਕਮਰੇ ਦੇ ਵਿੱਚ ਚਾਰ-ਚਾਰ ਉਂਗਲ ਪਾਣੀ ਖੜ੍ਹਾ ਕਰ ਦਿਓ। ਹੁਕਮ ਦੀ ਤਾਮੀਲ ਕੀਤੀ ਗਈ, ਆਪ ਗਏ ਚੌਂਕੜਾ ਮਾਰ ਕੇ ਪਾਣੀ 'ਚ ਬਹਿ ਗਏ। ਰਾਜੇ ਆਏ ਜਦੋਂ ਦਰਸ਼ਨ ਕਰਨ ਵਾਸਤੇ, ਕਹਿੰਦੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ ਨੇ। ਕਹਿੰਦੇ ਭੇਜ ਦਿਓ। ਉਹਨੇ ਦੋਵੇਂ ਰਾਜੇ ਭੇਜ ਦਿੱਤੇ, ਹੁਣ ਦੋਵੇਂ ਖੜ੍ਹੇ ਨੇ, ਬੈਠਣ ਕਿੱਥੇ, ਪਾਣੀ ਵਿੱਚ ਪੈਰ ਨਹੀਂ ਧਰਦੇ ਜ਼ੁਰਾਬਾਂ ਭਿੱਜਦੀਆਂ ਨੇ। ਕਹਿੰਦੇ, ਲੰਘ ਆਓ। ਬੈਠੋ ਰਾਜਨ! ਕੋਈ ਨਹੀਂ ਬਹਿੰਦਾ। ਕਿਉਂਕਿ ਬੇਪਰਵਾਹ ਹੁੰਦੇ ਨੇ ਸਾਧਸੰਗਤ ਜੀ! ਕਿਉਂਕਿ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*** ***ਅੰਗ - ੧੮੬***

ਜਿਹਦਾ ਕਹਿਆ ਹੋਇਆ ਦਰਗਾਹ 'ਚ ਧਰਮਰਾਜ ਮੰਨਦਾ ਹੈ, ਉਹ ਇੱਥੇ ਦੇ ਰਾਜਿਆਂ ਨੂੰ ਕੀ ਸਮਝਦਾ ਹੈ। ਫੇਰ ਝੂਠੇ ਨੇ, ਉਹ ਸੱਚੇ ਪਾਤਸ਼ਾਹ ਨੇ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥*** ***ਅੰਗ - ੫***
***ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥***
***ਅੰਗ - ੧੪੧੩***

ਸੋ ਇਸ ਤਰ੍ਹਾਂ ਇਹ ਮਹਾਤਮਾ ਨੂੰ ਲੋੜ ਨਹੀਂ ਹੋਇਆ ਕਰਦੀ। ਉਹਦੇ ਕਰਿੰਦਿਆਂ ਨੇ, ਵਜ਼ੀਰਾਂ ਨੇ ਸੋਚਿਆ ਕਿ ਰਾਜੇ ਨੇ ਜਾਣਾ ਹੈ, ਸੰਤ ਤਾਂ ਭੁੰਞੇ ਹੀ ਬੈਠਦੇ ਨੇ, ਚਲੋ ਸੰਤ ਤਾਂ ਬਹਿ ਜਾਣਗੇ ਕਿਸੇ ਚੀਜ਼ 'ਤੇ। ਰਾਜਾ ਸਾਡਾ ਬਹਿ ਜਾਏਗਾ, ਰਾਤ ਨੂੰ ਆ ਕੇ ਗਲੀਚੇ ਵਿਛਾ ਗਏ ਤੇ ਬਾਹਰਲੇ ਪਾਸੇ ਵੀ ਕਾਰਪੈਟ ਵਿਛਾ ਦਿੱਤਾ। ਇਹ ਪ੍ਰੇਮੀ ਗੋਹਾ ਚੁੱਕਦਾ-ਚੁੱਕਦਾ, ਇਹਦੇ ਯਾਦ ਆਇਆ ਕਿ ਮੈਨੂੰ ਤਾਂ ਅੱਠ ਵਜੇ ਦਾ ਸਮਾਂ ਦਿੱਤਾ ਸੀ। ਇਹ ਇੱਕ ਦਮ ਦੌੜ ਕੇ ਆਇਆ ਮਹਾਂਪੁਰਸ਼ਾਂ ਕੋਲ। ਪੈਰ ਗੋਹੇ ਨਾਲ ਲਿਬੜੇ ਹੋਏ ਨੇ ਤੇ ਸੰਤ ਬਾਹਰ ਬੈਠੇ ਨੇ। ਉਧਰੋਂ ਰਾਜੇ ਦੇ ਆਉਣ ਦਾ ਸਮਾਂ ਹੋਇਆ ਤੇ ਜਦੋਂ ਇਹ ਆਇਆ ਤਾਂ ਸੰਤਾਂ ਦੀ ਨਿਗ੍ਹਾ ਚਲੀ ਗਈ ਇਹਦੇ ਪੈਰਾਂ 'ਤੇ। ਇਹਨੂੰ ਰੋਕਣ ਵਾਸਤੇ ਹੱਥ ਕਰ ਦਿੱਤਾ ਕਹਿੰਦੇ, ਪਰ੍ਹੇ-ਪਰ੍ਹੇ, ਉਥੇ ਹੀ ਇਹਨੇ ਮੱਥਾ ਟੇਕ ਦਿੱਤਾ। ਚਲਿਆ ਗਿਆ ਘਰ ਜਾ ਕੇ ਇਹਨੇ ਪਰ੍ਹੇ-ਪਰ੍ਹੇ ਕਰਨਾ ਸ਼ੁਰੂ ਕਰ ਦਿੱਤਾ, ਐਸਾ ਕਰਿਆ ਕਿ ਲਿਵ ਲੱਗ ਗਈ ਇਹਦੀ, ਦਿਨ ਰਾਤ ਕਰਦੇ ਦੀ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਹ ਵੀ ਕੋਈ ਮੰਤਰ ਹੈ ਜਿਹਦੇ ਨਾਲ ਤਰ ਜਾਂਦਾ ਹੈ। ਭੇਤ ਹੈ ਇਹਦੇ ਵਿੱਚ ਵੀ -

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ਅੰਗ - ੧੩੭੪***

ਇਹ ਭੇਤ ਹੈ, ਮਹਾਂਪੁਰਸ਼ ਦਸਦੇ ਨੇ ਕਿ ਆਹ ਭੇਤ ਹੈ, ਇਹਦੇ ਨਾਲ ਜੇ ਤੂੰ ਨਾਮ ਜਪੇਂਗਾ, ਤੈਨੂੰ ਹਜ਼ਾਰਾਂ ਗੁਣਾਂ ਇੱਕ ਵਾਰੀ ਕਹਿਣ ਦਾ ਫਲ ਹੋਏਗਾ। ਬੈਖਰੀ ਬਾਣੀ 'ਚ ਸੌ ਵਾਰੀ ਵਾਹਿਗੁਰੂ-ਵਾਹਿਗੁਰੂ ਕਹੀ ਜਾਓ, ਮਧਮਾ 'ਚ ਇੱਕ ਵਾਰੀ ਕਹਿ ਲਓ। ਦਸ ਵਾਰੀ ਕਹੋ ਮਧਮਾ 'ਚ, ਸੌ ਵਾਰੀ ਕਹੋ ਬਾਹਰ, ਪਸੰਤੀ ਬਾਣੀ 'ਚ ਇੱਕ ਵਾਰੀ। ਹਜ਼ਾਰ ਵਾਰੀ ਵਾਹਿਗੁਰੂ-ਵਾਹਿਗੁਰੂ ਕਹੋ ਬੈਖਰੀ ਬਾਣੀ 'ਚ, ਇੱਕ ਵਾਰੀ ਕਹੋ ਪਰਾ ਬਾਣੀ 'ਚ। ਇਸ ਤਰ੍ਹਾਂ ਫਲ ਵਧਦੇ ਜਾਂਦੇ ਨੇ। ਮਾਨਸਕਿ ਜਾਪ ਦਾ ਬੇਅੰਤ ਫਲ ਵੱਧ ਜਾਂਦਾ ਹੈ। ਤ੍ਰਿਕੁਟੀ ਦੇ ਜਾਪ ਦਾ ਹੋਰ ਫਲ ਹੈ, ਦਸਵੇਂ ਦੁਆਰ ਦੇ ਜਾਪ ਦਾ ਬੇਅੰਤ ਫਲ ਹੈ। ਫਲ ਵਧਦੇ ਜਾਂਦੇ ਨੇ, ਢੰਗ ਹੋਇਆ ਕਰਦਾ ਹੈ। ਓਹੀ ਰਾਮ ਸਭ ਕਹਿੰਦੇ ਨੇ, ਓਹੀ ਰਾਮ ਮਾਤਾ ਲੋਈ ਨੇ ਕਿਹਾ ਸੀ, ਕੋਹੜੀ ਦਾ ਕੋਹੜ ਹਟਾ ਦਿੱਤਾ।

ਸੋ ਇਹ ਜਦੋਂ ਆਇਆ ਤਾਂ ਆਪ ਨੇ ਫੁਰਮਾਇਆ ਪਰ੍ਹੇ-ਪਰ੍ਹੇ; ਲਿਵ ਲੱਗ ਗਈ। ਦਿਨ ਰਾਤ ਪਰ੍ਹੇ-ਪਰ੍ਹੇ ਕਰੀ ਜਾਂਦਾ ਹੈ ਕਿ ਬੜੀ ਮੁਸ਼ਕਲ ਦੇ ਨਾਲ ਮੈਨੂੰ ਨਾਮ ਪ੍ਰਾਪਤ ਹੋਇਆ ਹੈ। ਕਾਫੀ ਸਮੇਂ ਤੋਂ ਬਾਅਦ ਮਹਾਂਪੁਰਸ਼ ਕਹਿਣ ਲੱਗੇ, ਪ੍ਰੇਮੀਆਂ! ਇੱਕ ਸਾਡੇ ਮਿੱਤਰ ਨੇ ਹੋਰ ਮਹਾਂਪੁਰਸ਼ ਅਸੀਂ ਆਹ ਸੁਨੇਹਾ ਭੇਜਣਾ ਹੈ ਚਿੱਠੀ ਲੈ ਜਾ। ਪਰ ਜਵਾਬ ਲੈ ਕੇ ਆਈਂ ਤੂੰ। ਉਸ ਵੇਲੇ ਚਿੱਠੀ ਲੈ ਲਈ ਤੇ ਮਨ ਵਿਚ ਖਿਆਲ ਆ ਗਿਆ ਕਿ ਮੇਰਾ ਪਰ੍ਹੇ-ਪਰ੍ਹੇ 'ਨਾਮ' ਨਾ ਕਿਤੇ ਭੁੱਲ ਜਾਵੇ। ਚਿੰਤਾ 'ਚ ਬੈਠਾ ਹੈ, ਕੀ ਦੇਖਦਾ ਹੈ ਕਿ ਸਾਮ੍ਹਣੇ ਇੱਕ ਦਮ ਪ੍ਰਕਾਸ਼ ਹੋ ਕੇ ਮਨੁੱਖ ਰੂਪ ਦੇ ਅੰਦਰ ਪ੍ਰਮੇਸ਼ਰ ਜੀ ਪ੍ਰਗਟ ਹੋ ਗਏ। ਕਹਿਣ ਲੱਗੇ, ਤੁਸੀਂ ਕੌਣ ਹੋਂ। ਕਹਿਣ ਲੱਗੇ, ਮੈਂ ਪਰ੍ਹੇ-ਪਰ੍ਹੇ ਹਾਂ। ਲਿਆ ਚਿੱਠੀ ਮੈਨੂੰ ਦੇ, ਤੂੰ ਬੈਠ ਕੇ ਨਾਮ ਜਪ ਤੇ ਮੈਂ ਧੰਨੇ ਦੇ ਵੀ ਨੱਕੇ ਛੱਡਦਾ ਰਿਹਾ ਹਾਂ। ਉਹ ਨਾਮ ਜਪਦਾ ਸੀ ਮੈਂ ਉਹਦੇ ਨੱਕੇ ਛੱਡਦਾ ਸੀ। ਮੈਂ ਉਹਦੇ ਹਲਟ ਚਾਰਦਾ ਸੀ ਉਹ ਇਕ ਚਿੱਤ ਹੋ ਕੇ ਨਾਮ ਜਪਦਾ ਸੀ, ਮੈਂ ਤਾਂ ਭਗਤਾਂ ਦੇ ਅਧੀਨ ਹਾਂ, ਫੜਾ ਚਿੱਠੀ। ਉਸੇ ਵੇਲੇ ਫੜੀ, ਚਿੱਠੀ ਦਾ ਜਵਾਬ ਲਿਆ ਕੇ ਕਹਿੰਦੇ ਲੈ ਦੇ ਦੇ ਸੰਤਾਂ ਨੂੰ। ਸੰਤ ਕਹਿੰਦੇ ਗਿਆ ਨਹੀਂ ਤੂੰ? ਕਹਿੰਦੇ, ਜਵਾਬ ਲੈ ਆਇਆ। ਚਿੱਠੀ ਲੈ ਕੇ ਪੜ੍ਹੀ, ਹੈਰਾਨ ਹੋ ਗਏ ਕਿ ਕਿਵੇਂ ਲੈ ਆਇਆ ਇਹ ਜਵਾਬ। ਕਹਿੰਦੇ, ਕਿਵੇਂ ਲੈ ਆਇਆ ਜਵਾਬ? ਕਹਿੰਦਾ ਜੀ, ਮੈਂ ਤਾਂ ਨਹੀਂ ਗਿਆ ਪਰ੍ਹੇ-ਪਰ੍ਹੇ ਗਿਆ ਸੀ। ਕਹਿੰਦੇ, ਪਰ੍ਹੇ-ਪਰ੍ਹੇ ਕੀ? ਕਹਿੰਦਾ, ਜਿਹੜਾ ਤੁਸੀਂ ਮੈਨੂੰ ਮੰਤਰ ਦਿੱਤਾ ਸੀ, ਪਰ੍ਹੇ-ਪਰ੍ਹੇ ਦਾ, ਤੇ ਮੈਂ ਉਹਦਾ ਜਾਪ ਕਰਦਾ ਹਾਂ, ਤੇ ਪ੍ਰਮੇਸ਼ਰ ਪ੍ਰਗਟ ਹੋ ਗਿਆ। ਉਹ ਜਵਾਬ ਲੈ ਆਇਆ। ਸੰਤ ਹੈਰਾਨ ਹੋ ਗਏ। ਯਾਦ ਆ ਗਿਆ ਕਿ ਇਹਦੇ ਪੈਰ ਲਿਬੜੇ ਹੋਏ ਸੀ ਅਸੀਂ ਇਹਨੂੰ ਪਰ੍ਹੇ-ਪਰ੍ਹੇ ਕਿਹਾ ਸੀ। ਉਸ ਵੇਲੇ ਸੰਤਾਂ ਦੇ ਮਨ ਵਿੱਚ ਖਿਆਲ ਆਇਆ ਕਿ ਇਹ ਕਿਹੜਾ ਨਾਮ ਹੈ ਪਰ੍ਹੇ-ਪਰ੍ਹੇ। ਅਰਾਧਨਾ ਕੀਤੀ, ਪਹੁੰਚੇ ਹੋਏ ਮਹਾਤਮਾ ਸੀ। ਅੰਦਰੋਂ ਆਵਾਜ਼ ਆਈ, ਕਹਿੰਦੇ ਸੰਤ ਜੀ! ਇਹ ਮੇਰਾ ਪਹਿਲਾ ਮੁੱਢ ਦਾ ਨਾਮ ਹੈ, ਜਿਹੜਾ ਪਰ੍ਹੇ-ਪਰ੍ਹੇ ਹੈ। ਮੈਨੂੰ ਅਪਰੰਪਰ ਕਹਿੰਦੇ ਨੇ -

***ਅਪਰੰਪਰ ਪਾਰਬ੍ਰਹਮੁ ਪਰਮੇਸਰੁ***

*ਨਾਨਕ ਗੁਰੁ ਮਿਲਿਆ ਸੋਈ ਜੀਉ ॥ ਅੰਗ - ੫੯੯*

ਪਰ੍ਹੇ ਤੋਂ ਪਰ੍ਹੇ ਹਾਂ ਮੈਂ। ਜਿੰਨਾਂ ਕੁਛ ਤੁਹਾਨੂੰ ਨਜ਼ਰ ਆਉਂਦਾ ਹੈ, ਪੰਜ ਤੱਤ ਨਜ਼ਰ ਆਉਂਦੇ ਨੇ, ਪੰਜ ਇਨ੍ਹਾਂ ਦੇ ਬੀਜ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਉਂਦੇ ਨੇ, ਤਿੰਨ ਗੁਣ ਨਜ਼ਰ ਆਉਂਦੇ ਨੇ। ਇਨ੍ਹਾਂ ਤੋਂ ਪਰ੍ਹੇ ਤਿੰਨ ਗੁਣ ਨੇ, ਤਿੰਨਾਂ ਗੁਣਾਂ ਤੋਂ ਪਰ੍ਹੇ ਪ੍ਰਾਕ੍ਰਿਤੀ ਹੈ। ਪ੍ਰਕ੍ਰਿਤੀ ਤੋਂ ਪਰ੍ਹੇ ਮਾਇਆ ਹੈ। ਉਸ ਤੋਂ ਪਰ੍ਹੇ ਮੈਂ ਹਾਂ ਜਿੱਥੇ ਕੋਈ ਨਹੀਂ ਪਹੁੰਚ ਸਕਦਾ, ਸੋ ਮੇਰਾ ਨਾਮ ਹੀ ਆਰਦ ਹੈ, ਪਰ੍ਹੇ-ਪਰ੍ਹੇ। ਸੋ ਉੱਤਮ ਜਗਿਆਸੂ ਸੀ, ਉੱਤਮ ਜਗਿਆਸੂ ਹੋਣ ਕਰਕੇ ਲਿਵ ਲੱਗ ਗਈ।

ਸੋ ਭਾਈ ਬਹਿਲੋ ਵੀ ਉੱਤਮ ਜਗਿਆਸੂ ਸੀ, ਬਚਨ ਸੁਣਦੇ ਸਾਰ ਮਨ ਵਿੱਚ ਫੈਸਲਾ ਕਰ ਲਿਆ, ਦਲੇਰ ਬੰਦਾ ਸੀ। ਕਈ ਬੰਦੇ ਸ਼ਰਾਬ ਪੀਣ ਵਾਲਿਆਂ ਨੂੰ ਮਾੜਾ ਕਹਿੰਦੇ ਨੇ। ਮੈਂ ਨਹੀਂ ਕਦੇ ਮਾੜਾ ਕਿਹਾ। ਮੈਂ ਕਿਹਾ ਜਿਹੜਾ ਪੈਸਾ ਖਰਚ ਸਕਦਾ ਹੈ ਬੇਤਹਾਸ਼ਾ ਇਹ ਬੰਦਾ ਜੇ ਇਧਰ ਆ ਜਾਵੇ ਇਹ ਦਾਨ ਵੀ ਬਹੁਤ ਕੱਢ ਸਕਦਾ ਹੈ। ਮਾੜਾ ਬੰਦਾ ਜੇ ਚੰਗਾ ਬਣ ਜਾਵੇ ਤਾਂ extreme 'ਤੇ ਚੰਗਾ ਬਣਦਾ ਹੈ। ਜਿੰਨੇ ਵੱਡੇ-ਵੱਡੇ ਮਹਾਂਪੁਰਸ਼ ਹੋਏ ਨੇ ਫੌਜ ਵਿੱਚ ਹੋਏ ਨੇ। ਦਲੇਰ ਹੁੰਦੇ ਨੇ, ਫੈਸਲਾ ਕਰਨ ਦੀ ਜ਼ੁਰਅੱਤ ਹੁੰਦੀ ਹੈ ਉਨ੍ਹਾ 'ਚ। ਫੈਸਲਾ ਕਰ ਸਕਦੇ ਨੇ। ਸੋ ਇਹ ਵੀ ਇਸਨੇ ਫੈਸਲਾ ਕਰ ਲਿਆ ਕਿ ਮੈਂ ਜਿੱਥੇ ਆਉਣਾ ਸੀ ਆ ਗਿਆ ਤੇ ਮੈਂ ਹੁਣ ਇਹ ਦਰ ਛੱਡ ਕੇ ਨਹੀਂ ਕਿਸੇ ਥਾਂ 'ਤੇ ਜਾਣਾ। ਨਾਲ ਦੇ ਸਾਥੀ ਕਹਿੰਦੇ ਨੇ ਕਿ ਚੱਲੀਏ, ਹੁਣ ਤਾਂ ਦੋ ਚੌਂਕੀਆਂ ਆਪਣੀਆਂ ਹੋਰ ਨੇ, ਫੇਰ ਆਪਾਂ ਪਹੁੰਚ ਜਾਣਾ ਹੈ। ਕਹਿੰਦਾ, ਹੁਣ ਨਹੀਂ ਮੈਂ ਜਾਂਦਾ, ਜਿੱਥੇ ਆਉਣਾ ਸੀ ਆ ਗਿਆ। ਆਹ ਮੈਂ ਬਚਨ ਨਹੀਂ ਸੁਣੇ ਇਹ ਤਾਂ ਭਰੇ ਹੋਏ ਬਾਣ ਸੀ, ਕਿਉਂਕਿ ਦੋਹਾਂ 'ਚ ਫਰਕ ਹੁੰਦਾ ਹੈ। ਜਿਹਦੇ ਅੰਦਰ ਨਿਰੰਕਾਰ ਦਾ ਵਾਸਾ ਹੁੰਦਾ ਹੈ, ਉਹਦੇ ਬਚਨ ਭਰੇ ਹੋਏ ਹੁੰਦੇ ਨੇ। ਜਿਹੜਾ ਖਾਲੀ ਹੁੰਦਾ ਹੈ ਉਹਦੇ ਖਾਲੀ ਬਚਨ ਹੁੰਦੇ ਨੇ।

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੬੯*

ਉਹਦੀ ਇੱਕ ਗੱਲ ਕਹੀ ਹੋਈ, ਤਰ ਜਾਂਦਾ ਹੈ ਬੰਦਾ। ਉਹਨੂੰ ਬਹੁਤੇ ਉਪਦੇਸ਼ ਦੇਣ ਦੀ ਲੋੜ ਨਹੀਂ ਹੁੰਦੀ। ਕਿਉਂਕਿ ਭਰੇ ਹੋਏ ਬਾਣ ਮਾਰਦਾ ਹੈ। ਉਸੇ ਅਵਸਥਾ ਨੂੰ ਇਸ ਤਰ੍ਹਾਂ ਵਰਨਣ ਕੀਤਾ ਹੈ -

*ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ,*
*ਮੇਰੇ ਪੈ ਗਿਆ ਕਲੇਜੇ ਛੇਕ।*

*ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥*
*ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥*
*ਅੰਗ - ੧੩੭੨*

ਕਹਿਣ ਲੱਗਿਆ, ਮੈਂ ਹੁਣ ਨਹੀਂ ਜਾ ਸਕਦਾ ਕਿਤੇ, ਜਿਥੇ ਆਉਣਾ ਸੀ ਆ ਗਿਆ। ਮੇਰੇ 'ਚ ਤਾਕਤ ਨਹੀਂ ਰਹੀ, ਸੱਤਾ ਨਹੀਂ ਰਹੀ। ਮੈਂ ਕਿਤੇ ਨਹੀਂ ਜਾ ਸਕਦਾ -

*ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥*
*ਅੰਗ - ੧੩੭੪*

ਕਹਿੰਦੇ ਮੇਰੇ ਤਾਂ ਪੈਰ ਪਿੰਗਲੇ ਹੋ ਗਏ, ਜਦੋਂ ਦੇ ਮੈਂ ਸਤਿਗੁਰੂ ਦੇ ਬਚਨ ਸੁਣੇ ਨੇ ਤੇ ਹੁਣ ਨਹੀਂ ਮੈਂ ਕਿਤੇ ਜਾ ਸਕਦਾ। ਕਹਿੰਦੇ, ਭਾਈ ਬਹਿਲੋ ਤੂੰ ਪੀਰ ਹੈਂ, ਸਾਰਾ ਇਲਾਕਾ ਤੇਰੇ ਪਿੱਛੇ ਲੱਗਿਆ ਹੋਇਆ ਹੈ। ਤੂੰ ਖੇਲ੍ਹ ਪਾਉਣਾ ਹੈ, ਤੇਰੀ ਮਾਨਤਾ ਹੈ ਬੇਅੰਤ ਪਿੰਡਾਂ ਦੇ ਅੰਦਰ। ਜੇ ਪੀਰ ਹੋ ਕੇ ਤੂੰ ਆਹ ਕੰਮ ਕਰਿਆ ਤਾਂ ਸਾਡਾ ਕੀ ਹਾਲ ਹੋਏਗਾ। ਦੇਖ ਪੀਰ ਨਰਾਜ਼ ਹੋ ਜਾਏਗਾ, ਡੰਗਰ ਮਾਰ ਦਏਗਾ, ਘਰਵਾਲੀ, ਬੱਚੇ ਮਾਰ ਦਏਗਾ। ਉਜਾੜਾ ਪਾ ਦਏਗਾ, ਕਰਾਮਾਤੀ ਪੀਰ ਹੈ। ਕਹਿੰਦਾ, ਨਾ ਮੈਂ ਨਹੀਂ ਕਿਤੇ ਜਾਣਾ, ਜਿੱਥੇ ਆਉਣਾ ਸੀ ਆ ਗਿਆ ਤੇ ਮੈਨੂੰ ਤਾਂ ਪੂਰਾ ਸਤਿਗੁਰੂ ਮਿਲ ਗਿਆ। ਉਹ ਕਹਿੰਦੇ ਦੁਖੀ ਹੋ ਜਾਏਂਗਾ, ਸਾਰਾ ਭਾਈਚਾਰਾ ਸਰਵਰੀਆ ਹੈ। ਉਹ ਕਹਿੰਦਾ ਜੋ ਹੋਣਾ ਹੈ ਹੋਵੇ, ਹੁਣ ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ। ਜੇ ਮੇਰਾ ਸਿਰ ਵੀ ਲਹਿ ਜਾਵੇ ਤਾਂ ਉਹ ਵੀ ਮਾਮੂਲੀ ਗਿਣਦਾ ਹਾਂ ਇਸ ਗੱਲ ਦੇ ਉਤੇ ਤੇ ਆਹ ਜਿਹੜੇ ਗੁਰੂ ਮਹਾਰਾਜ ਨੇ ਬਚਨ ਦੱਸੇ ਨੇ, ਇਹ ਤਾਂ ਮੈਂ ਅੱਜ ਤੱਕ ਸੁਣੇ ਹੀ ਨਹੀਂ ਹਨ, ਸਤਿ ਦੇ ਬਚਨ ਨੇ। ਸੋ ਸੰਗ ਛੱਡ ਕੇ ਤੁਰ ਜਾਂਦਾ ਹੈ। ਦੀਵਾਨ ਦੀ ਸਮਾਪਤੀ ਹੁੰਦੀ ਹੈ ਤੇ ਗੁਰੂ ਮਹਾਰਾਜ ਦੇ ਸਾਮ੍ਹਣੇ ਗਲ 'ਚ ਪੱਲਾ ਪਾਉਂਦਾ ਹੈ। ਉਸ ਵੇਲੇ ਬੇਨਤੀ ਕਰਦਾ ਹੈ ਇਸ ਤਰ੍ਹਾਂ, ਪੜ੍ਹੋ ਪਿਆਰ ਨਾਲ -

*ਧਾਰਨਾ - ਇਹੋ ਮੇਰੀ ਓ ਬੇਨਤੀ ਗੁਰਾਂ,*
*ਜੀ ਮੈਂ ਬਹੁੜ ਜਨਮ ਨਾ ਆਵਾਂ।*

ਪਾਤਸ਼ਾਹ! ਆਪ ਦੇ ਪ੍ਰਵਚਨ ਸੁਣੇ ਨੇ, ਜਨਮ ਮਰਨ ਤੋਂ ਮੈਨੂੰ ਬਹੁਤ ਦੁੱਖ ਲੱਗਿਆ ਹੈ, ਡਰ ਲਗਦਾ ਹੈ ਪਾਤਸ਼ਾਹ, ਇਹ ਕੱਟ ਦੇ -

*ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ॥*
*ਅੰਗ - ੪੫੭*

ਹੇ ਸਮਰੱਥ ਸਤਿਗੁਰੂ, ਜੇ ਨਿਰਮਲ, ਨਾ ਕਥੇ ਜਾਣ ਵਾਲੇ ਮਾਲਿਕ ਮੇਰੀ ਇੱਕ ਬੇਨਤੀ ਸੁਣ -

*ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ ॥*
*ਅੰਗ - ੪੫੭*

ਮੈਨੂੰ ਜਨਮ ਮਰਨ ਦੇ ਚੱਕਰ ਵਿਚੋਂ ਕੱਢ ਦੇ। ਮਹਾਰਾਜ ਜੀ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਜਗਿਆਸੂ ਉੱਤਮ ਹੈ, ਮਾਇਆ ਦੇ ਹੇਰ-ਫੇਰ ਦੇ ਅੰਦਰ ਬੜਾ ਵਕਤ ਇਹਦਾ ਲੰਘ ਗਿਆ। ਉਸ ਵੇਲੇ ਆਪ ਨੇ ਕਿਹਾ ਕਿ ਬਾਈ ਬਹਿਲੋ! ਕੀ ਕਰਦਾ ਹੁੰਦਾ ਹੈ? ਕਹਿਣ ਲੱਗਿਆ, ਮਹਾਰਾਜ! ਮੈਂ ਬੜਾ ਨਿੰਦਨੀ ਕੰਮ ਕਰਦਾ ਰਿਹਾਂ। ਕਬਰਾਂ ਨੂੰ ਮੱਥੇ ਟੇਕਦਾ ਰਿਹਾਂ, ਆਪ ਨਹੀਂ ਹਜ਼ਾਰਾਂ ਬੰਦਿਆਂ ਨੂੰ ਨਾਲ ਲਿਜਾ ਕੇ ਇਹੀ ਸਮਝਦਾ ਸੀ ਕਿ ਜ਼ਿੰਦਗੀ ਦਾ ਮਨੋਰਥ ਇਹੀ ਹੈ। ਕਹਿਣ ਲੱਗੇ, ਦੇਖ ਭਾਈ! ਗੱਲ ਸਮਝ ਲੈ ਪਹਿਲਾਂ ਕਿ ਆਹ ਸਾਰਾ ਜਿੰਨਾਂ ਤੈਨੂੰ ਨਜ਼ਰ ਆਉਂਦਾ ਹੈ, ਜਿੱਥੇ ਤੱਕ ਤੇਰੀ ਨਿਗ੍ਹਾ ਜਾਂਦੀ ਹੈ, ਜਿੱਥੇ ਨਹੀਂ ਜਾਂਦੀ ਉਥੇ ਵੀ, ਜਿਹਦੇ ਬਾਰੇ ਸੋਚਦਾ ਹੈਂ ਤੇ ਜਿਹਦੇ ਬਾਰੇ ਨਹੀਂ ਵੀ ਸੋਚਦਾ, ਉਹ ਸਾਰੇ ਇੱਕੋ ਸ਼ਕਤੀ ਪਰੀਪੂਰਨ ਹੈ। ਜਿਹਨੂੰ ਵਾਹਿਗੁਰੂ ਰਾਮ, ਅੱਲਾਹ, ਕਹਿੰਦੇ ਨੇ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*

***ਅਕਾਲ ਉਸਤਤਿ***

ਉਹ ਜਾਗ੍ਰਤ ਜੋਤ ਹੈ ਜੇਹੜੀ ਮੜੀ ਨੂੰ ਤੂੰ ਮੰਨਦਾ ਹੈਂ, ਇਹ ਮਰੀ ਹੋਈ ਚੀਜ਼ ਹੈ ਇਹਦੀਆਂ ਇੱਟਾਂ ਲਾਹ ਕੇ ਲੈ ਜਾ। ਚੁੱਕ ਕੇ ਮਿੱਟੀ ਲੈ ਜਾ, ਜਿਹੜਾ ਵਿੱਚ ਕਰੰਗ ਪਿਆ ਹੈ ਉਹਨੂੰ ਚੁੱਕ ਕੇ ਚਾਹੇ ਜਾਲ ਦੇ, ਚਾਹੇ ਸੁੱਟ ਦੇ। ਉਹਨੇ ਨਹੀਂ ਬੋਲਣਾ ਹੈਗਾ। ਨਾ ਮੂਹਰੇ ਆਉਣਾ ਹੈ, ਇਹ ਪ੍ਰਮੇਸ਼ਰ ਸਰਬਸ਼ਕਤੀਮਾਨ ਹੈ, ਇਹਦਾ ਧਿਆਨ ਕਰ ਤੇ ਧਿਆਨ ਕਰਕੇ ਇਸਦਾ ਜਪਣਾ ਕਰ, ਇਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ -

***ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ - ੨***

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖਾਲਸ ਤਾਹਿ ਨਖਾਲਸ ਜਾਨੈ॥***

ਭਾਈ ਬਹਿਲੋ! ਵਾਹਿਗੁਰੂ ਸਾਰੇ ਪਰੀਪੂਰਨ ਹੈ, ਪਹਿਲਾਂ ਇਹ ਨਿਹਚਾ ਲਿਆ। ਅੱਖਾਂ ਨਾਲ ਤਾਂ ਨਹੀਂ ਦਿਸਦਾ, ਪਰ ਅੱਖਾਂ ਖੁਲ੍ਹ ਜਾਣਗੀਆਂ। ਜਿਨ੍ਹਾਂ ਨਾਲ ਬਾਅਦ 'ਚ ਦਿਸਿਆ ਕਰਦਾ ਹੈ। ਆਹ ਜਿਹੜੀਆਂ ਸਰੀਰ ਦੀਆਂ ਅੱਖਾਂ ਨੇ ਇਹ ਲਾਈਟ ਦਾ ਪ੍ਰਤੀਬਿੰਬ ਪਵੇ ਤਾਂ ਦਿਸਦਾ ਹੈ, ਹਨ੍ਹੇਰਾ ਹੋ ਜਾਏ ਇਨ੍ਹਾਂ ਨਾਲ ਨਹੀਂ ਦਿਸਦਾ। ਬਿੱਲੀ ਦੀਆਂ ਅੱਖਾਂ ਨੇ ਇਹ ਹਨ੍ਹੇਰੇ 'ਚ ਦੇਖ ਲੈਂਦੀਆਂ ਨੇ, ਉਨ੍ਹਾਂ 'ਚ ਕੋਈ ਵਿਸ਼ੇਸ਼ਤਾਈ ਹੈ। ਅੱਖ ਦੇ ਉਤੇ ਕੋਈ ਇਤਬਾਰ ਨਹੀਂ ਹੈ। ਹਨ੍ਹੇਰੇ ਵਿੱਚ ਕਹੇ ਕੋਈ ਚੀਜ਼ ਨਹੀਂ, ਤਾਂ ਉਹਦੀ ਗਲਤੀ ਹੈ ਕਿਉਂਕਿ ਉਹਦੇ ਕੋਲ ਅੱਖ ਨਹੀਂ ਹੈ। ਉੱਲੂ ਦਿਨ ਵਿੱਚ ਨਹੀਂ ਦੇਖ ਸਕਦਾ ਜੇ ਉਹ ਕਹੇ ਦੁਨੀਆਂ ਹੈ ਹੀ ਨਹੀਂ ਤੇ ਇੱਥੇ ਤਾਂ ਜਦ ਮੈਂ ਦੇਖਦਾ ਹਾਂ ਸਭ ਸੁੱਤੇ ਪਏ ਹੁੰਦੇ ਨੇ, ਤਾਂ ਉਹਦੀ ਵੀ ਗਲਤੀ ਹੈ, ਕਿਉਂਕਿ ਉਹਦੇ ਕੋਲ ਦਿਨ ਨੂੰ ਦੇਖਣ ਵਾਲੀ ਅੱਖ ਨਹੀਂ ਹੈ। ਰਾਤ ਨੂੰ ਦੇਖਣ ਵਾਲੀ ਅੱਖ। ਮਹਾਰਾਜ ਕਹਿੰਦੇ ਇਸੇ ਤਰ੍ਹਾਂ ਪ੍ਰੇਮੀਆਂ! ਉਹ ਅੱਖ ਹੋਰ ਹੈ ਪਰ ਉਹਦੇ ਉਤੇ ਮੋਤੀਆਬਿੰਦ ਹੋਇਆ-ਹੋਇਆ ਹੈ। ਜਦੋਂ ਓਪਰੇਸ਼ਨ ਹੋ ਜਾਂਦਾ ਹੈ, ਗੁਰੂ ਸੁਰਮਾ ਪਾਉਂਦਾ ਹੈ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥***
***ਅੰਗ - ੨੯੩***

ਉਹ ਅੱਖ ਖੁਲ੍ਹ ਜਾਏਗੀ, ਜਿਹੜੀ ਲਾਈਟ ਤੋਂ ਬਗੈਰ ਦੇਖ ਸਕਦੀ ਹੈ, ਬਿੱਲੀ ਵਾਂਗਣ ਨਹੀਂ, ਬਿੱਲੀ ਨੂੰ ਨਹੀਂ ਦਿਸਦਾ ਕਿ ਵਿਚਾਲੇ ਕੀ ਹੈ। ਕੁੱਤਿਆਂ ਨੂੰ ਕਹਿੰਦੇ ਨੇ ਕਿ ਦਿਸਦਾ ਹੈ। ਇੱਕ ਹੋਰ ਚੀਜ਼ ਦਸਦੇ ਨੇ ਕਿ ਆਹ ਜਿਹੜੇ ਜਮਦੂਤ ਲੈਣ ਆਉਂਦੇ ਨੇ, ਮਾੜੀਆਂ ਰੂਹਾਂ ਫਿਰਦੀਆਂ ਨੇ ਕੁੱਤਿਆਂ ਨੂੰ ਤੇ ਬਿੱਲੀਆਂ ਨੂੰ ਦਿਸ ਜਾਂਦੀਆਂ ਨੇ। ਐਸਾ ਨਿਹਚਾ ਹੈ ਕਿਉਂਕਿ ਕੂਕਣ ਲਗ ਜਾਂਦੇ ਨੇ, ਰੋਣ ਲਗ ਜਾਂਦੇ ਨੇ। ਜਦ ਕੋਈ ਮਰਦਾ ਹੈ, ਪਹਿਲਾਂ ਹੀ ਰੋਣ ਲਗ ਜਾਂਦੇ ਨੇ। ਨੱਠੇ ਫਿਰਦੇ ਨੇ ਪਿੰਡਾਂ 'ਚ ਮਾਰੋ ਕੁੱਤੇ ਨੂੰ, ਬਦਸ਼ਗਨ ਕਰ ਰਿਹਾ ਹੈ। ਰੋਂਦਾ ਹੈ ਇਹ। ਦਿਸਦਾ ਹੈ ਉਨ੍ਹਾਂ ਨੂੰ ਜ਼ਰੂਰ ਕੁਛ ਅਨੁਭਵ ਹੁੰਦਾ ਹੈ। ਪਸ਼ੂਆਂ ਨੂੰ ਕਹਿੰਦੇ ਪਤਾ ਲਗ ਜਾਂਦਾ ਹੈ ਉਨ੍ਹਾਂ ਦੀ ਨਿਗ੍ਹਾ 'ਚ ਕਹਿੰਦੇ ਫਰਕ ਹੈ, ਨਿਗ੍ਹਾ ਵਾਹਿਗੁਰੂ ਨੇ ਹਰੇਕ ਨੂੰ ਆਪਣੇ ਕੰਮ ਜੋਗੀ ਦਿੱਤੀ ਹੋਈ ਹੈ। ਮਨੁੱਖ ਨੂੰ ਨਿਗ੍ਹਾ ਸਿਰਫ ਐਨੀ ਹੀ ਦਿੱਤੀ ਹੈ ਕਿ ਲਾਈਟ ਪਵੇ ਤਾਂ ਇਹ ਦੇਖ ਸਕਦਾ ਹੈ, ਨਹੀਂ ਤਾਂ ਦੇਖ ਨਹੀਂ ਸਕਦਾ, ਮਹਾਰਾਜ ਕਹਿੰਦੇ ਇਹਦੇ ਅੰਦਰ ਇੱਕ ਅੱਖ ਹੋਰ ਹੈ। ਜਿਹਦੇ ਉਤੇ ਮੋਤੀਆਬਿੰਦ ਹੋਇਆ-ਹੋਇਆ ਹੈ। ਉਹ ਭਜਨ ਕਰਕੇ, ਨਾਮ ਜਪ ਕੇ ਜਦੋਂ ਉਸ ਅਵਸਥਾ 'ਚ ਪਹੁੰਚਦਾ ਹੈ ਉਥੇ ਫੇਰ ਗੁਰੂ ਓਪਰੇਸ਼ਨ ਕਰ ਦਿੰਦਾ ਹੈ ਤੇ ਸੁਰਮਾ ਐਸਾ ਦੇ ਦਿੰਦਾ ਹੈ ਕਿ ਉਹ ਜਾਲਾ ਆਪੇ ਹੀ ਕੱਟਿਆ ਜਾਂਦਾ ਹੈ, ਫੇਰ ਆਹੀ ਜਾਗ੍ਰਤ ਜੋਤ ਹੈ ਜਿਹੜੀ-

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਇਹ ਪ੍ਰਤੱਖ ਨਜ਼ਰ ਆਉਣ ਲੱਗ ਜਾਂਦੀ ਹੈ ਹੁਣ ਇਹ ਨਿਹਚੇ 'ਚ ਆ ਕਿ ਇਹ ਜੋਤ ਮੇਰੇ ਚਾਰੇ ਪਾਸੇ ਹੈ। ਮੇਰੇ ਅੰਦਰ ਵੀ ਹੈ ਤੇ ਬਾਹਰ ਵੀ ਹੈ ਤੇ ਦੂਸਰਾ ਪ੍ਰੇਮੀਆਂ! ਉਸ ਨੇ ਹੀ ਆਪਣਾ ਪਸਾਰਾ ਆਪੇ ਹੀ ਕੀਤਾ ਹੋਇਆ ਹੈ ਕਿ ਇਸ ਸੰਸਾਰ ਦੇ ਅੰਦਰ ਹੋਰ ਕੁਛ ਹੈ ਨਹੀਂ। ਅਨੇਕਾਂ ਹੀ ਰੂਪਾਂ 'ਚ ਆਪ ਖੇਲ੍ਹ ਰਿਹਾ ਹੈ, ਐਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ - ਆਪੇ ਹੀ ਪਸਰਿਆ ਅਨਤ ਤਰੰਗ ਹੋ ਕੇ - ੨, ੨.***

***ਪਾਰਬ੍ਰਹਮ ਕੇ ਸਗਲੇ ਠਾਉ ॥ ਅੰਗ - ੨੭੫***

ਜਿੰਨੇ ਸਰੀਰ ਤੁਹਾਨੂੰ ਨਜ਼ਰ ਆਉਂਦੇ ਨੇ ਮਹਾਰਾਜ ਕਹਿੰਦੇ, ਸਾਰੇ ਪਾਰਬ੍ਰਹਮ ਦੇ ਰਹਿਣ ਦੇ ਥਾਂ ਨੇ।

***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥ ਅੰਗ - ੨੭੫***

ਜਿਹੜੇ-ਜਿਹੜੇ ਸਰੀਰ 'ਚ ਜਿਹੋ ਜਿਹੀ ਚੀਜ਼ ਪਾ ਦਿੱਤੀ, ਕਿਤੇ ਤਮੋ ਗੁਣ ਵੱਧ ਪਾ ਦਿੱਤਾ, ਕਿਤੇ ਰਜੋ ਗੁਣ ਵੱਧ ਪਾ ਦਿੱਤਾ, ਕਿਤੇ ਸਤੋ ਗੁਣ ਵੱਧ ਪਿਆ ਹੋਇਆ। ਕਿਤੇ ਰਜੋ ਬਰਾਬਰ ਨੇ, ਕਿਤੇ ਸਤੋ ਬਰਾਬਰ ਨੇ। ਓਹਾ ਜਿਹਾ ਹੀ ਉਹਦਾ ਨਾਉਂ ਪੈ ਗਿਆ-

***ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥***
***ਅੰਗ - ੨੭੫***

ਹੋਰ ਕੋਈ ਨਹੀਂ ਇੱਥੇ ਕਰਦਾ, ਆਪੇ ਹੀ ਕਰਦਾ ਹੈ, ਜੋ ਉਹਨੂੰ ਭਾਉਂਦਾ ਹੁੰਦਾ ਹੈ -

***ਪਸਰਿਓ ਆਪਿ ਹੋਇ ਅਨਤ ਤਰੰਗ ॥ ਅੰਗ - ੨੭੫***

ਇੱਕ ਤੋਂ ਅਨੇਕ ਹੋ ਗਿਆ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਆਹ ਨਿਹਚਾ ਰੱਖੀਂ ਤੂੰ। ਭੇਤ ਦੀ ਗੱਲ ਦਸਦੇ ਹਾਂ

ਪ੍ਰੇਮੀਆਂ ਤੈਨੂੰ। ਇਸ ਨਿਸ਼ਚੇ ਵਿੱਚ ਜੀਈਂ –

***ਪਸਰਿਓ ਆਪਿ ਹੋਇ ਅਨਤ ਤਰੰਗ ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥***
***ਜੈਸੀ ਮਤਿ ਦੇਇ ਤੈਸਾ ਪਰਗਾਸ ॥ ਅੰਗ – ੨੭੫***

ਕਿਸੇ ਨੂੰ ਵਿਦਵਾਨ ਬਣਾ ਦਿੱਤਾ, ਕਿਸੇ ਨੂੰ ਪੀ.ਐਚ.ਡੀ ਬਣਾ ਦਿੱਤਾ, ਕਿਸੇ ਨੂੰ ਡਾਕਟਰ ਦੀ ਮੱਤ ਦੇ ਦਿਤੀ, ਕਿਸੇ ਨੂੰ ਸਾਇੰਸਦਾਨ ਦੀ ਦੇ ਦਿਤੀ। ਕਿਸੇ ਨੂੰ ਮਾਰਨ ਮਰਾਉਣ ਵਾਲੀ ਦੇ ਦਿੱਤੀ। ਕਹਿੰਦੇ ਉਹੋ ਜਿਹਾ ਹੀ ਉਹਦੇ ਦਿਮਾਗ 'ਚ ਪ੍ਰਕਾਸ਼ ਹੋ ਗਿਆ। ਪਾਰਬ੍ਰਹਮ ਜਿਹੜਾ ਹੈ ਉਹ ਕਰਤਾ ਹੈ ਤੇ ਨਾਸ਼ ਤੋਂ ਰਹਿਤ ਹੈ। ਫੇਰ ਜਿਹੜਾ ਪਾਰਬ੍ਰਹਮ ਹੈ ਐਸ ਤਰ੍ਹਾਂ ਨਹੀਂ ਕਿ ਇਨ੍ਹਾਂ ਵਿੱਚ ਫਸ ਗਿਆ, ਉਹ ਫੇਰ ਨਿਆਰਾ ਹੈ। ਫਸਿਆ ਨਹੀਂ ਹੈ, ਸਭ ਕੁਛ ਦੇਖਦਾ ਹੈ ਤੇ ਫੇਰ ਨਿਆਰਾ ਹੈ। ਲੇਪ ਨਹੀਂ ਉਹਨੂੰ ਹੋਇਆ, ਆਹ ਗੱਲ ਸਮਝਣੀ ਔਖੀ ਹੈ, ਕਈਆਂ ਨੂੰ ਇਹ ਸ਼ੰਕਾ ਪੈ ਜਾਂਦਾ ਹੈ ਕਿ ਆਹ ਮਾੜੇ ਬੰਦੇ ਵੀ ਰੱਬ ਨੇ। ਰੱਬ ਤੋਂ ਬਾਹਰ ਤਾਂ ਹੈ ਨਹੀਂ, ਰੱਬ ਨਿਆਰਾ ਹੈ, ਦੇਖਣ ਵਾਲਾ ਵੀ ਹੈ। ਕੁਦਰਤ ਵਾਂਗਣ ਨਾ ਕਰੋ, ਪ੍ਰਾਕ੍ਰਿਤੀ ਵਿੱਚੋਂ ਇੰਤਜ਼ਾਮ ਨਹੀਂ ਹੈ ਕਿ ਇੱਕ ਹੁੰਦਾ, ਦੋ ਵੀ ਹੋ ਜਾਏ। ਉਹ ਦੋ ਵੀ ਹੈ ਤੇ ਇੱਕ ਵੀ ਹੈ। ਲੇਕਿਨ ਉਹਦਾ ਸਤਿ ਸਰੂਪ ਜਿਹੜਾ ਹੈ ਉਹ ਇੱਕ ਹੈ। ਆਹ ਦੂਸਰੇ ਨੂੰ ਮਾਇਆ ਕਹਿ ਦਿੰਦੇ ਨੇ –

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥***
***ਅੰਗ – ੫੩੭***

ਸੋ ਨਿਆਰਾ ਜਿਹੜਾ ਹੈ ਉਹ –

***ਸਦਾ ਸਦਾ ਸਦਾ ਦਇਆਲ ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ਅੰਗ – ੨੭੫***

ਭੂਤ, ਭਵਿੱਖਤ, ਵਰਤਮਾਨ; ਉਹਦੇ ਸੁਭਾਅ 'ਚ ਨਹੀਂ ਬਦਲੀ ਪੈਂਦੀ, ਉਹ ਤਾਂ ਦਇਆਲ ਹੀ ਹੈ, ਸਦਾ ਹੀ ਦਇਆਲ ਹੈ। ਉਹਨੂੰ ਯਾਦ ਕਰ, ਯਾਦ ਕਰ, ਯਾਦ ਕਰ। ਜੇ ਅੱਜ ਇੱਕ ਘੰਟਾ ਯਾਦ ਰੱਖਿਆ ਹੈ ਕੱਲ੍ਹ ਨੂੰ ਇੱਕ ਘੰਟਾ ਇੱਕ ਮਿੰਟ ਯਾਦ ਰੱਖੀਂ। ਐਸ ਤਰ੍ਹਾਂ ਹੀ ਕਰ ਲਓ ਕਿ ਪਰਸੋਂ ਨੂੰ ਮੈਂ ਐਨਾ ਕਰਾਂਗਾ, ਡੇਢ ਘੰਟਾ ਫੇਰ ਯਾਦ ਰੱਖਾਂਗਾ। ਯਾਦ ਰੱਖਣਾ ਹੈ ਭੁੱਲਣਾ ਨਹੀਂ ਹੈ। ਪ੍ਰੈਕਟਿਸ ਕਰ ਲਓ, ਇੱਕ ਮਿੰਟ ਤੋਂ ਸ਼ੁਰੂ ਕਰ ਲਓ ਕਿ ਇੱਕ ਮਿੰਟ ਵਾਹਿਗੁਰੂ ਯਾਦ ਰੱਖਣਾ ਹੈ। ਵਾਹਿਗੁਰੂ-ਵਾਹਿਗੁਰੂ ਤਾਂ ਅਸੀਂ ਸਾਰਾ ਦਿਨ ਕਰੀ ਜਾਵਾਂਗੇ, ਔਖਾ ਨਹੀਂ ਹੈ, ਯਾਦ ਰੱਖਣਾ ਬੜਾ ਔਖਾ ਹੈ। ਬਿਰਤੀ ਟਿਕਾ ਕੇ ਰੱਖਣੀ ਬਹੁਤ ਔਖੀ ਹੈ। ਸੋ ਕਹਿੰਦੇ ਯਾਦ ਰੱਖ, ਯਾਦ ਰੱਖ, ਯਾਦ ਰੱਖਣ ਦੇ ਨਾਲ ਹੀ ਨਿਹਾਲ ਹੋ ਜਾਏਂਗਾ।

***ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥***
***ਅੰਗ – ੨੯੭***

ਸਮਝ 'ਚ ਆ ਗਈ ਗੱਲ, ਕੋਸ਼ਿਸ਼ ਕਰ ਰਿਹਾ ਹੈ ਕਿ ਮੈਂ ਯਾਦ ਰੱਖਾਂ। ਹੱਥ ਜੋੜ ਲਏ ਕਿ ਪਾਤਸ਼ਾਹ! ਜਦੋਂ ਤੁਸੀਂ ਫੁਰਮਾ ਰਹੇ ਸੀ ਉਸ ਵੇਲੇ ਯਾਦ ਸੀ ਹੁਣ ਨਹੀਂ ਮੇਰੇ ਯਾਦ ਆ ਰਿਹਾ। ਕਹਿੰਦੇ, ਇਸ ਤਰ੍ਹਾਂ ਨਹੀਂ ਯਾਦ ਆਉਣਾ ਭਾਈ ਬਹਿਲੋ। ਹੋ ਸਾਵਧਾਨ ਤੈਨੂੰ ਯਾਦ ਕਰਨ ਦਾ ਮੰਤਰ ਦੇਈਏ। ਸਾਵਧਾਨ ਹੋ ਗਿਆ, ਉਸੇ ਵੇਲੇ ਮੁਖਾਰਬਿੰਦ ਤੋਂ ਹੋਇਆ ਕਹੁ ਵਾਹਿਗੁਰੂ-ਕਹੁ ਵਾਹਿਗੁਰੂ। ਵਾਹਿਗੁਰੂ ਕਹਿਣ ਦੀ ਦੇਰ ਸੀ, ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਤੱਕ ਝਰਨ੍ਹਾਟਾਂ ਚੱਲਣ ਲੱਗ ਗਈਆਂ। ਯਾਦ ਵਿੱਚ ਚਲਿਆ ਗਿਆ। ਸਮਾਧੀ ਲੱਗ ਗਈ। ਉਹਦੇ 'ਚੋਂ ਨਿਕਲਣ ਨੂੰ ਜੀਅ ਨਹੀਂ ਕਰਦਾ। ਸਾਵਧਾਨ ਹੋਇਆ, ਮਹਾਰਾਜ ਕਹਿੰਦੇ ਹੁਣ ਪ੍ਰੇਮੀਆਂ! ਸਰੀਰ ਨੇ ਕੁਛ ਨਾ ਕੁਛ ਕਰਨਾ ਹੀ ਹੈ। ਜੇ ਇਹਨੂੰ ਵਿਹਲਾ ਬਿਠਾ ਦਿਓ ਇਹ ਵੀ ਠੀਕ ਹੈ। ਸਾਰੇ ਕਰਮ ਕਰਨ ਨਾਲੋਂ ਸੇਵਾ ਕਰਨਾ ਸਭ ਤੋਂ ਉੱਤਮ ਕਰਮ ਹੈ। ਲੇਕਿਨ ਸੇਵਾ ਦੇ ਵਿੱਚ ਭੇਤ ਹੈ, ਇੱਕ ਜੀਉਂਦਾ ਬੰਦਾ ਸੇਵਾ ਕਰਦਾ ਹੈ। ਇੱਕ ਆਪਣੇ ਆਪ ਨੂੰ ਮਰਿਆ ਹੋਇਆ ਸਮਝਦਾ ਹੈ। ਇੱਕ ਤਾਂ ਸਿਦਕ ਦੇ ਵਿੱਚ ਰਹਿਣਾ ਹੈ। ਸ਼ਕਤੀਆਂ ਆਉਣੀਆਂ ਨੇ ਫੇਰ ਸਬਰ ਵਿੱਚ ਰਹਿਣਾ ਹੈ। ਦਿਖਾਉਣੀਆਂ ਨਹੀਂ ਹਨ, ਆਪਣਾ ਆਪਾ ਨਹੀਂ ਦਿਖਾਉਣਾ, ਉਛਲ-ਉਛਲ ਨਹੀਂ ਪੈਣਾ, ਇਹ ਕੁਛ ਰਹਿਤਾਂ ਨੇ ਸੇਵਾ ਦੀਆਂ, ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਕਰ ਸਿਦਕ ਸਬੂਰੀ ਜੀ,***
***ਮੁਰਦੇ ਵਾਂਗ ਮੁਰੀਦ ਹੋਇ।***
***ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।***
***ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।***
***ਤੂਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।***
***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।***
***ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।***
***ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥***
***ਭਾਈ ਗੁਰਦਾਸ ਜੀ, ਵਾਰ ੨੭/੧੯***

ਕਹਿਣ ਲੱਗੇ, ਸੇਵਾ ਕਰ, ਸਿਮਰਨ ਕਰ, ਹੱਥਾਂ ਪੈਰਾਂ ਨਾਲ ਸੇਵਾ ਕਰ ਤੇ ਮਨ ਦੇ ਅੰਦਰ ਇਹ ਵਿਸ਼ਵਾਸ਼ ਹਰ ਵਕਤ ਕਾਇਮ ਰੱਖਣ ਦਾ ਯਤਨ ਕਰ ਕਿ ਮੇਰੇ ਚਾਰੇ ਪਾਸੇ ਦਿਆਲੂ ਕ੍ਰਿਪਾਲੂ, ਪਤਿਤ ਪਾਵਨ ਵਾਹਿਗੁਰੂ ਜਿਹਦਾ ਕੋਈ ਆਦਿ ਅੰਤ ਨਹੀਂ, ਉਹਨੂੰ ਮਹਿਸੂਸ ਕਰ ਕਿ ਮੇਰੇ ਨਾਲ ਪਿਆਰ ਕਰਦਾ ਹੈ। ਉਹ ਮੇਰਾ ਆਪਣਾ ਹੀ ਹੈ। ਮਹਾਰਾਜ ਕਹਿੰਦੇ, ਕੋਈ ਦੁਨੀਆਂ 'ਚ ਹੈ ਜਿਹੜਾ ਕਹੇ ਮੇਰਾ ਨਹੀਂ ਵਾਹਿਗੁਰੂ –

***ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥***
***ਅੰਗ – ੪੭੩***

ਕਹਿੰਦੇ, ਲਿਆਓ ਕੱਢ ਕੇ ਜਿਹੜਾ ਕਹੇ ਕਿ ਮੇਰਾ ਰੱਬ ਨਹੀਂ ਹੈ। ਬਿਪਤਾ ਪੈਂਦੀ ਹੈ, ਕਹਿੰਦਾ ਹੈ ਹਾਇ ਓ ਮੇਰੇ ਰੱਬਾ! ਕਦੇ ਨਹੀਂ ਕਹਿੰਦਾ ਕਿ ਫਲਾਣੇ ਦਿਆ ਰੱਬਾ! ਸਭ ਦਾ ਰੱਬ ਆਪਣਾ ਹੈ। ਇਸ ਤਰ੍ਹਾਂ ਤੂੰ ਮਹਿਸੂਸ ਕਰਕੇ – 'ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।' ਖਾਕ ਬਣ ਜਾ, ਚਰਨਾਂ ਦੀ ਧੂੜੀ ਬਣ ਜਾ। 'ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ। ਤੂਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।' ਆਹ ਗੱਲ ਬੜੀ ਔਖੀ ਹੁੰਦੀ ਹੈ, ਕਹਿੰਦਾ ਹੈ ਗਰਦ ਪੈ ਜਾਏਗੀ ਮੇਰੇ ਉਤੇ ਜੇ ਤਪੜ ਝਾੜੇ। ਮਹਾਰਾਜ ਨੇ ਪ੍ਰਸ਼ਾਦੇ ਲਾਹੁੰਣ ਵਾਲਿਆਂ ਨਾਲੋਂ ਇਹਨੂੰ ਜ਼ਿਆਦਾ ਮਹੱਤਤਾ ਦਿਤੀ ਹੈ ਜਿਹੜੇ ਝੋਕਾ ਲਾਉਂਦੇ ਨੇ। ਕਿਉਂ? ਉਪਰ ਤਾਂ ਤਵੀ ਹੁੰਦੀ ਹੈ, ਰੋਟੀਆਂ ਪੈ ਜਾਂਦੀਆਂ ਨੇ, ਸੇਕ ਨਹੀਂ

ਆਉਂਦਾ। ਜਿਹੜਾ ਸਾਮ੍ਹਣੇ ਅੱਗ ਦੇ ਬੈਠਾ ਹੈ ਉਹ ਸਾਧ ਨਾਲੋਂ ਹਜ਼ਾਰਾਂ ਗੁਣਾਂ ਚੰਗਾ ਹੈ ਜਿਹੜਾ ਧੂਣੀਆਂ ਤਾਪਦਾ ਹੈ। '.........ਚੁਲਿ ਝੋਕਿ ਨ ਝੂਰੀ।' ਝੋਰਾ ਨਹੀਂ ਕੋਈ ਮਨ ਦੇ ਅੰਦਰ। ਹੋਏਗਾ ਕੀ? ਚੰਦਨ ਤੋਂ ਸਿੰਮਲ ਬਣ ਜਾਏਗਾ। ਨਾਮ ਦਾ ਰਸ ਉਹਦੇ 'ਚ ਆ ਜਾਏਗਾ।

ਸੋ ਸੇਵਾ ਵੀ ਕਰਦਾ ਹੈ ਤੇ ਸਿਮਰਨ ਵੀ ਕਰਦਾ ਹੈ। ਐਸਾ ਬਾਣ ਲੱਗਿਆ ਕਿ ਇੱਕ ਘੜੀ ਵੀ ਸਿਮਰਨ ਤੋਂ ਬਗੈਰ ਨਹੀਂ ਰਹਿੰਦਾ। ਅਵਸਥਾ ਵੱਧ ਗਈ, ਰਸਨਾ ਤੋਂ ਸਵਾਸ 'ਤੇ ਨਾਮ ਆ ਗਿਆ, ਸਵਾਸ ਤੋਂ ਹਿਰਦੇ 'ਚ ਚਲਿਆ ਗਿਆ, ਹਿਰਦੇ 'ਚੋਂ ਨਾਭੀ 'ਚ ਚਲਿਆ ਗਿਆ। ਨਾਭੀ ਤੋਂ ਆਗਿਆ ਚੱਕਰ 'ਚ ਆ ਗਿਆ। ਫੈਲ ਗਿਆ ਸਾਰੇ ਸਰੀਰ ਦੇ ਅੰਦਰ ਤੇ ਰੋਮ-ਰੋਮ ਦੇ ਅੰਦਰੋਂ ਨਾਮ ਦੀ ਧੁਨ ਆ ਰਹੀ ਹੈ।

***ਧਾਰਨਾ - ਰੋਮ-ਰੋਮ ਹਰਿ ਧਿਆਵੈ,***
***ਗੁਰਮੁਖ ਪਿਆਰੇ ਦਾ।***

ਮਹਾਰਾਜ ਕਹਿੰਦੇ, ਜਿਹਦਾ ਰੋਮ-ਰੋਮ ਨਾਮ ਜਪਦਾ ਹੈ, ਭੁੱਲਦਾ ਨਹੀਂ ਅੱਠੇ ਪਹਿਰ ਸੌਂਦਾ ਜਾਗਦਾ, ਸੱਚ 'ਚ ਉਹਦੀ ਸਮਾਈ ਹੋ ਜਾਂਦੀ ਹੈ ਤੇ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਸਨੂੰ ਮਹਾਰਾਜ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ -

***ਧਾਰਨਾ - ਮਨ ਚੜ੍ਹਿਆ ਦਸਵੇਂ ਆਕਾਸ਼ ਗੁਰਮੁਖ ਪਿਆਰੇ ਦਾ।***
***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥***
***ਅੰਗ - ੧੪੧੪***

ਸਹਜਿ ਅਵਸਥਾ 'ਚ ਮਨ ਚਲਿਆ ਗਿਆ।

***ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥***
***ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ ॥***
***ਅੰਗ - ੬੫੩***

ਹਰ ਵਕਤ ਨਾਮ 'ਚ ਰਹਿੰਦਾ ਹੈ। ਇਧਰਲੇ ਪਾਸੇ ਸੇਵਾ ਕਿੰਨੀ ਕਠਿਨ ਕਰ ਰਿਹਾ ਹੈ। ਆਵੇ ਲਾਏ ਹੋਏ ਨੇ ਗੁਰੂ ਮਹਾਰਾਜ ਨੇ, ਸਰੋਵਰ ਦੀਆਂ ਬਾਂਹੀਆਂ ਪੱਕੀਆਂ ਕਰਨ ਵਾਸਤੇ। ਇੱਕ ਆਵਾ ਇਸਨੂੰ ਵੀ ਸਪੁਰਦ ਕੀਤਾ ਗਿਆ। ਇਹਨੂੰ ਮਿਸਤਰੀਆ ਨੇ ਦੱਸਿਆ ਕਿ ਆਵੇ ਦੇ ਅੰਦਰ ਜੇ ਮਨੁੱਖ ਦਾ ਵਿਸ਼ਟਾ ਪਾਇਆ ਜਾਵੇ ਤਾਂ ਇੱਟ ਬਹੁਤ ਪੱਕਦੀ ਹੈ। ਚਾਉ ਚੜ੍ਹ ਗਿਆ ਜੁਗਤੀ ਆ ਗਈ। ਬੋਰੀਆਂ ਮੰਗਾ ਲਈਆਂ, ਝੁੰਬ ਮਾਰ ਲਿਆ, ਟੋਕਰਾ ਲੈ ਲਿਆ, ਸਿਉਂ ਲਿਆ ਚੰਗੀ ਤਰ੍ਹਾਂ ਦੇ ਨਾਲ, ਉਸੇ ਵੇਲੇ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ। ਵਿਸ਼ਟਾ ਚੁੱਕਦਾ ਹੈ ਦੂਰ-ਦੂਰ ਤੋਂ ਲਿਆਂਦਾ ਹੈ। ਕਿਸੇ ਨੂੰ ਨਹੀਂ ਜਣਾਉਂਦਾ, ਕਿਸੇ ਨਾਲ ਨਹੀਂ ਗੱਲ ਕਰਦਾ। ਹਰ ਵਕਤ ਨਾਮ 'ਚ ਰਹਿੰਦਾ ਹੈ, ਹੱਥਾਂ ਪੈਰਾਂ ਦੇ ਨਾਲ ਕੰਮ ਕਰਦਾ, ਸੁਰਤੀ ਦੇ ਵਿੱਚ ਹਰ ਵਕਤ ਨਾਮ ਹੈ। ਨਾਲ ਦੀ ਨਾਲ ਇੱਕ ਹੋਰ ਗੱਲ ਦੀ ਵੀ ਸੋਝੀ ਪਈ ਕਿ ਗੁਰੂ ਘਰ 'ਚ ਪ੍ਰਸ਼ਾਦਾ ਛਕ ਕੇ ਕਮਾਈ ਵੰਡੀ ਜਾਂਦੀ ਹੈ। ਝਾਕ ਹੋ ਜਾਂਦੀ ਹੈ ਰਹਿਣ ਵਾਲਿਆਂ ਨੂੰ ਕਿ ਮੈਨੂੰ ਆਹ ਚੀਜ਼ ਨਹੀਂ ਅੱਜ ਦਿੱਤੀ। ਲੱਡੂ-ਜਲੇਬੀਆਂ ਆ ਜਾਣ, ਇੱਕ ਨੂੰ ਛੱਡ ਕੇ ਦੇਖ ਲਓ ਉਹ ਕਹੇਗਾ ਕਿ ਮੈਨੂੰ ਤਾਂ ਦਿੱਤਾ ਹੀ ਨਹੀਂ ਹੈ। ਇਹਨੂੰ ਝਾਕ ਕਹਿੰਦੇ ਨੇ। ਚਿੱਤ ਦੇ ਅੰਦਰ ਫੁਰਨਾ ਉੱਠਣਾ ਕਿ ਆਹ ਚੀਜ਼ ਮੈਨੂੰ ਕਿਉਂ ਨਹੀਂ ਦਿੱਤੀ, ਬਾਕੀ ਸਾਰਿਆਂ ਨੂੰ ਦਿੱਤੀ ਹੈ। ਇਹ ਝਾਕ ਹੋ ਜਾਂਦੀ ਹੈ ਇਸਨੂੰ ਜ਼ਹਿਰ ਕਹਿੰਦੇ ਨੇ। ਐਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ,***
***ਧਾਨ ਬੁਰਾ ਪੂਜਾ ਦਾ।***
***ਜਿਉ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ।***
***ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।***
***ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।***
***ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।***
***ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।***
***ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥***
***ਭਾਈ ਗੁਰਦਾਸ ਜੀ, ਵਾਰ ੩੫/੧੨***

ਜੈਸਾ ਵਿਹੁ ਦਾ ਕੈਪਸੂਲ ਖਾ ਲਿਆ, ਜਿਹੋ ਜਿਹਾ ਧਰਮਸਾਲਾ ਦਾ ਪੈਸਾ ਖਾ ਲਿਆ। ਕਿਉਂਕਿ ਇਹ ਔਖਾ ਕਰਦਾ ਹੈ -

***ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ।***
***ਸੋਇਨੇ ਨੋ ਹਥੁ ਪਾਇਦਾ ਹੁਇ ਵੰਞੈ ਖਾਕੁ।***
***ਭਾਈ ਗੁਰਦਾਸ ਜੀ ਵਾਰ ੩੫/੧੩***

ਸੋਨੇ ਨੂੰ ਹੱਥ ਪਾ ਲਏ ਪੂਜਾ ਖਾਣ ਵਾਲਾ, ਖਾਕ ਬਣ ਜਾਏਗਾ।

***ਇਠ ਮਿਤ ਪੁਤ ਭਾਇਰਾ ਵਿਹਰਨਿ ਸਭ ਸਾਕ।***
***ਭਾਈ ਗੁਰਦਾਸ ਜੀ ਵਾਰ ੩੫/੧੩***

ਸਭ ਵਿਗੜ ਜਾਣਗੇ, ਵਿਕਾਰੀ ਹੋ ਜਾਣਗੇ।

***ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ ਨਾਪਾਕੁ।***
***ਵਤੈ ਮੁਤੜਿ ਰੰਨ ਜਿਉ ਦਰਿ ਮਿਲੈ ਤਲਾਕੁ।***
***ਭਾਈ ਗੁਰਦਾਸ ਜੀ ਵਾਰ ੩੫/੧੩***

ਰੱਬ ਦੇ ਦਰ ਤੋਂ ਤਲਾਕ ਮਿਲ ਜਾਂਦਾ ਹੈ। ਕਹਿੰਦੇ ਜਿਵੇਂ, ਔਰਤ ਹੁੰਦੀ ਹੈ ਛੱਡੀ ਹੋਈ, ਐਂ ਤੁਰਿਆ ਫਿਰਦਾ ਹੈ -

***ਦੁਖੁ ਭੁਖੁ ਦਾਲਿਦ ਘਣਾ ਦੋਜਕ ਅਉਤਾਕੁ॥***
***ਭਾਈ ਗੁਰਦਾਸ ਜੀ ਵਾਰ ੩੫/੧੩***

ਦੁਖ ਵੀ ਆ ਜਾਏਗਾ, ਭੁੱਖ ਵੀ ਆ ਜਾਏਗੀ ਤੇ ਦਲਿੱਦਰ ਵੀ ਆ ਜਾਏਗਾ, ਦੋਜਕ ਦਾ ਸੰਗਲ ਗਲ ਵਿੱਚ ਪੈ ਜਾਏਗਾ।

ਸੁਣਿਆ, ਫੈਸਲਾ ਕਰ ਲਿਆ, ਉਸੇ ਵੇਲੇ ਇੱਕ ਸੇਠ ਕੋਲ ਗਏ, ਸਾਰਾ ਦਿਨ ਸੇਵਾ ਕਰਦੇ ਨੇ ਹਨ੍ਹੇਰੇ ਹੋਏ ਜਾ ਕੇ ਸੇਠ ਦਾ ਕੰਮ ਕਰਦੇ ਨੇ, ਚੱਕੀ ਪੀਂਹਦੇ ਨੇ, ਦਾਲਾਂ ਦਲਦੇ ਨੇ। ਹੋਰ ਅਨੇਕਾਂ ਕੰਮ ਕਰਦੇ ਨੇ। ਉਹਦੇ ਨਾਲ ਸਿਰਫ ਇਹ ਕਰਿਆ ਕਿ ਮੈਨੂੰ ਪ੍ਰਸ਼ਾਦਾ ਦੇ ਦਿਆ ਕਰ। ਕੱਪੜਾ ਮੇਰਾ ਫਟ ਜਾਏ, ਕੱਪੜਾ ਦੇ ਦੇਈਂ। ਹੋਰ ਮੈਂ ਤੇਰੇ ਤੋਂ ਕੋਈ ਮਜੂਰੀ ਨਹੀਂ ਮੰਗਦਾ। ਸਮਾਂ ਲੰਘ ਗਿਆ, ਆਵੇ ਪੱਕ ਗਏ। ਹਰ ਵਕਤ ਧਿਆਨ ਵਾਹਿਗੁਰੂ 'ਚ ਰਹਿੰਦਾ ਹੈ, ਸੇਵਾ 'ਚ ਰਹਿੰਦਾ ਹੈ। ਇੱਕ ਸਕਿੰਟ ਵੀ ਜ਼ਾਇਆ ਨਹੀਂ ਜਾਂਦਾ। ਇੱਟਾਂ ਨਿਕਲ ਆਈਆਂ, ਗੁਰੂ ਮਹਾਰਾਜ ਕੋਲ ਸਾਰੇ

ਆਵਿਆਂ ਦੀਆਂ ਇੱਟਾਂ ਆ ਗਈਆਂ, ਮਹਾਰਾਜ ਆਪਣੇ ਦਸਤ-ਏ-ਮੁਬਾਰਕ ਦੇ ਨਾਲ ਖੜਕਾ-ਖੜਕਾ ਕੇ ਦੇਖਦੇ ਨੇ ਇੱਟਾਂ ਨੂੰ, ਇੱਟ ਨਾਲ ਇੱਟ ਮਾਰਦੇ ਨੇ ਕਿਹੋ ਜਿਹੀ ਆਵਾਜ਼ ਆਉਂਦੀ ਹੈ। ਜਦ ਭਾਈ ਬਹਿਲੋ ਦੇ ਆਵੇ ਦੀ ਇੱਟ ਆ ਗਈ ਸਾਮ੍ਹਣੇ, ਗੁਰੂ ਮਹਾਰਾਜ ਨੇ ਜਦੋਂ ਇੱਕ ਇੱਟ ਨਾਲ ਦੂਜੀ ਖੜ੍ਹਕਾਈ, ਐਂ ਲੱਗਿਆ ਜਿਵੇਂ ਕੋਈ ਰਾਗ ਨਿਕਲਦਾ ਹੁੰਦਾ ਹੈ ਵਿਚੋਂ। ਬਹੁਤ ਹੀ ਵਧੀਆ ਆਵਾਜ਼ ਆਈ ਰਸੀਲੀ। ਫੇਰ ਮਹਾਰਾਜ ਨੇ ਵਜਾਈ, ਫੇਰ ਵਜਾਈ, ਫੇਰ ਵਜਾਈ। ਕਹਿਣ ਲੱਗੇ, ਇਹ ਆਵਾ ਕਿਸ ਦਾ ਹੈ? ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹ ਉਸੇ ਭਾਈ ਬਹਿਲੋ ਦਾ ਹੈ, ਜਿਹੜਾ ਸਰਵਰੀਆ ਸਿੱਖ ਸੀ, ਜਦ ਤੋਂ ਆਪ ਨੇ ਨਾਮ ਦਾਨ ਦੀ ਦਾਤ ਦਿੱਤੀ ਹੈ, ਮੁੜ ਕੇ ਘਰ ਨਹੀਂ ਗਿਆ। ਪਾਤਸ਼ਾਹ ਉਹ ਹਰ ਵਕਤ ਬੰਦਗੀ ਕਰਦਾ ਰਹਿੰਦਾ ਹੈ। ਕਿਸੇ ਨਾਲ ਬੋਲਦਾ ਨਹੀਂ, ਇਸ ਤੋਂ ਵਿਸ਼ੇਸ਼ ਇਹ ਹੈ ਕਿ ਉਸਨੂੰ ਪਤਾ ਲੱਗਿਆ ਕਿ ਮਨੁੱਖ ਦਾ ਵਿਸ਼ਟਾ ਜੇ ਪਾਇਆ ਜਾਵੇ ਆਵਿਆਂ 'ਚ ਤਾਂ ਇੱਟ ਬਹੁਤ ਵਧੀਆ ਪੱਕਦੀ ਹੈ। ਪਾਤਸ਼ਾਹ! ਉਹ ਤਾਂ ਦਿਨ ਰਾਤ ਇਹੀ ਕੰਮ ਕਰਦਾ ਹੈ ਤੇ ਮਹਾਰਾਜ ਜੀ ਉਸੇ ਵੇਲੇ ਪੁੱਛਣ ਲੱਗੇ ਕਿ ਹੁਣ ਕਿੱਥੇ ਹੈ? ਕਹਿੰਦੇ, ਮਹਾਰਾਜ! ਆਵੇ 'ਚ ਵਿਸ਼ਟਾ ਪਾ ਰਿਹਾ ਹੈ। ਉਸੇ ਵੇਲੇ ਮਹਾਰਾਜ ਜੀ ਚਲੇ ਜਾਂਦੇ ਨੇ। ਦੇਖਿਆ, ਕਿਸੇ ਦਾ ਧਿਆਨ ਨਹੀਂ। ਆਵਾਜ਼ ਆ ਰਹੀ ਹੈ ਸਤਿਨਾਮ ਵਾਹਿਗੁਰੂ-ਵਾਹਿਗੁਰੂ। ਟੋਕਰੀ ਭਰੀ ਆਉਂਦਾ ਹੈ, ਲਿਆ ਕੇ ਸੁੱਟ ਦਿੱਤੀ। ਮਹਾਰਾਜ ਕਹਿੰਦੇ, ਭਾਈ ਬਹਿਲੋ! ਲਾਹ ਦੇ ਇਹ। ਬੁੱਕਲ 'ਚ ਲੈ ਲਿਆ, ਤਿੰਨ ਵਾਰੀ ਕਿਹਾ ਭਾਈ ਬਹਿਲੋ! ਨਿਹਾਲ! ਨਿਹਾਲ! ਨਿਹਾਲ। 'ਭਾਈ ਬਹਿਲੋ ਸਭ ਤੋਂ ਪਹਿਲੋਂ।' ਬੇਅੰਤ ਗੁਰਸਿੱਖ ਸੀਗੇ ਉਥੇ, ਬੇਅੰਤ ਹੀ ਸੇਵਾ ਕਰਦੇ ਸੀ। ਪਰ ਇਸ ਦੀ ਸੇਵਾ 'ਤੇ ਗੁਰੂ ਮਹਾਰਾਜ ਜੀ ਐਨੇ ਪ੍ਰਸੰਨ ਹੋਏ ਕਿ ਸਾਰਿਆਂ ਤੋਂ ਪਹਿਲੇ ਨੰਬਰ 'ਤੇ ਕੱਢ ਲਿਆ। ਰੂਪ ਹੀ ਬਣ ਗਿਆ ਗੁਰੂ ਦਾ ਸਾਧਸੰਗਤ ਜੀ।

***ਧਾਰਨਾ - ਬਣ ਗਿਆ ਗੁਰਾਂ ਦਾ ਰੂਪ,***
***ਸੇਵਾ ਕਰਕੇ ਗੁਰਮੁਖ ਪਿਆਰਾ।***

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥*** ***ਅੰਗ - ੧੦੭੬***

ਜਿਵੇਂ ਪਾਣੀ 'ਚੋਂ ਲਹਿਰ ਉਠਦੀ ਹੈ, ਮੁੜ ਕੇ ਪਾਣੀ 'ਚ ਸਮਾਅ ਜਾਂਦੀ ਹੈ। ਇਸ ਤਰ੍ਹਾਂ ਨਿਹਾਲ ਕਰ ਦਿੱਤਾ, ਸਾਰੀਆਂ ਰਿੱਧੀਆਂ-ਸਿੱਧੀਆਂ, ਬ੍ਰਹਮਗਿਆਨ ਦੇ ਭੰਡਾਰ ਬਖਸ਼ ਦਿੱਤੇ ਗੁਰੂ ਮਹਾਰਾਜ ਨੇ, ਸੇਵਕ 'ਤੇ ਖੁਸ਼ ਹੋ ਕੇ। ਕਹਿਣ ਲੱਗੇ, ਭਾਈ ਬਹਿਲੋ! ਤੇਰੀ ਸੇਵਾ ਥਾਂ ਪਈ, ਹੁਣ ਤੂੰ ਜਾਹ। ਘਰ ਚਲਿਆ ਜਾਹ, ਤੇਰੀ ਜ਼ੁਬਾਨ ਦੇ ਉਤੇ ਗੁਰੂ ਨਾਨਕ ਦਾ ਵਾਸਾ ਹੋਏਗਾ। ਜਾਹ, ਤੈਨੂੰ ਬਠਿੰਡਾ ਜ਼ਿਲੇ ਦੀ ਸਾਰੀ ਸਿੱਖੀ ਸੇਵਕੀ ਦਿੱਤੀ। ਜਿਨ੍ਹਾਂ ਨੂੰ ਕਬਰਾਂ 'ਤੇ ਲੈ ਕੇ ਜਾਂਦਾ ਸੀ, ਉਨ੍ਹਾਂ ਨੂੰ ਮਤ ਦੇਹ ਤੇ ਗੁਰੂ ਦੀ ਸਿੱਖੀ ਧਾਰਨ ਕਰਾ ਤੇ ਪ੍ਰਮੇਸ਼ਰ ਨਾਲ ਜੋੜ।

ਭਾਈ ਬਹਿਲੋ ਹੁਕਮ ਮੰਨ ਕੇ ਘਰ ਆ ਗਿਆ। ਵਿਛੜਨਾ ਨਹੀਂ ਚਾਹੁੰਦਾ, ਘਰ ਆਇਆ ਮੁਕਾਮ ਵਗੈਰਾ ਢਾਹ ਦਿੱਤੇ। ਇੱਕ ਬਚਨ ਕਰਦਾ ਸੀ ਅਸਰ ਹੋ ਜਾਂਦਾ ਸੀ। ਸਾਰਾ ਮਾਲਵਾ ਸਿੱਖੀ 'ਚ ਲੈ ਆਇਆ। ਗੁਰੂ ਮਹਾਰਾਜ ਦੇ ਕੋਲ ਵੱਡਾ ਭਾਰਾ ਸੰਗ, ਜਿਹੋ ਜਿਹੇ ਉਥੇ ਲੈ ਕੇ ਜਾਂਦਾ ਸੀ, ਉਸ ਤੋਂ ਵੀ ਵੱਡੇ-ਵੱਡੇ ਸੰਗ, ਸੰਗਤਾਂ ਦੇ ਜੱਥੇ ਬਣਾ-ਬਣਾ ਕੇ ਗੁਰੂ ਮਹਾਰਾਜ ਕੋਲ ਅੰਮ੍ਰਿਤਸਰ ਲੈ ਕੇ ਆਉਣਾ। ਐਸਾ ਗੁਰਸਿੱਖ ਸੇਵਾ ਕਰਕੇ, ਕਿੰਨਾ ਪਿਆਰ ਹਾਸਿਲ ਕਰਿਆ। ਗੁਰੂ ਨੂੰ ਪਿਆਰਾ ਹੋਇਆ ਕਰਦਾ ਹੈ ਸਿੱਖ ਜੋ ਸੇਵਾ ਕਰਦਾ ਹੈ -

***ਧਾਰਨਾ - ਸਤਿਗੁਰੂ ਨੂੰ ਪਿਆਰੇ ਨੇ, ਸੇਵਾ ਜੋ ਕਰਦੇ ਗੁਰਾਂ ਦੀ।***

ਕਿੱਡੀ ਵੱਡੀ ਪਦਵੀ ਸੇਵਾ ਨਾਲ ਪ੍ਰਾਪਤ ਹੁੰਦੀ ਹੈ।ਸੇਵਾ ਅਨਿਕ ਭਾਂਤ ਦੀ ਹੈ, ਕੀਰਤਨ ਕਰਨਾ, ਨਿਸ਼ਕਾਮ ਹੋ ਕੇ, ਮਸਤ ਹੋ ਕੇ ਹਰੀ ਦਾ ਜਸ ਕਰਨਾ। ਕਿੱਡੀ ਵੱਡੀ ਸੇਵਾ ਹੁੰਦੀ ਹੈ, ਅੰਮ੍ਰਿਤ ਵੇਲੇ ਜਾਗਦੇ ਨੇ। ਦੂਰ-ਦੂਰ ਜਾਂਦੇ ਨੇ, ਆਸਾ ਜੀ ਦੀਆਂ ਵਾਰਾਂ ਲਗਦੀਆਂ ਨੇ। ਸੇਵਾ ਹੋ ਰਹੀ ਹੈ। ਲੰਗਰ ਵਾਸਤੇ ਪ੍ਰਸ਼ਾਦੇ ਲਿਆ-ਲਿਆ ਕੇ ਲਿਆਉਂਦੇ ਨੇ। ਅਨੇਕ ਤਰ੍ਹਾਂ ਦੀਆਂ ਸੇਵਾ ਚਲ ਰਹੀਆਂ ਨੇ ਤੇ ਸੇਵਾ ਦੇ ਨਾਲ ਹੀ ਪਿਆਰ ਪ੍ਰਾਪਤ ਹੁੰਦਾ ਹੈ। ਹੁਕਮ ਹੈ ਮਹਾਰਾਜ ਦਾ -

***ਗੁਰ ਕੇ ਸੇਵਕ ਸਤਿਗੁਰ ਪਿਆਰੇ ॥***
***ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥***
***ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ॥***
***ਅੰਗ - ੧੦੨੬***

ਕਿੰਨੇ ਬਚਨ ਕਹਿ ਗਏ ਇੱਕ ਤੁਕ ਦੇ ਅੰਦਰ। ਕਹਿੰਦੇ, ਗੁਰੂ ਦੇ ਪਿਆਰੇ ਨੇ ਤੇ ਸੱਚੇ ਤਖਤ ਦੇ ਉਤੇ ਉਨ੍ਹਾਂ ਦਾ ਵਾਸਾ ਹੋ ਜਾਂਦਾ ਹੈ। 'ਸੋ ਸ਼ਬਦ' ਓਅੰਕਾਰ ਦੇ ਸ਼ਬਦ ਨੂੰ ਵਿਚਾਰਦੇ ਨੇ ਤੇ ਆਤਮ ਤੱਤ ਨੂੰ ਪ੍ਰਾਪਤ ਕਰ ਲੈਂਦੇ ਨੇ। ਇਹ ਸਤਿਸੰਗ ਦੇ ਵਿੱਚ ਆਉਣ ਦੀ ਵਡਿਆਈ ਹੈ ਸਾਧਸੰਗਤ ਜੀ। ਇਸ ਕਰਕੇ ਆਪਾਂ ਅਰਦਾਸ ਕਰੀਏ ਕਿ ਹੇ ਵਾਹਿਗੁਰੂ! ਕ੍ਰਿਪਾ ਕਰ ਤੇ ਸਾਨੂੰ ਸਤਿਸੰਗ ਦੇ ਦੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਕਰ ਕ੍ਰਿਪਾ ਸਤਿਸੰਗ ਮਿਲਾਵੋ,***
***ਦੇਵੋ ਆਪਣਾ ਨਾਮ ਜੀ।***

***ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥***
***ਅੰਗ - ੧੧੧੯***

ਸੋ ਅਰਦਾਸ ਹੈ ਸਿੱਖ ਦੀ ਕਿਉਂਕਿ ਸੇਵਾ ਤੇ ਨਾਮ ਦੋਵੇਂ ਚੀਜ਼ਾਂ ਸਾਡੇ ਪਰਮ ਪਦ ਦੀ ਪ੍ਰਾਪਤੀ ਵਾਸਤੇ ਸਹਾਇਕ ਨੇ ਸਾਧਸੰਗਤ ਜੀ। ਸੋ ਜੋ ਆਪਾਂ ਵਿਚਾਰਾਂ ਕਰੀਆਂ ਨੇ ਉਸ ਤੋਂ ਸੈਂਕੜੇ ਗੁਣਾਂ ਘੱਟ ਵੀ ਜੇ ਆਪਾਂ ਹਿਰਦੇ 'ਚ ਵਸਾ ਲਈਏ, ਕਿਤੇ ਦੀ ਕਿਤੇ ਅਸੀਂ ਪਹੁੰਚ ਜਾਈਏ। ਮੁਸ਼ਕਲ ਇਹ ਹੈ ਕਿ ਸਾਨੂੰ ਵਾਹਿਗੁਰੂ ਯਾਦ ਨਹੀਂ ਰਹਿੰਦਾ। ਮੂੰਹ ਨਾਲ ਤਾਂ ਅਸੀਂ ਕਰੀ ਜਾਂਦੇ ਹਾਂ ਵਾਹਿਗੁਰੂ-ਵਾਹਿਗੁਰੂ, ਲੇਕਿਨ ਉਹ ਯਾਦ ਨਹੀਂ ਰਹਿੰਦਾ ਕਿ ਜਿਹਦਾ ਨਾਮ ਜਪਦੇ ਹਾਂ ਉਹ ਦਿਆਲੂ-ਕ੍ਰਿਪਾਲੂ ਮੇਰੇ ਅੰਦਰ ਬਾਹਰ ਸਾਰੇ ਹੀ ਹੈ। ਜੇ ਕਿਤੇ ਆਹ ਗੱਲ ਯਾਦ ਰਹਿ ਜਾਏ, ਫੇਰ ਨਾਮ ਜਪ ਕੇ ਦੇਖਿਓ ਕੀ ਝਰਨ੍ਹਾਟਾਂ ਆਉਂਦੀਆਂ ਨੇ, ਕਿਵੇਂ ਉੱਚਾ ਉਠਦਾ ਹੈ ਆਦਮੀ। ਅੰਦਰਲੇ ਨੇਤਰ ਖੁਲ੍ਹ ਜਾਂਦੇ ਨੇ, ਵਿਕਾਰ ਸਾਰੇ ਨੱਠ ਜਾਂਦੇ ਨੇ। ਕਿਉਂਕਿ ਥਾਉਂ ਹੀ ਨਹੀਂ ਹੈ ****ਵਿਕਾਰਾਂ ਵਾਸਤੇ ਕੋਈ, ਜਦ ਅੰਦਰ ਬਾਹਰ ਹਰ ਵਕਤ ਵਾਹਿਗੁਰੂ

# ਕਿਵ ਕੂੜੈ ਤੁਟੈ ਪਾਲਿ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਸ਼ਾਨ......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - ੨੮੯*

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥*
*ਅੰਗ - ੬੨੪*

*ਧਾਰਨਾ - ਲੋਕੀ ਕਹਿੰਦੇ ਨੇ ਦਰਵੇਸ਼, ਭੇਖ ਦੇਖ ਕੇ,*
*ਔਗੁਣਾਂ ਦਾ ਮੈਂ ਭਰਿਆ - ੨, ੨.*

*ਹਉਂ ਅਪਰਾਧੀ ਗੁਨਹਗਾਰ ਹਉਂ ਬੇਮੁਖ ਮੰਦਾ।*
*ਚੋਰ ਯਾਰ ਜੁਆਰ ਹਉਂ ਪਰ ਘਰ ਜੋਹੰਦਾ।*
*ਨਿੰਦਕ ਦੁਸ਼ਟ ਹਰਾਮਖੋਰ ਠਗ ਦੇਸ ਠਗੰਦਾ।*
*ਕਾਮ ਕ੍ਰੋਧ ਮਦ ਲੋਭ ਮੋਹ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕ੍ਰਿਤਘਨ ਮੈਂ ਕੋ ਨ ਰਖੰਦਾ।*
*ਸਿਮਰ ਮੁਰੀਦਾ ਢਾਢੀਆ ਸਤਿਗੁਰ ਬਖਸ਼ੰਦਾ।*
*ਭਾਈ ਗੁਰਦਾਸ ਜੀ, ਵਾਰ - ੩੬/੨੧*

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥*
*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥ ਅੰਗ - ੧੩੮੧*

ਸਾਧਸੰਗਤ ਜੀ, ਗੱਜ ਕੇ ਬੋਲਣਾ - ਸਤਿਨਾਮੁ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਜਿਸ ਥਾਂ ਤੇ ਜਗ੍ਹਾ ਮਿਲਦੀ ਹੈ, ਆਰਾਮ ਨਾਲ ਬੈਠਣ ਦੀ ਕੋਸ਼ਿਸ਼ ਕਰੋ, ਤੇ ਸ਼ਬਦ ਵਿਚ ਬੋਲੋ। ਆਪ ਦੂਰ-ਦਰਾਜ਼ ਤੋਂ ਆਏ ਹੋਂ, ਬਹੁਤ ਦੂਰ ਤੋਂ - ਟ੍ਰਾਲੀਆਂ ਤੇ, ਟਰੱਕਾਂ ਤੇ, ਬੱਸਾਂ ਤੇ। ਸੋ ਆਪਾਂ ਜੋ ਲਾਭ ਲੈਣਾ ਹੈ.............। ਅੱਜ ਪੂਰਨਮਾਸ਼ੀ ਹੈ, ਤੇ ਐਸਾ ਸੁਣਿਆ ਗਿਆ ਹੈ ਕਿ ਇਹ ਜੋ ਪੂਰਨਮਾਸ਼ੀ ਹੈ, ਇਹ 70 ਸਾਲ ਬਾਅਦ ਆਇਆ ਕਰਦੀ ਹੈ। ਅੱਠ ਦਸ ਸਾਲ, ਪੰਦਰਾਂ ਸਾਲ ਦੇ ਜਿਹੜੇ ਨੇ, ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਵਾਰੀ ਆ ਗਈ। ਸਾਡੀ ਜ਼ਿੰਦਗੀ ਵਿਚ ਇਕੋ ਵਾਰੀ ਆਈ ਹੈ। ਇਹਦਾ ਕੀ ਮਹਾਤਮ ਹੈ? ਇਹਨੂੰ ਗਿਣਨ ਵਾਲੇ ਜਾਣਦੇ ਨੇ। ਜਿਸ ਮਹਾਤਮ ਦਾ ਸਾਨੂੰ ਪਤਾ ਹੈ, ਉਹ ਇਹ ਹੈ ਕਿ ਜੇ ਸ਼ਰਧਾ ਭਾਵਨਾ ਦੇ ਨਾਲ ਗੁਰੂ ਦੇ ਦਰ ਤੇ ਚੱਲ ਕੇ ਆਉ ਤਾਂ ਹਰ ਕਦਮ ਦਾ - ਜਿੰਨੇ ਵੀ ਕੋਈ ਚੱਲ ਕੇ ਆਉਨਦਾ ਹੈ, ਇਕ-ਇਕ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ। ਏਥੇ ਆ ਕੇ ਜਦ ਨਿਮਰਤਾ ਦੇ ਨਾਲ ਸੀਸ ਨਿਵਾਓਗੇ, ਮਾੜੇ ਲੇਖ ਜਿਹੜੇ ਨੇ ਉਹ ਸਿੱਧੇ ਬਣ ਜਾਣਗੇ, ਮਾੜੇ ਗਲ ਜਾਣਗੇ, ਸਿੱਧੇ ਬਣੇ ਹੋਏ ਉਠ ਖੜ੍ਹਨਗੇ। ਜਦੋਂ ਚਿੱਤ ਬਿਰਤੀਆਂ ਇਕਾਗਰ ਕਰਕੇ ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋਂਗੇ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋਂਗੇ, ਬੁੱਧੀ ਦੇ ਨਾਲ ਵਿਚਾਰ ਕਰੋਂਗੇ, ਹਿਰਦੇ ਵਿਚ ਧਾਰਨ ਕਰੋਗੇ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋਗੇ, ਫੇਰ ਫਲ ਕਿੰਨਾਂ ਹੈ? ਹੈਰਾਨ ਹੋ ਜਾਈਦੈ ਕਿ ਐਡੀ ਰਿਆਇਤ ਕਲਿਯੁਗ ਦੇ ਅੰਦਰ ਗੁਰੂ ਮਹਾਰਾਜ ਨੇ ਦਿਵਾ ਦਿਤੀ - ਨਿਰੰਕਾਰ ਤੋਂ। ਪਹਿਲੇ ਯੁਗਾਂ ਵਿਚ ਨਹੀਂ ਸੀ ਇਹ ਗੱਲਾਂ। ਕਲਯੁਗ ਪਾਪ ਦਾ ਭਰਿਆ ਹੋਇਆ ਯੁੱਗ ਹੈ -

*ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥ ਅੰਗ - ੪੭੦*

ਇਹ ਜਿਹੜੀ ਜਨਤਾ ਹੈ, ਇਹਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਕਾਲ ਦੇ ਚੱਕਰ ਤੋਂ ਬਚਾਉਣਾ ਹੈ - ਮਹਾਰਾਜ ਨੇ। ਜੇ ਕੋਈ ਹਰ ਜਸ ਵਿਚ ਰਸਨਾ ਦੇ ਨਾਲ ਬੋਲੇਗਾ, ਸ਼ਰਧਾ ਪ੍ਰੇਮ ਦੇ ਨਾਲ ਸੁਣੇਗਾ, ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕ੍ਰੋੜ ਯੱਗਾਂ ਦਾ ਫਲ ਮਿਲੇਗਾ ਜਿਹੜੇ ਪਹਿਲਾਂ ਸੁਣਨਗੇ, ਫੇਰ ਗਾਉਣਗੇ। ਸੋ ਸਤਿ ਸੰਗਤ ਦੇ ਵਿਚ ਆ ਕੇ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਥੇ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ, ਨਾਮ ਜਪਣ ਵਾਲਿਆਂ ਦੀ ਮਹਿਮਾ ਹੋਵੇ, ਉਹ ਸਤਿਸੰਗਤ ਹੋਇਆ ਕਰਦੀ ਹੈ ਤੇ ਉਹਦਾ ਫਲ ਇਹ ਪ੍ਰਾਪਤ ਹੋਇਆ ਕਰਦਾ ਹੈ ਜੋ ਮੈਂ ਬੇਨਤੀ ਕੀਤੀ ਹੈ। ਸੋ ਕਲਿਜੁਗ ਦਾ ਹੱਲਾ-ਗੁੱਲਾ ਮਚਦਾ ਰਹਿੰਦਾ ਹੈ ਪਰ ਮਹਾਰਾਜ ਦੀ ਮਿਹਰ ਹੈ ਕਿ ਕਲਿਯੁਗ ਨੂੰ ਉਨ੍ਹਾਂ ਨੇ ਸਤਿਸੰਗ ਤੋਂ ਬਾਹਰ ਰੱਖਿਆ ਹੋਇਆ ਹੈ।

ਆਪਾਂ ਸਾਰੇ ਸਤਿਸੰਗ ਵਿਚ ਆਏ ਹਾਂ। ਏਥੇ ਆ ਕੇ ਇਕ ਵਿਚਾਰ ਹੁੰਦੀ ਹੈ ਕਿ ਵਾਹਿਗੁਰੂ ਨੂੰ ਅਸੀਂ ਕਿਵੇਂ ਮਿਲ ਸਕਦੇ ਹਾਂ, ਸਾਡੇ ਆਉਣ ਦਾ ਕੀ ਮਨੋਰਥ ਹੈ, ਕਿੰਨੀ ਦੇਰ ਤੋਂ ਅਸੀਂ ਚੱਲੇ ਹੋਏ ਹਾਂ? ਮਹਾਰਾਜ ਕਹਿੰਦੇ, ਬਹੁਤ ਯੁੱਗ ਹੋ ਗਏ ਤੈਨੂੰ, ਥੋੜ੍ਹਾ ਟਾਇਮ ਨਹੀਂ ਹੋਇਆ। ਚਾਰ ਯੁੱਗ ਹੁੰਦੇ ਤਾਂ ਮਹਾਰਾਜ ਲਿਖ ਦਿੰਦੇ ਕਿ ਚਾਰ ਯੁਗ ਹੋ ਗਏ; ਸੌ ਯੁੱਗ ਹੁੰਦੇ ਤਾਂ ਵੀ ਸੌ ਯੁੱਗ ਲਿਖ ਦਿੰਦੇ। ਚਾਰ ਯੁੱਗਾਂ ਦਾ ਸਮਾਂ 43, 20, 200 ਸਾਲ ਹੁੰਦਾ ਹੈ। ਫੇਰ ਸਾਡੇ ਮਨ ਵਿਚ ਖਿਆਲ ਆਉਂਦਾ ਹੈ ਕਿ ਕਿੰਨਾ ਕੁ ਸਮਾਂ ਹੋ ਗਿਆ ਹੋਏਗਾ? ਕਿਉਂਕਿ ਇਹ ਕੋਈ ਪੱਕਾ ਅਨੁਮਾਨ ਤਾਂ ਹੈ ਨਹੀਂ, ਪਰ ਅੰਦਾਜ਼ਾ ਹੈ ਕਿ 50-60 ਕ੍ਰੋੜ ਸਾਲ ਹੋ ਗਏ, ਉਹਤੋਂ ਬਾਅਦ ਸਾਨੂੰ ਇਹ ਮਨੁੱਖਾ ਦੇਹ ਪ੍ਰਾਪਤ ਹੋਈ ਹੈ, ਤੇ ਹੋਈ ਇਸ ਕਰਕੇ ਹੈ ਕਿ ਅਸੀਂ ਵਾਹਿਗੁਰੂ ਦੇ ਨਾਲ ਮਿਲਾਪ ਕਰ ਲਈਏ। ਇਹ ਸਵਾਲ ਪੈਦਾ ਹੁੰਦਾ ਹੈ ਕਿ ਫੇਰ ਖੇਤੀਬਾੜੀ ਕਾਰੋਬਾਰ ਛੱਡ ਦੇਈਏ, ਨੌਕਰੀਆਂ-ਚਾਕਰੀਆਂ ਛੱਡ ਦੇਈਏ? ਦੇਖੋ, ਸਾਧਸੰਗਤਿ ਜੀ ਦੋ ਬਾਤਾਂ ਨੇ; ਜੇ ਤਾਂ ਕੋਈ ਬਚਨ ਸੁਣਦੇ ਸਾਰ ਉਸੇ ਵੇਲੇ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਪੱਕਾ ਇਰਾਦਾ ਕਰ ਲਵੇ, ਉਹਦੇ ਕੰਮ ਸਾਰੇ ਵਾਹਿਗੁਰੂ ਆਪ ਕਰਦਾ ਹੈ। ਕੋਈ ਕੰਮ ਨਹੀਂ

ਹੈ ਐਸਾ, ਜਿਹੜਾ ਪ੍ਰਮੇਸ਼ਰ ਨਹੀਂ ਕਰੇਗਾ। ਪਰ ਸਾਡੀ ਪ੍ਰਾਲਬਧ ਜਿਹੜੀ ਹੈ, ਜਿਹਨੇ ਸਾਨੂੰ ਲਈ ਫਿਰਨਾ ਹੈ - ਕਦੇ ਵੱਡੇ-ਵੱਡੇ ਅਫਸਰ ਬਣਾਉਣਾ ਹੈ, ਕਦੇ ਵੱਡੇ-ਵੱਡੇ ਵਪਾਰੀ ਬਣਾਉਣਾ ਹੈ, ਕਦੇ ਗਰੀਬ ਬਣਾਉਣਾ ਹੈ, ਕਦੇ ਅਮੀਰ ਬਣਾਉਣਾ ਹੈ, ਕਦੇ ਦੇਸ਼ ਵਿਚ ਕਮਾਉਣਾ ਹੈ, ਕਦੇ ਪ੍ਰਦੇਸਾਂ ਵਿਚ ਜਾਣਾ ਹੈ; ਉਹ ਪ੍ਰਾਲਬਧ ਕਰਾਇਆ ਕਰਦੀ ਹੈ। ਜਿਹਨੂੰ ਦਾਣਾ-ਦਾਣਾ ਚੁਗਣਾ ਕਹਿੰਦੇ ਨੇ, ਉਹ ਸਾਡ ਨੱਕ ਦੇ ਵਿਚ ਨਕੇਲ ਪਾਈ ਹੋਈ ਹੈ - ਵਾਹਿਗੁਰੂ ਦੇ ਹੁਕਮ ਨੇ। ਉਸ ਹੁਕਮ ਦੇ ਅਸੀਂ ਉਥੇ ਹੀ ਜਾਂਦੇ ਹਾਂ, ਉਹੀ ਕੰਮ ਕਰਦੇ ਹਾਂ -

***ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥***
***ਜਹਾ ਦਾਣੇ ਤਾਹਾਂ ਖਾਣੇ ਨਾਨਕਾ ਸਚੁ ਹੇ॥ ਅੰਗ - ੬੫੩***

ਮਹਾਰਾਜ ਕਹਿੰਦੇ, ਤੇਰੀ ਸੋਚ ਮੁਤਾਬਿਕ ਨਹੀਂ ਮਿਲਣਾ -

***ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥***
***ਅੰਗ - ੧੫੭***

ਜੇ ਤੇਰੇ ਖਿਆਲ ਮੁਤਾਬਿਕ ਮਿਲਣਾ ਸ਼ੁਰੂ ਹੋ ਜਾਵੇ ਫੇਰ ਤਾਂ ਗਰੀਬੀ ਖਤਮ ਹੋ ਜਾਵੇ; ਆਪਣਾ ਕਰਿਆ ਨਹੀਂ ਮਿਲਦਾ। ਸਾਡੇ ਅਖਤਿਆਰ ਤਾਂ ਇਹ ਹੈ ਕਿ ਇਮਾਨਦਾਰੀ ਨਾਲ ਕੰਮ ਕਰੋ। ਆਪਣੀ ਪ੍ਰਾਲਬਧ ਨੂੰ ਘਟਾਓ ਨਾ, ਵਧਾਓ। ਇੱਥੇ ਫੇਰ ਭਰਮ ਹੋ ਜਾਂਦਾ ਹੈ ਕਿ ਇਹ ਘਟ ਵੀ ਜਾਂਦੀ ਹੈ, ਵਧ ਵੀ ਜਾਂਦੀ ਹੈ? ਮਾੜੇ ਕਰਮਾਂ ਨਾਲ ਇਹ ਘਟ ਜਾਂਦੀ ਹੈ। ਜਿਵੇਂ ਬੈਂਕ ਵਿਚ ਪੈਸਾ ਪਿਆ ਹੈ, ਉਹਨੂੰ ਬਹੁਤ ਗਲਤ ਕੰਮਾਂ ਤੇ ਖਰਚ ਕੀਤਾ ਜਾਵੇ ਤਾਂ ਉਹ ਘਟ ਜਾਏਗਾ। ਜੇ ਜਮ੍ਹਾਂ ਹੁੰਦਾ ਜਾਂਦਾ ਹੈ, ਉਹਦਾ ਤਾਂ ਵਿਆਜ-ਦਰ-ਵਿਆਜ ਪੈ ਕੇ ਬਹੁਤ ਵਧ ਜਾਂਦਾ ਹੈ। ਬਿਜ਼ਨਸ ਵਿਚ ਲਾਇਆ ਹੋਇਆ ਪੈਸ਼ਾ ਵਧ ਜਾਂਦਾ ਹੈ, ਸ਼ਰਾਬਾਂ ਕਬਾਬਾਂ ਵਿਚ ਘਟ ਜਾਂਦਾ ਹੈ।

ਸੋ ਇਸ ਤਰ੍ਹਾਂ ਅਸੀਂ ਪ੍ਰਾਲਬਧ ਘਟਾ ਵੀ ਸਕਦੇ ਹਾਂ, ਵਧਾ ਵੀ ਸਕਦੇ ਹਾਂ; ਨੇਕ ਕੰਮ ਕਰਕੇ ਵਧ ਜਾਂਦੀ ਹੈ। ਬੱਚਾ ਪੜ੍ਹ ਰਿਹਾ ਹੈ, ਪੂਰੀ ਤਨਦੇਹੀ ਨਾਲ ਪੜ੍ਹੇ, ਬਹੁਤੇ ਨੰਬਰ ਲਏ, ਉਹਦੀ ਪ੍ਰਾਲਬਧ ਵਿਚ ਵਾਧਾ ਹੋਣਾ ਸ਼ੁਰੂ ਹੋ ਜਾਇਆ ਕਰਦਾ ਹੈ। ਸੋ ਇਹ ਚੀਜ਼ਾਂ ਸਾਡੇ ਨਾਲ ਪ੍ਰਮੇਸ਼ਰ ਨੇ ਹੁਕਮ ਵਿਚ ਪੈਦਾ ਕਰੀਆਂ ਨੇ। ਇਹ ਪ੍ਰਮੇਸ਼ਰ ਦਾ ਹੁਕਮ ਸਾਡੇ ਨਾਲ ਚਲਦਾ ਹੈ, ਹਰ ਥਾਂ ਚਲਦਾ ਹੈ। ਕੋਈ ਥਾਂ ਸੰਸਾਰ ਵਿਚ ਐਸਾ ਨਹੀਂ ਜਿੱਥੇ ਵਾਹਿਗੁਰੂ ਦਾ ਹੁਕਮ ਨਾ ਚਲਦਾ ਹੋਵੇ। ਸੋ ਇਹ ਚੀਜ਼ਾਂ ਤਾਂ ਸਾਨੂੰ ਮਿਲ ਹੀ ਜਾਣੀਆਂ ਨੇ। ਇਨ੍ਹਾਂ ਤੇ ਅਸੀਂ ਸਮਾਂ ਬਰਬਾਦ ਕਰਦੇ ਹਾਂ। ਜਿਹੜਾ ਅਸਲੀ ਕੰਮ ਹੈ - ਵਾਹਿਗੁਰੂ ਦੀ ਭਗਤੀ, ਉਹਨੂੰ ਅਸੀਂ ਵਿਸਾਰ ਦਿੱਤਾ। ਮਹਾਰਾਜ ਕਹਿੰਦੇ, ਤੂੰ ਉਹਨੂੰ ਧਿਆਨ ਵਿਚ ਲਿਆ ਜਿਹੜਾ ਤੇਰਾ ਅਸਲੀ ਕੰਮ ਹੈ ਜਿਸ ਵਾਸਤੇ ਸੰਸਾਰ ਵਿਚ ਆਇਆ ਹੈਂ। ਇਹ ਤੈਨੂੰ ਨਰ-ਨਰਾਇਣੀ ਦੇਹ ਇਸੇ ਵਾਸਤੇ ਪ੍ਰਾਪਤ ਹੋਈ ਹੈ। ਉਹਨੂੰ ਯਾਦ ਰੱਖਿਆ ਕਰ, ਭੁੱਲਿਆ ਨਾ ਕਰ। ਸਭ ਪੜ੍ਹੋ ਪਿਆਰ ਨਾਲ -

***ਧਾਰਨਾ - ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਦੀ - ੨, ੨.***
***ਭਈ ਪਰਾਪਤਿ ਮਾਨੁਖ ਦੇਹੁਰੀਆ॥ ਅੰਗ - ੧੨***

ਰੋਜ਼ ਪੜ੍ਹਨ ਵਾਸਤੇ ਆਗਿਆ ਕੀਤੀ ਹੈ - ਮਹਾਰਾਜ ਨੇ, ਕਿ ਰੋਜ਼ ਪੜ੍ਹੋ। ਇਸ ਕਰਕੇ ਰੋਜ਼ ਕਿਹਾ ਹੈ - ਨਿਤਨੇਮ ਦੇ ਅੰਦਰ, ਕਿਉਂਕਿ ਆਦਮੀ ਪੈਰ-ਪੈਰ ਤੇ ਭੁਲਦਾ ਜਾਂਦਾ ਹੈ। ਜਿਹਦੇ ਵੱਲ ਤਾਂ ਇਹਦਾ ਮਨ ਲੱਗਿਆ ਹੋਇਆ ਹੈ, ਉਹ ਗੱਲ ਤਾਂ ਨਹੀਂ ਭੁੱਲਿਆ ਕਰਦਾ, ਸਾਰੀ ਜ਼ਿੰਦਗੀ ਨਹੀਂ ਭੁੱਲਦਾ। ਜਿਹਦੇ ਵੱਲ ਮਨ ਰੁਖ ਨਾ ਕਰੇ, ਉਹ ਭੁਲਦਾ ਹੈ, ਹਰ ਵਕਤ ਭੁਲਦਾ ਹੈ। ਜਦੋਂ ਬੱਚਾ ਪੜ੍ਹਨ ਲਗਦਾ ਹੈ, ਮਾਸਟਰ ਉਹਨੂੰ ਪਹਾੜੇ ਦੱਸਦਾ ਹੈ, ਮੁਹਾਰਨੀ ਦੱਸਦਾ ਹੈ। ਬੱਚੇ ਦੇ ਯਾਦ ਨਹੀਂ ਹੁੰਦੀ, ਫੇਰ ਉਹ ਬਾਰ-ਬਾਰ ਕਹਾਉਂਦਾ ਹੈ ਤਾਂ ਕਿ ਇਹਦੇ ਜ਼ਹਿਨ ਨਸ਼ੀਨ ਹੋ ਜਾਵੇ, ਯਾਦਦਾਸ਼ਤ ਦੇ ਵਿਚ ਵਸ ਜਾਵੇ। ਗੁਰੂ ਮਹਾਰਾਜ ਵੀ ਇਸੇ ਤਰ੍ਹਾਂ ਕਹਿੰਦੇ ਨੇ ਕਿ ਬੰਦੇ ਬੜੇ ਹੁਸ਼ਿਆਰ ਨੇ, ਪੜ੍ਹੇ ਲਿਖੇ ਨੇ, ਕਾਰੋਬਾਰ ਕਰਦੇ ਨੇ, ਸਿਆਣੇ ਨੇ। ਕੋਈ ਬੰਦਾ ਵੀ ਦੁਨੀਆਂ ਵਿਚ ਐਸਾ ਨਹੀਂ ਹੈ, ਅੱਜ ਤਾਂਈਂ ਤਾਂ ਸਾਨੂੰ ਮਿਲਿਆ ਨਹੀਂ, ਜਿਹੜਾ ਇਹ ਕਹੇ ਕਿ ਮੈਂ ਕਮਲਾ ਹਾਂ। ਹਾਂ, ਕਹਿੰਦੇ ਨੇ, ਸੰਤ ਕਹਿੰਦੇ ਨੇ। ਬਾਕੀ ਸੰਸਾਰ ਨਹੀਂ ਕਹਿੰਦਾ। ਸੰਤ ਹੀ ਕਹਿੰਦੇ ਨੇ ਕਿ ਮੈਨੂੰ ਨਹੀਂ ਕੁਛ ਆਉਂਦਾ। ਬਾਕੀ ਸੰਸਾਰ ਸਭ ਕਹਿੰਦਾ ਹੈ ਕਿ ਮੈਂ ਜਾਣਦਾ ਹਾਂ। ਕਬੀਰ ਸਾਹਿਬ ਕਹਿੰਦੇ, ਫੇਰ ਸਾਡਾ ਸੰਤਾਂ ਦਾ ਤਾਂ ਉਨ੍ਹਾਂ ਨਾਲ ਹੀ ਸਾਥ ਹੈ ਭਾਈ, ਜਿਹੜੇ ਕਹਿਣ 'ਮੈਂ ਨਹੀਂ ਜਾਣਦਾ।' ਕਬੀਰ ਸਾਹਿਬ ਕਹਿੰਦੇ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਅੰਗ - ੧੩੬੪***

ਮੈਨੂੰ ਛੱਡ ਕੇ ਬਾਕੀ ਸਭ ਭਲੇ ਹੀ ਭਲੇ ਨੇ, ਸਿਆਣੇ ਹੀ ਸਿਆਣੇ ਨੇ -

***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਅੰਗ - ੧੩੬੪***

ਕਹਿੰਦੇ, ਮਿੱਤਰ ਹੈ ਉਹ ਸਾਡਾ ਜਿਹੜਾ ਇਹ ਕਹੇ ਕਿ ਮੈਂ ਨਹੀਂ ਕੁਛ ਜਾਣਦਾ, ਮੈਂ ਤਾਂ ਬੁਰਾ ਆਦਮੀ ਹਾਂ।

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨***

ਕਹਿੰਦੇ, ਜਿਹੜੇ ਹੋਰ ਕੰਮ ਕਰਦਾ ਫਿਰਦਾ ਹੈਂ ਨਾ ਸੰਸਾਰ ਦੇ, ਇਹ ਕਰ, ਜੀਅ ਭਰ ਕੇ ਕਰ, ਪਰ ਇਹ ਤੇਰੇ ਕਿਸੇ ਕੰਮ ਨਹੀਂ ਆਉਣੇ। ਸੰਸਾਰ-ਵਿਚ, ਸੁਪਨੇ ਵਿਚ ਤਾਂ ਕੰਮ ਆਉਣਵੇ, ਫੇਰ ਨਹੀਂ ਇਹ ਕੰਮ ਆਉਣੇ। ਜਦ ਸੁਪਨਾ ਟੁੱਟ ਗਿਆ, ਫੇਰ ਪਛਤਾਵਾ ਰਹਿ ਜਾਣਾ ਹੈ ਕਿ ਐਵੇਂ ਜਨਮ ਬਰਬਾਦ ਕਰ ਦਿੱਤਾ। ਕਹਿੰਦੇ, ਇਸ ਗੱਲ ਨੂੰ ਸਮਝ ਲੈ ਚੰਗੀ ਤਰ੍ਹਾਂ ਨਾਲ -

***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਅੰਗ - ੧੨***

ਬਿਰਥਾ ਜਾ ਰਿਹਾ ਹੈ, ਜਨਮ ਖਤਮ ਹੋ ਰਿਹਾ ਹੈ। ਸੋ ਇਕ ਤਾਕੀਦ ਹੈ ਜਿਹੜੀ ਸਾਥੋਂ ਉਮੀਦ ਰਖਦੇ ਨੇ ਕਿ ਇਹ ਮਨ ਵਿਚ ਵਸਾ ਲੈਣਗੇ - ਮੇਰੇ ਸਿੱਖ। ਸੁਣਨ ਵਾਲੇ ਇਸ ਗੱਲ ਨੂੰ ਮਨ ਵਿਚ ਵਸਾ ਲੈਣਗੇ ਕਿ ਪਰਮੇਸ਼ਰ ਨੂੰ ਮਿਲਣ ਦੀ ਵਾਰੀ ਹੈ ਤੇ ਨਾਲ ਹੀ ਇਹ ਦੱਸਦੇ ਨੇ ਕਿ ਬਹੁਤ ਯੁੱਗ ਬੀਤ ਗਏ-

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***
***ਅੰਗ - ੬੩੧***

ਤੂੰ ਕਿਉਂ ਨਹੀਂ ਯਾਦ ਰੱਖਦਾ ਇਸ ਬਾਤ ਨੂੰ ਕਿ ਮੇਰੀ ਵਾਰੀ ਆ ਗਈ - ਮਿਲਣ ਦੀ। ਇਹ ਲੰਘ ਜਾਣੀ ਹੈ। ਸੰਸਾਰ ਤੇ ਕੋਈ ਥਿਰ ਨਹੀਂ ਰਿਹਾ ਕਰਦਾ। ਇਹ ਤਾਂ ਆਵਾਜਾਈ ਦੀ ਥਾਂ ਹੈ, ਟਿਕਣ ਦੀ ਥਾਂ ਨਹੀਂ ਹੈ। ਸੋ ਇਸ ਗੱਲ ਨੂੰ ਸਮਝਾਉਣ ਵਾਸਤੇ ਮਹਾਤਮਾ, ਜਿਵੇਂ ਬੱਚੇ ਨੂੰ ਕੋਈ ਬਾਤ ਪਾ ਕੇ ਦੱਸੀਦੀ ਹੈ - ਦ੍ਰਿਸ਼ਟਾਂਤ ਦੇ ਕੇ ਦੱਸਿਆ ਕਰਦੇ ਨੇ। ਬਹੁਤੇ ਟੀਚਰ ਹੁੰਦੇ ਨੇ, ਜਿਹੜੇ ਕਾਮਯਾਬ ਟੀਚਰ ਨੇ, ਉਹ ਔਖੇ ਤੋਂ ਔਖਾ ਸਬਕ ਬੱਚੇ ਨੂੰ ਕਹਾਣੀ ਬਣਾ ਕੇ ਸਮਝਾ ਦੇਣਗੇ। ਤਾਰੀਖ ਦਾ, ਇਤਿਹਾਸ ਦਾ ਬਹੁਤ ਔਖਾ ਵਿਸ਼ਾ ਹੈ। ਅਮਰੀਕਾ ਦੇ ਅੰਦਰ, ਯੂਰਪ ਦੇ ਅੰਦਰ ਇਤਿਹਾਸ ਟੈਲੀਵੀਜ਼ਨ ਤੇ ਪੜ੍ਹਾ ਦਿੰਦੇ ਨੇ। ਉਹ ਬੱਚਿਆਂ ਦੇ ਜ਼ਹਿਨ ਨਸ਼ੀਨ ਹੋ ਜਾਂਦਾ ਹੈ ਕਿਉਂਕਿ ਅੱਖਾਂ ਜਿਹੜੀਆਂ ਨੇ, 84% ਗਿਆਨ ਦੁਨੀਆਂ ਦਾ ਨੇਤਰਾਂ ਦੇ ਰਾਹੀਂ ਅੰਦਰ ਜਾਂਦਾ ਹੈ। ਤੁਸੀਂ ਹੁਣ ਇਕ ਦੂਜੇ ਨੂੰ ਦੇਖ ਰਹੇ ਹੋ। ਇਨ੍ਹਾਂ ਦੀਆਂ ਤਸਵੀਰਾਂ ਤੁਹਾਡੇ ਅੰਦਰ ਚਲੀਆਂ ਜਾਣਗੀਆਂ। ਬੜੀ ਦੇਰ ਬਾਅਦ ਮਿਲੋ, ਫੇਰ ਯਾਦ ਕਰ ਲਓਂਗੇ। ਜੇ ਤੁਸੀਂ ਕਿਸੇ ਦਾ ਨਾਂ ਸੁਣਦੇ ਹੋ, ਭੁੱਲ ਜਾਏਗਾ ਕਿਉਂਕਿ ਇਹ ਸੁਣਿਆ ਹੋਇਆ ਗਿਆਨ 14% ਅੰਦਰ ਜਾਂਦਾ ਹੈ। 1% ਛੂਹ ਕਰਕੇ ਜਾਂਦਾ ਹੈ, 1% ਸਵਾਦ ਕਰਕੇ ਅਤੇ ਸੁੰਘਣ ਕਰਕੇ ਜਾਂਦਾ ਹੈ। ਸੋ ਇਸ ਤਰ੍ਹਾਂ ਨਾਲ ਗਿਆਨ ਦਾ ਸਾਧਨ ਹੈ ਇਹ।

ਸੋ ਮਹਾਂਪੁਰਸ਼ ਇਹਨੂੰ ਸਮਝਾਉਣ ਵਾਸਤੇ ਦੱਸਦੇ ਨੇ ਕਿ ਇਕ ਕੋਈ ਪ੍ਰੇਮੀ, ਜਿਸ ਦੇ ਨੇਤਰ ਨਹੀਂ ਸਨ, ਇਕ ਪਹਾੜੀ ਤੇ ਬਣੇ ਹੋਏ ਕਿਲੇ ਵਿਚ ਦਾਖਲ ਹੋ ਗਿਆ। ਉਹ ਗੋਲ ਕਿਲਾ ਸੀ। ਉਹ ਚਲਿਆ ਤਾਂ ਗਿਆ ਅੰਦਰ, ਲੇਕਿਨ ਦਰਵਾਜ਼ਾ ਭੁੱਲ ਗਿਆ। ਜਿਥੇ ਜਾਂਦਾ ਹੈ, ਦਰਵਾਜ਼ਾ ਬੰਦ; ਜਿਥੇ ਜਾਂਦਾ ਹੈ, ਦਰਵਾਜ਼ਾ ਬੰਦ। ਦੁਪਹਿਰਾ ਹੋ ਗਿਆ, ਭੁੱਖ ਲਗ ਆਈ, ਪਿਆਸ ਲਗ ਆਈ, ਗਰਮੀ ਦਾ ਮਹੀਨਾ ਹੈ। ਰੋਣ ਲਗ ਗਿਆ, ਉੱਚੀ-ਉੱਚੀ ਹਾਕਾਂ ਮਾਰਦਾ ਹੈ - ਕੋਈ ਨੇਤਰਾਂ ਵਾਲਾ ਜੇ ਸੁਣਦਾ ਹੋਵੇ, ਮੇਰੀ ਪੁਕਾਰ ਸੁਣ ਲਓ। ਇਕ ਮਹਾਤਮਾ ਉਪਰ ਬੈਠੇ ਸੀ - ਪਹਾੜੀ ਦੇ। ਕਹਿਣ ਲੱਗੇ, "ਪ੍ਰੇਮੀਆਂ! ਐਧਰ ਆ, ਨੇਵੇ ਹੋ ਕੇ ਗੱਲ ਦੱਸ।" ਸੇਧ ਵਿਚ ਚਲਿਆ ਗਿਆ। ਕਹਿਣ ਲੱਗੇ, "ਕੀ ਗੱਲ?" ਕਹਿੰਦਾ, "ਮਹਾਰਾਜ, ਮੈਂ ਨੇਤਰਾਂ ਤੋਂ ਹੀਣਾ ਹਾਂ। ਵਾਹਿਗੁਰੂ ਨੇ ਮੈਨੂੰ ਇਹ ਦਾਤ ਨਹੀਂ ਦਿੱਤੀ।"

ਜਿਨ੍ਹਾਂ ਨੂੰ ਨੇਤਰਾਂ ਦੀ ਦਾਤ ਮਿਲੀ ਹੈ, ਦੇਖ ਸਕਦੇ ਨੇ, ਉਹ ਇਨ੍ਹਾਂ ਦੀ ਕਦਰ ਨਹੀਂ ਕਰਦੇ। ਉਹ ਐਸ ਤਰ੍ਹਾਂ ਸਮਝਦੇ ਨੇ ਕਿ ਮਿਲਣੇ ਸੀ, ਮਿਲ ਗਏ। ਜਿਹਨੂੰ ਨਹੀਂ ਮਿਲੇ, ਉਹਨੂੰ ਪੁੱਛ ਕੇ ਦੇਖੋ, ਨੇਤਰਾਂ ਦੀ ਕੀ ਕੀਮਤ ਹੁੰਦੀ ਹੈ ਜਾਂ ਜਿਨ੍ਹਾਂ ਦੇ ਆ ਕੇ ਹੱਥਾਂ ਵਿਚੋਂ ਚਲੇ ਗਏ, ਉਨ੍ਹਾਂ ਨੂੰ ਪੁੱਛੋ - ਲੱਖਾਂ ਕਰੋੜਾਂ ਰੁਪਏ ਦੇ ਸਕਦਾ ਹੈ ਜੇ ਨੇਤਰ ਮਿਲ ਜਾਣ। ਇਹ ਅਮੁੱਲ ਦਾਤਾਂ ਨੇ ਵਾਹਿਗੁਰੂ ਦੀਆਂ। ਉਹ ਕਹਿੰਦਾ ਹੈ, ਮੈਨੂੰ ਨੇਤਰ ਨਹੀਂ ਦਿੱਤੇ, ਮੈਂ ਨੇਤਰਾਂ ਤੋਂ ਹੀਣਾ ਰਹਿ ਗਿਆ ਤੇ ਮੈਂ ਕਾਹਦੇ ਵਿਚ ਆ ਵੜਿਆ - ਮੈਨੂੰ ਪਤਾ ਨਹੀਂ ਲਗਦਾ। ਉਹ ਕਹਿੰਦੇ, "ਪ੍ਰੇਮੀਆਂ! ਤੂੰ ਗੋਲ ਕਿਲੇ ਵਿਚ ਆ ਵੜਿਆ। ਗੋਲ ਕਿਲਾ ਹੈ ਤੇ ਇਹਦੇ 83 ਦਰਵਾਜ਼ੇ ਬੰਦ ਨੇ। ਤੂੰ ਇਉਂ ਕਰ, ਬਾਹਰ ਨਿਕਲਣ ਵਾਸਤੇ ਕਿਲੇ ਦੀ ਕੰਧ ਨਾਲ ਹੱਥ ਲਾ ਲੈ। ਦਰਵਾਜ਼ੇ ਬੰਦ ਆਈ ਜਾਣਗੇ, ਉਹ ਛੱਡੀ ਜਾਈਂ, ਜਿਹੜਾ ਖੁਲ੍ਹਾ ਹੋਏਗਾ, ਉਥੋਂ ਬਾਹਰ ਨਿਕਲ ਜਾਈਂ। ਇਕੋ ਹੀ ਦਰਵਾਜ਼ਾ ਖੁੱਲ੍ਹਾ ਹੈ ਏਥੇ, ਬਾਕੀ ਸਭ ਬੰਦ ਨੇ।" ਇਸੇ ਤਰ੍ਹਾਂ ਕੀਤਾ ਲੇਕਿਨ ਖੁਲ੍ਹਾ ਦਰਵਾਜ਼ਾ ਜਦ ਆਇਆ, ਉਸ ਵੇਲੇ ਉਸਦੇ ਸਿਰ ਤੇ ਮੱਖੀ ਲੜ ਗਈ - ਸ਼ਹਿਦ ਦੀ। ਸਿਰ ਵਿਚ ਖਾਜ ਕਰਨ ਲੱਗ ਗਿਆ ਤੇ ਤੁਰਦਾ ਵੀ ਗਿਆ। ਦਰਵਾਜ਼ਾ ਛੋਟਾ ਜਿਹਾ ਸੀ, ਲੰਘ ਗਿਆ। ਫੇਰ ਚੱਕਰ ਵਿਚ ਪੈ ਗਿਆ। ਬਹੁਤ ਉਦਾਸ ਹੋ ਗਿਆ ਕਿ ਉਹ ਤਾਂ ਕਹਿੰਦੇ ਸੀ ੮੩ ਦਰਵਾਜ਼ੇ ਬੰਦ ਨੇ; ਇਹ ਤਾਂ 83 ਤੋਂ ਵੀ ਵੱਧ ਤੋਂ ਵੱਧ ਮੈਂ ਲੰਘ ਚੁੱਕਿਆ ਹਾਂ। ਫੇਰ ਰੋਣ ਲੱਗ ਗਿਆ। ਮਹਾਤਮਾ ਨੇ ਫੇਰ ਆਵਾਜ਼ ਸੁਣੀ ਤੇ ਕਹਿਣ ਲੱਗੇ -

"ਕੀ ਗੱਲ ਹੈ ਪ੍ਰੇਮੀਆਂ?"

"ਮਹਾਰਾਜ! ਖੁੱਲ੍ਹਾ ਦਰਵਾਜ਼ਾ ਤਾਂ ਆਇਆ ਹੀ ਨਹੀਂ।"

"ਦਰਵਾਜ਼ਾ ਤਾਂ ਨੇੜੇ ਹੀ ਸੀ, ਪਰ ਤੈਥੋਂ ਕੋਈ ਭੁੱਲ ਹੋ ਗਈ; ਯਾਦ ਕਰ, ਹੱਥ ਤਾਂ ਨਹੀਂ ਚੁੱਕਿਆ?"

"ਇਕ ਥਾਂ ਚੁੱਕਿਆ ਸੀ। ਮੇਰੇ ਸਿਰ ਵਿਚ ਮੱਖੀ ਲੜ ਗਈ ਸੀ ਸ਼ਹਿਦ ਦੀ।"

"ਤੁਰਿਆ ਵੀ ਗਿਆ?"

"ਹਾਂ ਜੀ! ਮੈਂ ਇਸ ਕਰਕੇ ਤੁਰਿਆ ਗਿਆ ਕਾਹਲੀ ਕਾਹਲੀ ਕਿ ਦੁਬਾਰਾ ਨਾ ਲੜ ਜਾਵੇ।"

"ਉਹ ਦਰਵਾਜ਼ਾ ਉਥੇ ਹੀ ਲੰਘ ਗਿਆ। ਹੁਣ ਨਾ ਛੱਡੀਂ।"

ਇਸੇ ਤਰ੍ਹਾਂ ਹੀ ਕੀਤਾ। ਜਦੋਂ ਖੁੱਲਾ ਦਰਵਾਜ਼ਾ ਆਇਆ, ਉਹਦੇ ਵਿਚੋਂ ਬਾਹਰ ਆ ਗਿਆ। ਇਹ ਦ੍ਰਿਸ਼ਟਾਂਤ ਹੈ। ਇਹਦਾ ਭਾਵ ਇਹ ਹੈ ਕਿ ਅਕਾਲ ਪੁਰਖ ਨੇ ਇਹ ਜੋ ਸੰਸਾਰ ਰਚਿਆ ਹੋਇਆ ਆਪਾਂ ਨੂੰ ਅੱਖਾਂ ਨਾਲ ਦਿਸਦਾ ਹੈ, ਕੰਨਾਂ ਨਾਲ ਸੁਣਿਆ ਜਾਂਦਾ ਹੈ, ਬੁੱਧੀ ਦੇ ਨਾਲ ਜਾਣਿਆ ਜਾਂਦਾ ਹੈ, ਇਹਦੇ ਵਿਚ 84 ਲੱਖ ਜੂਨਾਂ ਨੇ। ਚਾਰ ਲੱਖ ਕਿਸਮ ਦੀਆਂ ਪੱਥਰਾਂ ਦੀਆਂ ਨੇ, 24 ਲੱਖ ਕਿਸਮ ਦੀਆਂ ਜੜ੍ਹੀਆਂ ਬੂਟੀਆਂ, ਦਰਖਤਾਂ ਦੀਆਂ ਨੇ। ਇਹ ਵੀ ਜਾਨ ਵਾਲੀਆਂ ਚੀਜ਼ਾਂ ਨੇ - ਜੂਨੀਆਂ ਨੇ। ਇਹ ਸਾਡੇ ਵਾਂਗੂੰ ਬੋਲਦੇ ਨੇ, ਸਾਡੇ ਵਾਂਗੂੰ ਖੁਸ਼ੀ ਮਹਿਸੂਸ ਕਰਦੇ ਨੇ, ਸਾਡੇ ਵਾਂਗੂੰ ਗਮੀ ਮਹਿਸੂਸ ਕਰਦੇ ਨੇ।

ਡਾਕਟਰ ਬੋਸ ਹੋਏ ਨੇ - ਬੰਗਾਲ ਵਿਚ। ਉਨ੍ਹਾਂ ਨੇ ਇਹ ਗੱਲ ਸਿੱਧ ਕਰ ਦਿਤੀ ਕਿ ਜਿਨ੍ਹਾਂ ਦਰਖਤਾਂ ਦੇ ਕੋਲ ਸੰਗੀਤ ਵੱਜਦਾ ਹੈ, ਕੀਰਤਨ ਹੁੰਦਾ ਹੈ, ਹਰੀ ਦਾ ਜਸ ਹੁੰਦਾ ਹੈ - ਫਸਲ ਦੇ ਕੋਲ, ਉਹ ਫਸਲਾਂ ਵਧ ਜਾਇਆ ਕਰਦੀਆਂ ਨੇ। ਤੇ ਹੁਣ ਅਮਰੀਕਾ ਦੇ ਅੰਦਰ ਟੈਲੀਵਿਜ਼ਨ ਵਿਚ ਇਹ ਸਾਬਤ ਕਰ ਦਿਤਾ ਕਿ ਜੇ ਕੁਹਾੜਾਂ ਲੈ ਕੇ ਦਰਖਤ ਨੂੰ ਵੱਢਣ ਜਾਓ, ਦਰਖਤ ਨੂੰ ਸੁੰਗੜਨਾ ਸ਼ੁੰਗੜਨਾ ਸ਼ੁਰੂ ਹੋ ਜਾਂਦਾ ਹੈ - ਦੇਖ ਕੇ, ਕਿ ਮੈਨੂੰ ਹੁਣ ਵੱਢੂਗਾ ਇਹ। ਜੇ ਪਾਣੀ ਦੇਣ ਜਾਓ, ਖਾਦ ਪਾਉਣ ਜਾਓ, ਉਹ ਲਹਿਲਹਾਉਣ ਲਗ ਜਾਂਦਾ ਹੈ। ਉਨ੍ਹਾਂ ਨੇ ਇਹ ਅੰਦਾਜ਼ਾ ਸੂਖਮ ਲਹਿਰਾਂ ਤੋਂ ਲੈਗਿਆ ਕਿਉਂਕਿ ਸਾਇੰਸ ਬਹੁਤ ਤਰੱਕੀ ਤੇ ਜਾ ਚੁੱਕੀ ਹੈ। ਸੋ ਮਹਾਰਾਜ ਕਹਿੰਦੇ ਕਿ ਇਹ 24 ਲੱਖ ਕਿਸਮ ਦੇ

ਨੇ - ਇਹ ਵੀ ਜਿਉਂਦੇ ਨੇ -

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***

***ਅੰਗ - ੧੫੬***

ਕਿਤੇ ਅਸੀਂ ਉਡਣ ਵਾਲੇ ਪੰਛੀ ਬਣ ਗਏ - ਸਾਢੇ ਸੱਤ ਲੱਖ ਕਿਸਮ ਦੇ ਪੰਛੀ ਨੇ। ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ-ਜੰਤੂ ਨੇ ਜਿਹੜੇ ਪੇਟ ਭਾਰ ਬਗੈਰ ਲੱਤਾਂ ਤੋਂ, ਘਸਰ ਕੇ ਚਲਦੇ ਨੇ। ਕੁਛ ਅਗਿਆਤ ਜੂਨੀਆਂ ਨੇ - ਭੂਤ-ਪ੍ਰੇਤ, ਜਿੰਨ, ਖਵੀਸ ਆਦਿ ਪਤਾ ਨਹੀਂ ਕਿੰਨੇ ਕੁ ਨੇ - ਦੋ ਲੱਖ ਗਿਣਦੇ ਨੇ ਸਾਰੇ ਮਹਾਂਪੁਰਸ਼। ਇਨ੍ਹਾਂ ਸਾਰੀਆਂ ਨੂੰ ਛੱਡ ਕੇ ਇਕ ਹੋਰ ਜੂਨੀ ਹੈ ਜਿਹਦੇ ਵਿਚ ਆਪਾਂ ਇਕੱਠੇ ਹੋਏ ਬੈਠੇ ਹਾਂ - ਇਹਨੂੰ ਮਨੁੱਖ ਕਹਿੰਦੇ ਨੇ। ਇਹ ਮਨੁੱਖ ਜੂਨੀ ਪ੍ਰਾਪਤ ਹੁੰਦੀ। ਇਹ ਸਾਡੇ ਨਿਕਲਣ ਦੀ ਵਾਰੀ ਹੈ, ਲੇਕਿਨ ਖੁਰਕ ਹੋ ਗਈ - ਅੰਨ੍ਹੇ ਵਾਂਗ-

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੮***

ਇਹ ਵਿਸ਼ੇ ਵਿਕਾਰਾਂ ਦੀ, ਵਾਸ਼ਨਾਵਾਂ ਦੀ ਖੁਰਕ ਵਿਚ ਅਸੀਂ ਆ ਗਏ। ਇਹ ਜਨਮ ਸਾਡਾ ਲੰਘਦਾ ਜਾਂਦਾ ਹੈ, ਸਾਧ ਸੰਗਤ ਜੀ। ਮੌਤ ਕਿਸੇ ਸਮੇਂ ਵੀ ਆ ਸਕਦੀ ਹੈ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ - ੨੫੪***

ਪਤਾ ਨਹੀਂ ਕਿਹੜੇ ਵੇਲੇ ਜਮਾਂ ਦਾ ਫੰਧਾ ਗਲ ਵਿਚ ਪੈ ਜਾਏ, ਪਰ ਫੇਰ ਵੀ ਬੁਢਾਪੇ ਤੋਂ ਅਗਾਹਾਂ ਤਾਂ ਕੋਈ ਉਮਰ ਨਹੀਂ ਹੋਇਆ ਕਰਦੀ। ਬੀਤਦੀ ਜਾਂਦੀ ਹੈ ਉਮਰ ਸਾਰੀ। ਸੋ ਇਸ ਕਰਕੇ ਇਸ ਗੱਲ ਨੂੰ ਚਿੱਤ ਦੇ ਕੇ, ਮਨ ਦੇ ਕੇ, ਮਨ ਦੇ ਅੰਦਰ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਾਡੀ ਉਮਰ ਤਾਂ ਲੰਘ ਗਈ, ਨਾਮ ਤਾਂ ਜਪਿਆ ਨਹੀਂ, ਗੁਰੂ ਧਾਰਨ ਨਹੀਂ ਕਰਿਆ, ਗੁਰੂ ਤੋਂ ਨਾਮ ਦੀ ਪ੍ਰਾਪਤੀ ਨਹੀਂ ਹੋਈ। ਇਹ ਸਾਰਾ ਜਨਮ ਇਵੇਂ ਜਿਵੇਂ ਲੰਘ ਜਾਣਾ ਹੈ। ਇਹ ਜਨਮ ਜਿਹੜਾ ਹੈ, ਬਹੁਤ ਕੀਮਤੀ ਹੈ। ਇਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਤੈਨੂੰ ਬਾਰ-ਬਾਰ ਨ ਮਿਲਣੀ,***
***ਮਾਣਸ ਦੇਹੀ, ਮਾਣਸ ਦੇਹੀ - ੨, ੨.***
***ਮਾਣਸ ਜਨਮ ਦੁਲੰਭ ਹੈ - ੨, ੨.***
***ਹੋਤ ਨ ਬਾਰੈ ਬਾਰ, ਮਾਣਸ ਦੇਹੀ, ਮਾਣਸ ਦੇਹੀ।***
***ਤੈਨੂੰ ਬਾਰ-ਬਾਰ ਨ ਮਿਲਣੀ........।***
***ਜਿਉ ਬਨ ਫਲ ਪਾਕੇ ਭੁਇ ਗਿਰਹਿ - ੨, ੨.***
***ਬਹੁਰ ਨ ਲਾਗੇ ਡਾਰ, ਮਾਣਸ ਦੇਹੀ, ਮਾਣਸ ਦੇਹੀ,***
***ਤੈਨੂੰ ਬਾਰ-ਬਾਰ ਨ ਮਿਲਣੀ...............।***
***ਕਬੀਰ ਮਾਨਸ ਜਨਮੁ ਦੁਲੰਭੁ ਹੈ.............॥ ਪੰਨਾ - ੧੩੬੬***

ਇਹ ਜਿਹੜਾ ਆਪਾਂ ਨੂੰ ਮਿਲਿਆ ਹੋਇਆ ਹੈ ਨਾ ਸਰੀਰ - ਸਾਢੇ ਤਿੰਨ ਹੱਥ ਦਾ, ਇਹ ਬੇਮੁੱਲੀ ਚੀਜ਼ ਮਿਲ ਗਈ -

***.........................ਹੋਇ ਨ ਬਾਰੈ ਬਾਰ॥ ਅੰਗ - ੧੩੬੬***

ਇਹ ਬਾਰ-ਬਾਰ ਨਹੀਂ ਮਿਲਣੀ। ਜੇ ਹੱਥੋਂ ਲੰਘ ਗਈ -

***ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥***

***ਅੰਗ - ੧੦੭੫***

ਫੇਰ ਤਾਂ ਜੇ ਇਹ ਪਉੜੀ ਦਾ 84ਵਾਂ ਡੰਡਾ ਹੱਥੋਂ ਛੁੱਟ ਜਾਵੇ - ਫੇਰ ਕੀ ਬਣੇਗਾ? ਫੇਰ ਥੱਲੇ ਗਿਰਦਾ ਹੈ। ਕਹਿੰਦੇ -

***ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥***

***ਅੰਗ - ੧੩੬੬***

ਫੇਰ ਦੁਬਾਰਾ ਹੱਥ ਨਹੀਂ ਆਇਆ ਕਰਦਾ। ਸਾਧ ਸੰਗਤ ਜੀ! ਇਹ ਤਾਂ ਅਤਿ ਕੀਮਤੀ ਚੀਜ਼ ਹੈ ਜਿਸ ਦੀ ਕੀਮਤ ਕੋਈ ਪਾ ਨਹੀਂ ਸਕਦਾ। ਮਹਾਰਾਜ ਦਾ ਐਸਾ ਫੁਰਮਾਨ ਹੈ -

***ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ, ਜਿਹੜੀ ਦੇਹੀ ਨੂੰ,***
***ਉਹ ਦੇਹੀ ਤੈਨੂੰ ਮਿਲ ਗਈ, ਜਿਹੜੀ ਦੇਹੀ ਨੂੰ - ੨.***

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥ ਅੰਗ - ੧੧੫੯***

ਮਹਾਰਾਜ ਕਹਿੰਦੇ, ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ, ਇਹ ਦੇਹੀ ਮਿਲੀ ਹੈ; ਕੋਠੀਆਂ ਬਣਾਉਣ ਵਾਸਤੇ ਨਹੀਂ ਮਿਲੀ। ਇਹ ਤਾਂ ਸਾਰੀਆਂ, ਮਹਾਰਾਜ ਕਹਿੰਦੇ -

***ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥ ਅੰਗ - ੧੩੮੦***

ਏਥੇ ਹੀ ਰਹਿ ਜਾਣੀਆਂ ਨੇ। ਤੇਰੇ ਨਾਲ ਤਾਂ ਪ੍ਰਮੇਸ਼ਰ ਦਾ ਨਾਮ ਜਾਣਾ ਹੈ। ਭਗਤੀ ਕਰ ਲੈ, ਤੇ ਗੁਰੂ ਦੀ ਸੇਵਾ ਕਰ ਲੈ। ਗੁਰੂ, ਪ੍ਰਮੇਸ਼ਰ ਨੂੰ ਮਿਲਾ ਦਏਗਾ, ਗੁਰੂ ਤੋਂ ਬਿਨਾਂ ਪ੍ਰਮੇਸ਼ਰ ਨਹੀਂ ਮਿਲ ਸਕਦਾ -

***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥ ਅੰਗ - ੧੧੫੯***

ਕਹਿੰਦੇ, ਦੇਵਤੇ ਸਵਰਗ ਲੋਕ ਵਿਚ ਬੈਠੇ ਬਾਰ-ਬਾਰ ਇਹ ਕਹਿੰਦੇ ਨੇ ਕਿ ਕਦੋਂ ਸਾਡਾ ਸਵਰਗ ਖਤਮ ਹੋਵੇ, ਕਦੋਂ ਐਸੀਂ ਇਸ ਧਰਤੀ ਤੇ ਆਈਏ ਤੇ ਏਥੇ ਆ ਕੇ ਮਨੁੱਖ ਦਾ ਜਨਮ ਪ੍ਰਾਪਤ ਕਰੀਏ। ਫੇਰ ਕਿਸੇ ਪੂਰੇ ਮਹਾਂਪੁਰਸ਼ ਨੂੰ ਮਿਲ ਕੇ ਜੁਗਤੀ ਦੇ ਨਾਲ ਕਰਮ, ਉਪਾਸ਼ਨਾ, ਗਿਆਨ, ਵਿਗਿਆਨ - ਚਾਰ ਦਰਜਿਆਂ ਵਿਚੋਂ ਲੰਘ ਕੇ ਰੱਬ ਦੇ ਦਰ ਤੇ ਪਹੁੰਚੀਏ, ਜਿਥੇ ਜਾ ਕੇ ਫੇਰ ਆਦਮੀ ਦਾ ਆਉਣਾ ਜਾਣਾ ਖਤਮ ਹੋ ਜਾਂਦਾ ਹੈ। ਸਥਿਰ ਅਵਸਥਾ ਪ੍ਰਾਪਤ ਹੋ ਜਾਂਦਾ ਹੈ, ਬੇਅੰਤ ਅਨੰਦ ਪ੍ਰਾਪਤ ਹੋ ਜਾਂਦਾ ਹੈ, ਪੂਰੀ ਤਰ੍ਹਾਂ ਨਾਲ ਪਰਮ-ਪ੍ਰਸੰਨ ਅਵਸਥਾ ਹੋ ਜਾਇਆ ਕਰਦੀ ਹੈ। ਕੋਈ ਸ਼ਿਕਵਾ, ਕੋਈ ਝੋਰਾ, ਕੋਈ ਅੰਦੇਸ਼ਾ, ਕੋਈ ਕਿਸੇ ਕਿਸਮ ਦੀ ਗਮ ਦੀ ਬਾਤ ਉਥੇ ਨਹੀਂ ਹੁੰਦੀ - ਅਨੰਦ ਹੀ ਅਨੰਦ ਹੈ। ਸੋ ਇਹਨੂੰ ਲੋਚਦੇ ਨੇ - ਦੇਵਤਾ ਲੋਕ ਵੀ। ਇਹ ਐਨੀ ਕੀਮਤੀ ਚੀਜ਼ ਸਾਨੂੰ ਪ੍ਰਾਪਤ ਹੋਈ ਹੈ।

ਇਕ ਵਾਰੀ ਇੰਗਲੈਂਡ ਦੇ ਅੰਦਰ - ਲੰਡਨ ਦੀ ਬਾਤ ਹੈ - ਉਥੇ ਇਕ ਪ੍ਰੇਮੀ ਚੜ੍ਹਾਈ ਕਰ ਗਿਆ। ਪੁੰਨ ਦਾਨ ਵੈਸੇ ਹੀ ਕਰਦਾ ਸੀ, ਵੈਸੇ ਵੀ ਚਾਲ ਚਲਣ ਉਨ੍ਹਾਂ ਲੋਕਾਂ ਦਾ ਕਾਫੀ ਗੱਲਾਂ ਵਿਚ ਸਾਥੋਂ ਅੱਛਾ ਹੈ। ਅਸੀਂ ਤਾਂ ਉਪਦੇਸ਼ ਕਰਕੇ ਗਲਤ ਗੱਲਾਂ ਤੋਂ, ਬੁਰੇ ਕੰਮਾਂ ਤੋਂ ਹਟਾਉਂਦੇ ਹਾਂ, ਉਥੇ ਹੈ ਹੀ ਨਹੀਂ - ਈਰਖਾ ਹੈ ਹੀ ਨਹੀਂ, ਨਿੰਦਿਆਂ ਉਹ ਕਰਦੇ ਹੀ ਨਹੀਂ, ਚੁਗਲੀ ਜਾਣਦੇ

ਹੀ ਨਹੀਂ। ਇਹ ਕਾਮ ਕ੍ਰੋਧ, ਲੋਭ, ਮੋਹ, ਹੰਕਾਰ - ਜਿਨ੍ਹਾਂ ਨੂੰ ਪੰਜ ਚੋਰ ਕਹਿੰਦੇ ਹਾਂ, ਉਥੇ ਪਤਾ ਹੀ ਨਹੀਂ, ਹੈ ਹੀ ਨਹੀਂ।

ਉਹ ਪ੍ਰੇਮੀ ਚੜ੍ਹਾਈ ਕਰ ਗਿਆ। ਉਪਰ ਲੋਕ ਨੇ ਬਹੁਤ ਸਾਰੇ, ਉਹ ਸੂਖਸ਼ਮ ਮੰਡਲ ਕਹਾਉਂਦੇ ਨੇ। ਉਨ੍ਹਾਂ ਦੇ ਦਰਜੇ-ਬ-ਦਰਜੇ ਨੇ - ਪਹਿਲੇ ਨੂੰ ਗੰਧਰਬ ਲੋਕ, ਦੂਸਰੇ ਨੂੰ ਦੇਵ-ਗੰਧਰਬ ਲੋਕ, ਤੀਸਰੇ ਨੂੰ ਪਿਤਰ ਲੋਕ, ਚੌਥੇ ਨੂੰ ਸਵਰਗ ਲੋਕ, ਪੰਜਵੇਂ ਨੂੰ ਇੰਦਰ ਲੋਕ, ਛੇਵੇਂ ਨੂੰ ਕਰਮ ਦੇਵ ਲੋਕ, ਸਤਵੇਂ ਨੂੰ ਅਜਾਨ ਦੇਵ ਲੋਕ, ਅੱਠਵੇਂ ਨੂੰ ਪਰਜਾਪਤ ਲੋਕ, ਨੌਂਵੇਂ ਨੂੰ ਬ੍ਰਹਮ ਲੋਕ, ਦਸਵੇਂ ਨੂੰ ਸ਼ਿਵ ਲੋਕ ਤੇ ਗਿਆਰ੍ਹਵੇਂ ਨੂੰ ਬੈਕੁੰਠ ਕਹਿੰਦੇ ਨੇ। ਇਨ੍ਹਾਂ ਦੇ ਅੰਦਰ ਜਾ ਕੇ ਜੀਵ ਬੀਜੇ ਹੋਏ ਕਰਮਾਂ ਦੇ ਅਨੁਸਾਰ ਸੁੱਖ ਪ੍ਰਾਪਤ ਕਰਦਾ ਹੈ। ਜਿਹੜੇ ਦੁੱਖ ਪ੍ਰਾਪਤ ਹੁੰਦੇ ਨੇ, ਉਹ ਨਰਕਾਂ ਵਿਚ ਹੁੰਦੇ ਨੇ। ਉਨ੍ਹਾਂ ਦੀ ਵੀ 18 ਗਿਣਤੀ ਕੀਤੀ ਹੈ। ਲੇਕਿਨ ਉਹ ਚੜ੍ਹਾਈ ਕਰਕੇ ਜਿੱਥੇ ਗਿਆ, ਉਥੇ ਹਨ੍ਹੇਰਾ ਸੀ, ਚਾਨਣਾ ਨਹੀਂ ਸੀ। ਕਾਫੀ ਸਮੇਂ ਤੋਂ ਬਾਅਦ, ਦੂਰ ਇਕ ਹੋਰ ਦੇਵਤਾ ਰਹਿੰਦਾ ਸੀ, ਉਹਦੇ ਕੋਲ ਗਿਆ। ਕਹਿਣ ਲੱਗਿਆ ਕਿ ਜਿਥੇ ਮੈਂ ਰਹਿੰਦਾ ਹਾਂ, ਉਥੇ ਹਨ੍ਹੇਰਾ ਹੈ, ਤੇਰੇ ਕੋਲ ਚਾਨਣਾ ਹੈ, ਇਹ ਕੀ ਗੱਲ ਹੈ? ਉਹ ਕਹਿੰਦਾ, ਦੇਖ ਭਾਈ, ਚਾਨਣਾ ਤਾਂ ਏਥੇ ਹੈਗਾ -

***ਜਿਹ ਪੈਡੈ ਮਹਾ ਅੰਧ ਗੁਬਾਰਾ॥***
***ਹਰਿ ਕਾ ਨਾਮੁ ਸੰਗਿ ਉਜੀਆਰਾ॥ ਅੰਗ - ੨੬੪***

ਪਰਮੇਸ਼ਰ ਦਾ ਨਾਮ ਏਥੇ ਚਾਨਣਾ ਕਰਦਾ ਹੈ। ਏਥੇ ਨਾ ਤਾਂ ਬਿਜਲੀ ਹੈ, ਨਾ ਟਾਰਚਾਂ ਨੇ, ਨਾ ਇੱਥੇ ਲੈਂਪ ਨੇ, ਨਾ ਏਥੇ ਮਿੱਟੀ ਦਾ ਤੇਲ ਹੈ, ਨਾ ਕੋਈ ਇੱਥੇ ਮੋਮਬੱਤੀਆਂ ਨੇ। ਉਥੇ ਤਾਂ ਪਰਮੇਸ਼ਰ ਦਾ ਨਾਮ ਚਾਨਣਾ ਕਰਦਾ ਹੈ; ਜਿਹੜਾ ਜਪ ਲੈਂਦਾ ਹੈ, ਚਾਨਣੇ 'ਚ ਆ ਗਿਆ; ਜਿਹੜਾ ਨਹੀਂ ਜਪਦਾ, ਉਹ ਸਵਰਗ ਵਿਚ ਤਾਂ ਆ ਗਿਆ ਪਰ ਪ੍ਰਕਾਸ਼ ਨਹੀਂ ਉਹਦੇ ਕੋਲ।

ਸੋ ਇਸ ਤਰ੍ਹਾਂ ਕਹਿਣ ਲੱਗਿਆ, ਮੇਰਾ ਕੀ ਬਣੇ ਫੇਰ, ਮੈਂ ਤਾਂ ਬੜਾ ਦੁਖੀ ਹਾਂ - ਇਸ ਗੱਲ ਵਿਚ। ਕਹਿਣ ਲੱਗਿਆ, ਤੂੰ ਸਵਰਗ ਕੱਟ ਲੈ, ਉਹਦੇ ਬਾਅਦ ਮਨੁੱਖ ਬਣ ਜਾਈਂ, ਫੇਰ ਨਾਮ ਜਪੀਂ॥ ਕਹਿੰਦਾ, ਮੇਰੇ ਯਾਦ ਨਹੀਂ ਰਹਿਣਾ।

ਜਦ ਆਦਮੀ ਮਾਂ ਦੇ ਪੇਟ ਵਿਚੋਂ ਹੋ ਕੇ ਪੈਦਾ ਹੁੰਦਾ ਹੈ, ਪਹਿਲੇ ਸੌ ਜਨਮ ਦਾ ਗਿਆਨ ਹੁੰਦਾ ਹੈ - ਤੁਹਾਨੂੰ ਵੀ ਤੇ ਮੈਨੂੰ ਵੀ ਸੌ ਜਨਮ ਦਾ ਗਿਆਨ ਸੀ ਸਭ ਨੂੰ। ਇਹ scientific (ਵਿਗਿਆਨਕ) ਬਾਤ ਹੈ। ਉਸ ਵੇਲੇ ਸੁਰਤੀ ਸੁਖਮਨਾ ਨਾੜੀ ਵਿਚ ਹੁੰਦੀ ਹੈ। ਸੁਖਮਨਾ ਨਾੜੀ ਵਿਚ ਜਿਹਦੀ ਵੀ ਸੁਰਤੀ ਚਲੀ ਗਈ - ਚਾਹੇ ਹੁਣ ਚਲੀ ਜਾਵੇ, ਚਾਹੇ ਪਹਿਲਾਂ ਸੀ - ਉਹਨੂਮ ਸੌ ਜਨਮ ਦਾ ਗਿਆਨ ਹੋ ਜਾਵੇਗਾ, ਅੱਗੇ ਪਿਛੇ ਦਾ ਪਤਾ ਲਗ ਜਾਵੇਗਾ ਕਿ ਪੰਜ ਸੌ ਸਾਲ ਨੂੰ ਕੀ ਹੋਣਾ ਹੈ ਅਗਾਹਾਂ, ਤੇ ਪਹਿਲਾਂ ਕੀ ਹੋਇਆ ਸੀ। ਉਹਨੂੰ ਕਿਤਾਬਾਂ ਪੜ੍ਹਨ ਦੀ ਲੋੜ ਨਹੀਂ, ਵੈਸੇ ਹੀ ਦਿਸਣ ਲੱਗ ਜਾਂਦਾ ਹੈ। ਜਦੋਂ ਇਤਿਹਾਸ ਲਿਖਿਆ ਹੈ - ਸਿੱਖ ਇਤਿਹਾਸ............ਬਾਬਾ ਗੁਰਬਖਸ਼ ਸਿੰਘ, ਬਾਬਾ ਬੁੱਢਾ ਜੀ ਦੀ ਔਲਾਦ ਵਿਚੋਂ ਪੜਪੋਤੇ ਸੀ। ਆਪ ਜੀ ਸਮਾਧੀ ਲਾ ਕੇ ਬਹਿ ਜਾਂਦੇ ਸੀ, ਓਧਰੋਂ ਆਈ ਜਾਂਦਾ ਸੀ, ਓਧਰ ਲਿਖਾਈ ਜਾਂਦੇ ਸੀ; ਦੇਖੀ ਜਾਂਦੇ ਸੀ, ਦੇਖ ਕੇ ਲਿਖਾਈ ਜਾਂਦੇ ਸੀ ਕਿਉਂਕਿ ਅੰਦਰ ਗਿਆਨ ਸੀ ਸਾਰਾ। ਸੋ ਕਹਿਣ ਲੱਗਿਆ ਕਿ ਉਹ ਤਾਂ ਕੋਈ ਵੀ ਬੰਦਾ ਯਾਦ ਨਹੀਂ ਰੱਖਦਾ, ਸਭ ਭੁੱਲ ਜਾਂਦੇ ਨੇ। ਏਥੇ ਸਤਿਸੰਗ ਵਿਚ ਤਾਂ ਸਭ ਦੇ ਯਾਦ ਹੈ। ਮਾਂ ਦੇ ਪੇਟ ਵਿਚ ਤਾਂ ਸਭ ਦੇ ਯਾਦ ਹੁੰਦਾ ਹੈ ਪਰ ਜਦ ਬਾਹਰ ਦੀ ਹਵਾ ਲਗਦੀ ਹੈ-

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥***
***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***
***ਅੰਗ - ੯੨੧***

ਮਾਇਆ ਦਾ ਰਾਜ ਹੋ ਗਿਆ। ਸਭ ਤੋਂ ਪਹਿਲਾਂ ਮਾਇਆ ਇਹ ਕੰਮ ਕਰਦੀ ਹੈ ਕਿ ਇਹ ਬੰਦੇ ਨੂੰ ਪਿਛਲਾ ਸਭ ਕੁਝ ਭੁਲਾ ਦਿੰਦੀ ਹੈ, ਵਾਇਦੇ ਭੁਲਾ ਦਿੰਦੀ ਹੈ, ਪ੍ਰਮੇਸ਼ਰ ਤੋਂ ਭੁਲਾ ਦਿੰਦੀ ਹੈ ਕਿ ਰੱਬ ਤੇਰੇ ਨਾਲ ਰਹਿੰਦਾ ਹੈ।

ਕਹਿਣ ਲੱਗੇ, ਕੋਈ ਹੋਰ ਤਰੀਕਾ? ਕਹਿੰਦੇ, ਇਕ ਤਰੀਕਾ ਹੋਰ ਹੈ ਕਿ ਇਥੇ ਐਨੀ ਰਿਆਇਤ ਹੈ ਕਿ ਜੇ ਕੋਈ ਤੇਰਾ ਸਬੰਧੀ ਤੇਰੇ ਨਮਿੱਤ ਨਾਮ ਜਪ ਕੇ ਅਰਦਾਸ ਕਰ ਦੇਵੇ ਤਾਂ ਉਹ ਪਹੁੰਚ ਜਾਂਦੀ ਹੈ। ਉਹ ਲੜਕੇ ਦੇ ਸੁਪਨੇ ਵਿਚ ਆ ਗਿਆ। ਕਿਉਂਕਿ ਦੋਇ ਤਰੀਕੇ ਨੇ ਗੱਲ ਕਰਨ ਦੇ। ਇਕ ਤਾਂ ਹੈ ਸਾਮ੍ਹਣੇ ਦਿਸੇ, ਲੇਕਿਨ ਸਾਡੀਆਂ ਅੱਖਾਂ ਦੇਖਦੀਆਂ ਨਹੀਂ ਹਨ। ਦੂਸਰਾ ਤਰੀਕਾ, ਹੈ ਕਿ ਕਿ ਉਹਨੂੰ ਸੁਪਨੇ ਵਿਚ ਆਵੇ। ਉਹ ਸੁਪਨੇ ਵਿਚ ਆ ਕੇ ਕਹਿਣ ਲੱਗਿਆ, "ਬੇਟਾ, ਮੈਂ ਤੇਰੇ ਵਾਸਤੇ ਜਾਇਦਾਦ ਛੱਡ ਗਿਆਂ ਤੇ ਤੂੰ ਮੇਰਾ ਇਕ ਕੰਮ ਕਰ ਸਕਦਾ ਹੈਂ? ਕਹਿੰਦਾ, "ਪਿਤਾ ਜੀ ਦੱਸੋ।" ਕਹਿੰਦਾ, "ਦੇਖੀਂ ਕਿਤੇ ਜਾਗ ਕੇ ਨਾ ਭੁੱਲ ਜਾਈਂ। ਮੈਂ ਜਿਥੇ ਹੁਣ ਰਹਿ ਰਿਹਾ ਹਾਂ, ਉਥੇ ਹਨ੍ਹੇਰਾ ਹੈ। ਜੋ ਤੂੰ 60 ਦਿਨ ਮੇਰੇ ਵਾਸਤੇ ਨਾਮ ਜਪ ਦੇਵੇਂ ਤਾਂ ਮੇਰੇ ਕੋਲ ਚਾਨਣਾ ਹੋ ਜਾਵੇ। ਇਹ ਕੰਮ ਕਰਨ ਤੋਂ ਮੈਂ ਖੁੰਝ ਗਿਆ, ਮੈਨੂੰ ਪਤਾ ਨਹੀਂ ਲੱਗ ਸਕਿਆ ਕਿ ਦਰਗਾਹ ਦੇ ਵਿਚ ਇਹ ਬਾਤ ਚਲਦੀ ਹੈ।" ਕਿਉਂਕਿ ਮਹਾਰਾਜ ਤਾਂ ਸਾਨੂੰ ਬਾਰ-ਬਾਰ ਇਸ ਤਰ੍ਹਾਂ ਯਾਦ ਕਰਾਉਂਦੇ ਨੇ -

***ਧਾਰਨਾ - ਪਿਆਰੇ ਜੀ, ਜਿਥੇ ਨਾ ਕੋਈ ਮਾਤ ਪਿਤਾ - ੨, ੨.***
***ਓਥੇ ਨਾਮ ਨੇ ਸਹਾਇਤਾ ਕਰਨੀ - ੨, ੨.***
***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ - ੨੬੪***

ਕਿਸੇ ਨੇ ਨਹੀਂ ਸਹਾਇਤਾ ਕਰਨੀ।

***ਜਹ ਮਹਾ ਭਇਆਨ ਦੂਤ ਦਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥ ਅੰਗ - ੨੬੪***

Only (ਕੇਵਲ) ਨਾਮ ਜਾਏਗਾ। ਕਹਿੰਦੇ, ਜਿਹੜੇ ਅਸੀਂ ਪੁੰਨ ਕਰਦੇ ਹਾਂ, ਇਹ ਨਹੀਂ ਜਾਂਦੇ? ਜਾਂਦੇ ਤਾਂ ਇਹ ਵੀ ਨੇ, ਪਰ ਇਹ ਖੁਰ ਜਾਂਦੇ ਨੇ ਰਾਹ ਵਿਚ ਹੀ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ ॥ ਅੰਗ - ੭੪੭***

ਇਹ ਸਾਰੇ ਕਰਮ ਧਰਮ ਤਾਂ ਰਸਤੇ ਵਿਚ ਹੀ ਲੁੱਟੇ ਜਾਂਦੇ ਨੇ। ਜਿਸ ਤਰ੍ਹਾਂ ਆਪਾਂ ਲੰਘਦੇ ਹਾਂ, ਟੋਲ ਟੈਕਸ ਦਿੰਦੇ ਹਾਂ ਸੜਕਾਂ ਦੇ ਉਤੇ - ਐਸ ਤਰ੍ਹਾਂ ਟੈਕਸ ਨੇ ਅੱਗੇ ਲੱਗੇ ਹੋਏ। ਕਿਤੇ ਬਹੁਤ

ਹਨ੍ਹੇਰਾ ਆ ਗਿਆ ਉਥੋਂ ਆਦਮੀ ਲੰਘ ਨਹੀਂ ਸਕਿਆ ਕਰਦਾ ਕਿਉਂਕਿ ਘੁੱਪ ਹਨ੍ਹੇਰਾ ਹੈ। ਉਸਨੂੰ ਪਾਰ ਕਰਨ ਵਾਸਤੇ ਜਮਦੂਤ ਪੁੰਨ ਮੰਗਦੇ ਹਨ। ਪੁੰਨਾਂ ਦਾ ਟੋਲ ਟੈਕਸ ਲੈ ਕੇ ਹਨ੍ਹੇਰਾ ਰਸਤਾ ਪਾਰ ਕਰਾ ਦਿੰਦੇ ਨੇ। ਸੋ ਇਸ ਤਰ੍ਹਾਂ ਰਸਤੇ ਵਿਚ ਬਹੁਤ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਰਸਤੇ ਵਿਚ ਹਰ ਥਾਂ ਪੁੰਨ ਦੇਣੇ ਪੈਂਦੇ ਹਨ ਅਤੇ ਕੀਤੇ ਹੋਏ ਪੁੰਨ ਇਸੇ ਤਰ੍ਹਾਂ ਰਸਤੇ ਵਿਚ ਲੁੱਟੇ ਜਾਂਦੇ ਹਨ। ਜੇਕਰ ਸੰਸਾਰ ਵਿਚ ਰਹਿੰਦੇ ਰਹਿੰਦੇ ਨਾਮ ਜਪਿਆ ਹੈ, ਫੇਰ ਤਾਂ ਹਨ੍ਹੇਰਾ ਹੁੰਦਾ ਹੀ ਨਹੀਂ। ਜੇ ਕੇਵਲ ਪੁੰਨ ਦਾਨ ਹੀ ਕੀਤੇ ਹਨ ਤਾਂ ਉਨ੍ਹਾਂ ਦਾ ਰਸਤਾ ਹੁੰਦਾ ਹੀ ਨਹੀਂ। ਜੇ ਕੇਵਲ ਪੁੰਨ ਦਾਨ ਹੀ ਕੀਤੇ ਹਨ ਤਾਂ ਉਨ੍ਹਾਂ ਦਾ ਰਸਤਾ ਹੋਰ ਹੈ - ਪੁੰਨ ਕਰਨ ਵਾਲਿਆਂ ਦਾ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***

***ਅੰਗ - ੧੪੧੪***

ਉਹ ਧਰਮਰਾਜ ਵਾਲੇ ਲੰਮੇ ਰਾਹ ਵਿਚ ਪੈਂਦੇ ਨੇ। ਨਾਮ ਜਪਣ ਵਾਲਿਆਂ ਦਾ ਰਸਤਾ ਹੋਰ ਹੈ। ਨਾਮ ਜਪਣ ਵਾਲਿਆਂ ਵਾਸਤੇ ਇਹ ਚੀਜ਼ਾਂ ਨਹੀਂ ਕੋਈ ਵੀ ਆਇਆ ਕਰਦੀਆਂ ਕਿਉਂਕਿ ਰਾਹ ਹੋਰ ਹੈ ਉਹ। ਸੋ ਉਥੇ ਕਹਿੰਦੇ ਕਿ ਹਨ੍ਹੇਰਾ ਤਾਂ ਲੰਘਾ ਦਿੰਦੇ ਹਾਂ, ਪਰ ਪੁੰਨ ਦੇਹ। ਉਹ ਪੁੰਨ ਦਿੰਦਾ ਹੈ ਕਰੇ ਹੋਏ ਕਿ ਮੈਂ ਲੰਗਰ ਕਰਿਆ ਹੈ, ਪੁੰਨ ਕਰਿਆ ਹੈ ਜਾਂ ਹੋਰ ਕੋਈ ਪੁੰਨ ਕਰਿਆ ਹੈ, ਉਹਦੇ ਨਾਲ ਲੰਘਾ ਦਿੰਦੇ ਨੇ। ਅਗਾਹਾਂ ਆ ਗਿਆ ਗਰਮ ਰਸਤਾ-

***ਜਹ ਮਹਾ ਭਇਆਨ ਤਪਤਿ ਬਹੁ ਘਾਮ॥***
***ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥ ਅੰਗ - ੨੬੪***

***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥***
***ਜਹ ਮੁਸਕਲ ਹੋਵੈ ਅਤਿ ਭਾਰੀ ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ - ੨੬੪***

ਭਾਰੀ ਮੁਸ਼ਕਲਾਂ ਆ ਬਣੀਆਂ, ਫੇਰ ਕਿਰਾਇਆ ਲੈ ਲਿਆ, ਉਥੋਂ ਲੰਘਾ ਦਿੰਦੇ ਨੇ। ਏਧਰ 'ਨਾਮ' ਜਿਹੜਾ ਹੈ - 'ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥'

ਸੋ ਮਹਾਰਾਜ ਕਹਿੰਦੇ, ਨਾਮ ਜਿਹੜਾ ਹੈ, ਇਹਨੂੰ ਤਾਂ ਕੋਈ ਲੈ ਨਹੀਂ ਸਕਦਾ, ਨਾ ਇਹ ਘਟਦਾ ਹੈ। ਇਹ ਤਾਂ ਬਹੁਤ ਠੋਸ ਸਿੱਕਾ ਹੈ, ਜਿਹਦਾ ਮੁੱਲ ਕੋਈ ਨਹੀਂ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥ ਅੰਗ - ੮੧***

ਕਿੰਨਾ ਕੁ ਲੈ ਲੈਣਗੇ? ਇਕ ਘੜੀ ਨਾਮ ਜਪ ਕੇ ਰਾਜਾ ਜਨਕ ਨੇ ਸਾਰੇ ਨਰਕ ਖਾਲੀ ਕਰਾ ਦਿਤੇ। ਕਿੱਡਾ ਮੁੱਲ ਹੈ ਨਾਮ ਦਾ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗਿਆ, "ਪ੍ਰੇਮੀਆਂ! ਜੇ ਕੋਈ ਨਾਮ ਜਪ ਦੇਵੇ - ਬਿਰਤੀ ਇਕਾਗਰ ਕਰਕੇ, ਤਾਂ ਤੇਰੇ ਪਾਸ ਪ੍ਰਕਾਸ਼ ਹੋ ਸਕਦਾ ਹੈ?" ਸੋ ਉਸਨੇ ਸੁਪਨੇ ਵਿਚ ਆ ਕੇ ਆਪਣੇ ਪੁੱਤਰ ਨੂੰ ਕਿਹਾ। ਪੁੱਤਰ ਨੇ 60 ਦਿਨ ਬੈਠ ਕੇ ਪਰਮੇਸ਼ਰ ਦਾ ਭਜਨ ਕਰਿਆ, ਅਰਦਾਸ ਕਰੀ। ਸੱਠਵੇਂ ਦਿਨ ਫੇਰ ਉਹਦੇ ਸੁਪਨੇ ਵਿਚ ਆ ਗਿਆ ਤੇ ਕਹਿਣ ਲੱਗਿਆ, "ਬੇਟਾ! ਮੈਂ ਤੇਰਾ ਰਿਣੀ ਹਾਂ, ਮੇਰੇ ਕੋਲ ਪ੍ਰਕਾਸ਼ ਪਹੁੰਚ ਗਿਆ ਹੈ। ਤੂੰ ਹੁਣ ਇਸ ਤਰ੍ਹਾਂ ਕਰਿਆ ਕਰ, ਕੋਈ ਕੰਮ ਕਰਨ ਤੋਂ ਪਹਿਲਾਂ ਸਾਨੂੰ ਪੁੱਛ ਲਿਆ ਕਰ। ਤੈਥੋਂ ਜ਼ਿਆਦਾ ਸਾਨੂੰ ਦਿਸਦਾ ਹੈ, ਤੈਨੂੰ ਨਹੀਂ ਦਿਸਦੀ ਇਹ ਗੱਲ। ਸਾਨੂੰ ਤੇਰੇ ਆਉਣ ਵਾਲੇ ਸਮੇਂ ਦੀ ਗੱਲ ਦਿਸਦੀ ਹੈ। ਜਿਹੜਾ ਕੁਛ ਤੇਰੇ ਨਾਲ ਭਾਣਾ ਵਰਤਣਾ ਹੈ, ਉਹ ਵੀ ਦਿਸਦਾ ਹੈ - ਚੰਗਾ ਵੀ ਦਿਸਦਾ ਹੈ, ਮੰਦਾ ਵੀ ਦਿਸਦਾ ਹੈ। ਅਸੀਂ ਸਹਾਇਤਾ ਕਰਦੇ ਹਾਂ ਤੇਰੀ - ਏਥੇ ਦਰਗਾਹ ਵਿਚੋਂ ਬੈਠੇ ਹੋਏ। ਮੈਂ ਤੇਰੀ ਸਹਾਇਤਾ ਕਰਿਆਂ ਕਰੂੰ।" ਬਜ਼ੁਰਗ, ਸਾਧਸੰਗਤ ਜੀ, ਸਹਾਇਤਾ ਕਰਦੇ ਨੇ। ਜਿਹੜੇ ਚੰਗੇ spheres (ਮੰਡਲਾਂ) ਵਿਚ ਗਏ ਹੋਏ ਨੇ, ਚੰਗਿਆਂ ਸਵਰਗਾਂ ਵਿਚ ਗਏ ਹੋਏ ਨੇ, ਉਹ ਸਹਾਇਤਾ ਕਰਦੇ ਨੇ। ਪਰ ਉਹ ਛੱਡ ਵੀ ਦਿੰਦੇ ਨੇ ਜਦ ਉਨ੍ਹਾਂ ਦੀ ਔਲਾਦ ਜਾਂ ਤਾਂ ਤਮਾਕੂ ਪੀ ਲਏ ਜਾਂ ਸ਼ਰਾਬ ਪੀ ਲਏ ਜਾਂ ਨਿੰਦਿਆ ਕਰਨ ਵਾਲੀ ਹੋ ਜਾਵੇ। ਐਸਾ ਰਹਿਤਨਾਮੇ ਵਿਚ ਆਉਂਦਾ ਹੈ -

***ਤਨਕ ਤਮਾਕੂ ਸੇਵੀਏ ਦੇਵ ਪਿੱਤ੍ਰ ਤਜਿ ਜਾਇ॥***

***ਪੰਨਾ - ੫੫੮੮ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਦੇਵਤੇ ਤੇ ਪਿੱਤਰ ਛੱਡ ਜਾਂਦੇ ਨੇ ਕਿਉਂਕਿ ਉਹਦਾ ਸਰੀਰ ਦੂਸ਼ਤ ਹੋ ਗਿਆ -

***ਪਾਨੀ ਤਾਂਕੇ ਹਾਥ ਕੋ ਮਦਰਾ ਸਮ ਅਘ ਦਾਇ॥***

***ਪੰਨਾ - ੫੫੮੮ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਪਾਣੀ ਪੀਣਾ ਉਸ ਦੇ ਹੱਥ ਤੋਂ, ਸ਼ਰਾਬ ਜਿੰਨਾਂ ਦੋਸ਼ ਲਗਦਾ ਹੈ। ਸ਼ਰਾਬ ਦਾ ਦੋਸ਼ ਕਿੰਨਾ ਹੈ? ਕਹਿੰਦੇ -

***ਮਦਰਾ ਦਹਿਤਾ ਸਪਤਿ ਕੁਲ ਭੰਗੁ ਦਹੈ ਤਨ ਏਕ॥***

***ਪੰਨਾ - ੫੫੮੮ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਸੱਤ ਕੁਲਾਂ ਦਾ ਸ਼ਰਾਬ ਨਾਸ਼ ਕਰਦੀ ਹੈ -

***ਸ਼ਤ ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ॥***

***ਪੰਨਾ - ੫੫੮੮ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਤਮਾਕੂ ਸੌ ਕੁਲਾਂ ਦਾ ਨਾਸ਼ ਕਰਦਾ ਹੈ, ਨਿੰਦਿਆ ਕਰਨ ਵਾਲਾ ਤਾਂ ਗਿਣਤੀਆਂ ਮਿਣਤੀਆਂ ਤੋਂ ਬਾਹਰ ਲੰਘ ਜਾਂਦਾ ਹੈ। ਜਦੋਂ ਜ਼ਰਾ ਕੁ ਤਮਾਕੂ ਸੇਵਨ ਕਰਨ ਲੱਗ ਗਿਆ, ਉਹ ਦੇਵ ਪਿਤਰ ਛੱਡ ਜਾਂਦੇ ਨੇ, ਉਹ ਸਹਾਇਤਾ ਨਹੀਂ ਕਰਦੇ ਫੇਰ। ਕਹਿੰਦੇ ਬੇਟਾ! ਅਸੀਂ ਤੇਰੀ ਸਹਾਇਤਾ ਕਰਾਂਗੇ। ਸੋ ਉਹ ਲਿਖਦਾ ਹੈ ਕਿ ਮੇਰੀ ਬੜੀ ਸਹਾਤਿਾ ਕਰੀ। ਮੈਨੂੰ ਉਹ ਦੱਸ ਦਿੰਦੇ ਸੀ ਕਿ ਤੂੰ ਆਹ ਕੰਮ ਕਰ ਲੈ, ਆਹ ਨਾ ਕਰ।

ਉਸਨੇ ਦੱਸਿਆ - ਇਕ ਵਾਰੀ ਮੈਂ ਕਾਰ ਲੈਂਦਾ ਸੀ। ਮੈਨੂੰ ਰਾਤ ਨੂੰ ਪਿਤਾ ਜੀ ਆ ਕੇ ਕਹਿੰਦੇ, "ਇਹ ਕਾਰ ਨਾ ਖਰੀਦੀਂ, ਫਲਾਣੇ ਨੰਬਰ ਦੀ ਖਰੀਦ ਲੈ।" ਕਹਿੰਦਾ, ਮੈਂ ਉਹ ਖਰੀਦ ਲਈ। ਜਦ ਮੈਂ ਘਰ ਆ ਗਿਆ - ਖਰੀਦ ਕੇ, ਉਹ ਵੀ ਕਾਰ ਵਿਕ ਗਈ। ਮੈਨੂੰ ਟੈਲੀਫੂਨ ਆ ਗਿਆ ਕੰਪਨੀ ਦਾ, "Mr. you are very lucky that you did not purchase that car." ਤੁਸੀਂ ਬਹੁਤ ਸੁਭਾਗੇ ਹੋ ਕਿ ਤੁਸੀਂ ਉਹ ਕਾਰ ਨਹੀਂ ਖਰੀਦੀ। ਕਹਿੰਦਾ, ਮੈਂ ਕਿਹਾ ਕਿ ਕੀ ਗੱਲ? ਕਹਿੰਦੇ, ਉਹਦੇ ਬਰੇਕਾਂ ਵਿਚ ਕੋਈ ਨੁਕਸ ਸੀ; ਐਕਸੀਡੈਂਟ ਹੋਗਿਆ - ਉਹਦਾ। ਉਹਨੇ ਫੇਰ ਇਹ - 'ਰੀਡਰਜ਼ ਡਾਇਜੈਸਟ' ਇਕ ਰਸਾਲਾ ਨਿਕਲਦਾ ਹੈ - ਮੈਗਜ਼ੀਨ, ਦੁਨੀਆਂ ਵਿਚ ਬਹੁਤ ਵੱਡੀ ਉਹਦੀ ਮਸ਼ਹੂਰੀ ਹੈ, ਉਹਦੇ

ਵਿਚ ਕਹਾਣੀ ਲਿਖੀ। ਕਹਿੰਦਾ ਕਿ ਮੈਂ ਇਸ ਕਰਕੇ ਲਿਖ ਰਿਹਾ ਹਾਂ ਕਿ ਪਤਾ ਲੱਗ ਜਾਵੇ ਸੰਸਾਰ ਨੂੰ ਕਿ ਇਸ ਦੁਨੀਆਂ ਤੋਂ ਬਾਅਦ ਕੋਈ ਹੋਰ ਲੋਕ ਵੀ ਹੈ ਜਿਥੇ ਅਸੀਂ ਜਾਣਾ ਹੈ। ਉਥੇ ਦਾ ਵੀ ਪਤਾ ਲਗ ਜਾਏ ਕਿ ਉਥੇ ਨਾਮ ਕੰਮ ਆਉਂਦਾ ਹੈ।

ਸੋ ਇਸ ਤਰ੍ਹਾਂ - 'ਗੁਰ ਸੇਵਾ ਤੇ ਭਗਤਿ ਕਮਾਈ॥' ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ - 'ਤਬ ਇਹ ਮਾਨਸ ਦੇਹੀ ਪਾਈ॥' ਇਹ ਮਾਨਸ ਦੇਹੀ ਸਾਨੂੰ ਮਿਲੀ ਹੀ ਤਾਂ ਹੈ। 'ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥' ਇਹ ਪਰਮੇਸ਼ਰ ਦਾ ਭਜਨ ਕਰਨ ਵਾਸਤੇ ਮਿਲੀ ਹੈ, ਇਹਨੂੰ ਦੇਵਤਾ ਲੋਕ ਵੀ ਲੋਚਦੇ ਨੇ। ਇਹਦੇ ਨਾਲ ਪਰਮੇਸ਼ਰ ਦਾ ਭਜਨ ਕਰੋ। ਇਹ ਦੇਹੀ ਕੋਈ ਐਵੇਂ ਮਾਮੂਲੀ ਚੀਜ਼ ਨਹੀਂ ਸਾਨੂੰ ਮਿਲੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਗੱਲ ਬਹੁਤ ਚੰਗੀ ਹੈ ਪਰ ਸਾਨੂੰ ਤਾਂ ਪਤਾ ਹੀ ਨਹੀਂ, ਰੱਬ ਕਿਵੇਂ ਮਿਲਦਾ ਹੈ? ਕੋਈ ਤਰੀਕਾ ਹੈ ਜਿਹਦੇ ਨਾਲ ਸਾਨੂੰ ਰੱਬ ਮਿਲ ਜਾਏ? ਸਾਨੂੰ ਪਹਿਲਾਂ ਪਤਾ ਲੱਗਣਾ ਚਾਹੀਦਾ ਹੈ ਕਿ ਰੱਬ ਰਹਿੰਦਾ ਕਿੱਥੇ ਹੈ? ਜੇ ਚੰਡੀਗੜ੍ਹ ਵਿਚ ਕਿਸੇ ਨੂੰ ਮਿਲਣਾ ਹੋਵੇ, ਫੇਰ ਅਸੀਂ ਇਹ ਦੇਖਦੇ ਹਾਂ ਕਿ ਕਿਹੜੇ ਸੈਕਟਰ ਵਿਚ ਹੈ, ਕਿੰਨਾ ਮਕਾਨ ਨੰਬਰ ਹੈ; ਤਾਂ ਹੀ ਮਿਲ ਸਕਦੇ ਹਾਂ ਕਿ ਕਿਹੜੇ ਸੈਕਟਰ ਵਿਚ ਹੈ, ਕਿੰਨਾ ਮਕਾਨ ਨੰਬਰ ਹੈ; ਤਾਂ ਹੀ ਮਿਲ ਸਕਦੇ ਹਾਂ। ਫੇਰ ਜਾਣ ਦਾ ਰਸਤਾ ਕਿਹੜਾ ਹੈ? ਜੇ ਸਾਨੂੰ ਪਤਾ ਲਗ ਜਾਵੇ ਰੱਬ ਦਾ ਕਿ ਫਲਾਣੇ ਥਾਂ ਰਹਿੰਦਾ ਹੈ; ਓਥੇ ਚਲੇ ਜਾਵਾਂਗੇ, ਚਾਹੇ ਔਖੇ ਹੀ ਹੋ ਜਾਈਏ।

ਕਈ ਕਹਿੰਦੇ ਨੇ ਕਿ ਕਾਹਬੇ ਵਿਚ ਰੱਬ ਰਹਿੰਦਾ ਹੈ। ਖਿਆਲ ਨੇ ਆਪਣੇ-ਆਪਣੇ। ਕਿਸੇ ਦਾ ਖਿਆਲ ਹੈ ਕਿ ਉਹ ਮੰਦਰ ਵਿਚ ਰਹਿੰਦਾ ਹੈ, ਇਹ ਵੀ ਖਿਆਲ ਹੋ ਸਕਦਾ ਹੈ ਕਿ ਕਿਸੇ ਖਾਣ ਅਸਥਾਨ ਤੇ ਪਰਮੇਸ਼ਰ ਹੋਵੇ। ਮਹਾਰਾਜ ਕਹਿੰਦੇ, ਭੋਲਿਓ! ਭੁੱਲੋ ਨਾ। ਕਬੀਰ ਸਾਹਿਬ ਲਿਖਦੇ ਨੇ -

***ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥***

ਕਹਿੰਦੇ, "ਜਦ ਮੈਂ ਕਾਹਬੇ ਦੇ ਹੱਜ ਨੂੰ ਤੁਰਨ ਲੱਗਿਆ, ਮੈਨੂੰ ਰੱਬ ਮਿਲ ਗਿਆ ਤੇ ਮੇਰੇ ਨਾਲ ਗੁੱਸੇ ਹੋ ਗਿਆ। ਅੱਗੇ ਪਿਆਰ ਨਾਲ ਬੋਲਦਾ ਸੀ, ਅੱਜ ਗੁੱਸੇ ਹੋ ਗਿਆ। ਗੁੱਸੇ ਵੀ ਬਹੁਤ ਹੋ ਗਿਆ, ਮੇਰੇ ਨਾਲ ਲੜਾਈ ਕਰ ਲਈ -

***ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ॥***
***ਅੰਗ - ੧੩੭੫***

ਮੈਂ ਕਿਹਾ, "ਪ੍ਰਭੂ! ਦੱਸ ਤਾਂ ਦਿਉ, ਤੁਸੀਂ ਮੇਰੇ ਨਾਲ ਕਿਉਂ ਗੁੱਸੇ ਹੋਣ ਲੱਗ ਗਏ, ਕਿਹੜੀ ਗੱਲ ਤੋਂ ਗੁੱਸੇ ਹੋ ਗਏ?" ਕਹਿੰਦੇ, "ਕਬੀਰ! ਤੈਨੂੰ ਕਿਹਨੇ ਕਿਹਾ ਹੈ ਕਿ ਮੈਂ ਕਿਸੇ ਖਾਸ ਥਾਂ ਤੇ ਰਹਿੰਦਾ ਹਾਂ, ਫਲਾਣੇ ਥਾਂ ਮੈਂ ਰਹਿੰਦਾ ਹਾਂ.............।"

"ਹੇ ਪ੍ਰਭੂ! ਫੇਰ ਤੁਸੀਂ ਰਹਿੰਦੇ ਕਿੱਥੇ ਹੋ?"

"ਕਬੀਰ, ਤੂੰ ਆਪ ਪੁਛਦਾ ਹੈਂ ਕਿ ਸੰਸਾਰ ਵਾਸਤੇ ਪੁਛਦਾ ਹੈਂ?"

"ਦੱਸ ਦਿਉ ਮਹਾਰਾਜ, ਕੰਮ ਆਊਗੀ।"

ਸੋ ਉਹ ਦੱਸਦੇ ਨੇ ਕਿ ਕੋਈ ਥਾਂ ਨਹੀਂ ਐਸਾ ਜਿਥੇ ਮੈਂ ਨਹੀਂ ਰਹਿੰਦਾ - ਮੈਂ ਸਭ ਥਾਂ ਰਹਿੰਦਾ ਹਾਂ -

***ਧਾਰਨਾ - ਘਟ ਘਟ ਅੰਤਰਿ, ਸਰਬ ਨਿਰੰਤਰ,***
***ਕੇਵਲ ਏਕ ਮੁਰਾਰੀ ਐ - ੨, ੨.***

ਕਹਿੰਦੇ, "ਕਬੀਰ, ਮੈਂ ਤਾਂ ਸਾਰਿਆਂ ਦੇ ਅੰਦਰ ਰਹਿੰਦਾ ਹਾਂ, ਨਾਲ ਹੀ ਰਹਿੰਦਾ ਹਾਂ, ਲੇਕਿਨ ਮੈਨੂੰ ਦੇਖ ਨਹੀਂ ਰਹੇ ਸਾਰੇ।"

ਐਨਾ ਗਲਤ ਹੋਇਆ, ਹੋਇਆ ਹੈ ਕੰਮ ਕਿ ਨਾਲ ਰਹਿੰਦੇ ਰੱਬ ਦੀ ਵੀ ਪਛਾਣ ਨਹੀਂ ਕਰਦਾ - ਬਿਲਕੁਲ ਕੋਲ ਰਹਿੰਦੇ ਹੋਏ ਵੀ। ਮਹਾਰਾਜ ਕਹਿੰਦੇ, ਕੋਲ ਰਹਿੰਦੇ ਨੂੰ ਤਾਂ ਮਿਲ ਲੈ। ਕਿਤੇ ਸੱਤਵੇਂ ਆਸਮਾਨ ਤੇ ਨਹੀਂ ਜਾਣਾ, ਕਿਸੇ ਬੈਕੁੰਠ ਧਾਮ ਵਿਚ ਨਹੀਂ ਜਾਣਾ; ਤੇਰੇ ਨਾਲ ਪਰਮੇਸ਼ਰ ਰਹਿੰਦਾ ਹੈ - ਹਰ ਵਕਤ। ਨਾਲ ਰਹਿੰਦੇ ਨੂੰ ਨਹੀਂ ਤੂੰ ਮਿਲ ਸਕਦਾ? ਸਾਧ ਸੰਗਤ ਜੀ, ਆਪਾਂ ਤਾਂ ਮਾਮੂਲੀ ਬੰਦੇ ਹਾਂ; ਜਿਹੜੇ ਵੱਡੇ-ਵੱਡੇ ਨੇ - ਬਹੁਤ ਵੱਡੇ-ਵੱਡੇ, ਉਹ ਵੀ ਇਸ ਗੱਲ ਤੇ ਬੜਾ ਸੋਚਦੇ ਨੇ ਕਿ ਕੀ ਕਰਿਆ ਜਾਵੇ, ਕਿਸ ਤਰ੍ਹਾਂ ਦੇ ਨਾਲ ਪਰਮੇਸ਼ਰ ਨੂੰ ਮਿਲੀਏ; ਕੋਲ ਰਹਿੰਦਾ ਹੈ, ਨਾਲ ਰਹਿੰਦਾ ਹੈ। ਉਹ ਬੋਲਦਾ ਨਹੀਂ, ਅਸੀਂ ਬੁਲਾਉਂਦੇ ਹਾਂ, ਔਖੇ ਹੁੰਦੇ ਹਾਂ, ਰੋਂਦੇ ਹਾਂ, ਸਭ ਕੁਝ ਕਰਦੇ ਹਾਂ, ਹਾਕਾਂ ਮਾਰਦੇ ਹਾਂ, ਕੀਰਤਨ ਕਰਦੇ ਹਾਂ, ਬਾਣੀਆਂ ਪੜ੍ਹਦੇ ਹਾਂ; ਉਹ ਟੱਸ ਤੇ ਮੱਸ ਨਹੀਂ ਹੁੰਦਾ, ਇਹ ਗੱਲ ਕੀ ਹੈ? ਕਹਿੰਦੇ, ਰਾਹ ਗਲਤ ਹੈ ਤੇਰਾ। ਪਹਿਲਾਂ ਕਿਸੇ ਤੋਂ ਰਸਤਾ ਪੁੱਛ, ਫੇਰ ਤਾਂ ਰੱਬ ਤੈਨੂੰ ਸੁਖਾਲਾ ਹੀ ਮਿਲ ਜਾਏਗਾ, ਨਹੀਂ ਤਾਂ ਟੱਕਰਾਂ ਮਾਰੀ ਜਾਹ ਜਿੰਨੀਆਂ ਤੇਰਾ ਜੀਅ ਕਰਦਾ ਹੈ। ਤੂੰ ਕਿਸੇ ਹੋਰ ਚੀਜ਼ ਨੂੰ ਭਾਲਦਾ ਹੈਂ, ਅੰਦਰ ਤੇਰੇ ਵਾਸ਼ਨਾ ਹੋਰ ਹੈ ਤੇ ਉਤੋਂ ਤੂੰ ਕਹਿੰਦਾ ਹੈ, "ਮੈਂ ਰੱਬ ਨੂੰ ਮਿਲਣਾ ਹੈ।' ਡਰ ਪਿਆ ਹੋਇਆ ਹੈ ਤੇਰੇ ਅੰਦਰ ਕਿ ਕੋਈ ਵਿਘਨ ਨਾ ਆ ਲੱਗੇ। ਪਾਠ ਕਰੀ ਜਾਨਾਂ ਹੈ, ਗੁਰਦੁਆਰੇ ਜਾਈ ਜਾਂਦਾ ਹੈ ਕਿ ਸੁਖ-ਸ਼ਾਂਤੀ ਰਹੇ, ਬਿਮਾਰੀਆਂ ਨਾ ਲੱਗ ਜਾਣ, ਕੋਈ ਮੁਕੱਦਮਾ ਨਾ ਬਣ ਜਾਏ, ਕੁਛ ਹੋਰ ਨਾ ਹੋ ਜਾਵੇ। ਰੱਬ ਨੂੰ ਮਿਲਣ ਦਾ ਤਾਂ ਤੇਰੇ ਅੰਦਰ ਸ਼ੌਕ ਜਾਗਿਆ ਹੀ ਨਹੀਂ ਹੈ। ਜਿਨ੍ਹਾਂ ਦੇ ਅੰਦਰ ਜਾਗਿਆ ਹੈ, ਉਹ ਫੇਰ ਤਲਾਸ਼ ਕਰਦੇ ਨੇ।

ਪੀਰ ਬੁੱਧੂਸ਼ਾਹ ਸਢੌਰੇ ਵਾਲੇ - ਜਾਗੀਰਦਾਰ ਸਨ, ਕਾਫੀ ਦੂਰ ਤੱਕ ਉਨ੍ਹਾਂ ਦੀ ਜਾਗੀਰ ਸੀ ਤੇ ਉਨ੍ਹਾਂ ਦੇ ਮੁਰੀਦ ਵੀ ਹਜ਼ਾਰਾਂ ਦੀ ਤਾਦਾਦ ਵਿਚ ਸਨ ਤੇ ਬੜਾ ਹੀ ਸ਼ੌਕ ਵਾਲਾ ਬੰਦਾ ਸੀ, ਮਾਰਫਤ ਵਿਚ ਖੇਲ੍ਹਣ ਦਾ ਯਤਨ ਕਰਦਾ ਸੀ ਪਰ ਲੱਭਦੀ ਨਹੀਂ ਸੀ, ਕਿਉਂਕਿ ਪਹਿਲਾਂ ਸ਼ਰ੍ਹਾ ਹੈ, ਫੇਰ ਸ਼ਰੀਅਤ ਹੈ, ਫੇਰ ਉਹਤੇ ਬਾਅਦ ਤਰੀਕਤ ਹੁੰਦੀ ਹੈ, ਫੇਰ ਹਕੀਕਤ, ਫੇਰ ਮਾਰਫਤ ਆਉਂਦੀ ਹੈ। ਸ਼ਰੀਅਤ ਹੈ, ਤ੍ਰੀਕਤ ਹੈ, ਹਕੀਕਤ ਹੈ, ਫੇਰ ਮਾਰਫਤ - ਇਹ ਚਾਰ ਅਵਸਥਾ ਹੋਇਆ ਕਰਦੀਆਂ ਨੇ। ਇਹ

(ਬਾਕੀ ਪੰਨਾ 40 'ਤੇ)

# ਮਹਾਂਪੁਰਸ਼ਾਂ ਦੇ ਜਨਮਦਿਨ ਦੇ ਅਵਸਰ ਤੇ ਪ੍ਰਾਪਤ ਹੋਏ ਪ੍ਰਵਚਨ

**ਨੋਟ** - ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਸੰਤ ਮਹਾਰਾਜ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਰਤਵਾੜਾ ਸਾਹਿਬ ਵਾਲਿਆਂ ਦੇ ਸਰੀਰ ਦਾ ਜਨਮ ਮਾਤਾ ਇੰਦ ਕੌਰ ਜੀ ਦੀ ਕੁੱਖ ਤੋਂ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਦੇ ਗ੍ਰਿਹਿ ਨਗਰ ਧਮੋਟ ਤਹਿਸੀਲ ਪਾਇਲ, ਜ਼ਿਲਾ ਲੁਧਿਆਣਾ ਪੰਜਾਬ ਵਿਖੇ 17 ਜੂਨ 1918 ਵਾਲੇ ਦਿਨ ਹੋਇਆ। ਮਹਾਂਪੁਰਸ਼ਾਂ ਨੇ ਆਪਣੇ ਜੀਵਨ ਪ੍ਰਥਾਇ ਆਪਣੀ ਕਥਾ, ਆਪਣੇ 83ਵੇਂ ਜਨਮ ਦਿਨ ਤੇ ਆਪਣੇ ਪ੍ਰਵਚਨਾਂ ਵਿਚ ਵਖਿਆਨ ਕੀਤੀ ਹੈ ਉਸ ਜੀਵਨ ਕਥਾ ਨੂੰ ਟੇਪ ਰਿਕਾਰਡ ਤੋਂ ਹੂ-ਬ-ਹੂ ਉਤਾਰਾ ਕਰਕੇ ਸੰਗਤਾਂ ਦੇ ਗਿਆਤ ਵਾਸਤੇ ਆਤਮ ਮਾਰਗ ਵਿਚ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

***ਐਡੀਟਰ 'ਆਤਮ ਮਾਰਗ'***

ਮੈਨੂੰ ਬੋਲਣ ਲਈ ਕਿਹਾ ਗਿਆ ਹੈ, ਮੈਨੂੰ ਤਾਂ ਇਹ ਪਤਾ ਹੀ ਨਹੀਂ ਲਗਦਾ ਕਿ ਮੈਂ ਕੀ ਕਹਾਂ। ਤੁਸੀਂ ਸਾਰੇ ਇਕੱਠੇ ਹੋ ਕੇ ਸਾਰੇ ਅਥਾਹ ਪਿਆਰ ਦੇ ਰਹੇ ਓਂ। ਉਮਰ ਆਪਣੇ ਹਿਸਾਬ ਨਾਲ ਚਲਦੀ ਜਾਂਦੀ ਹੈ, ਸਮਾਂ ਰੋਕਿਆ ਹੋਇਆ ਰੁਕਦਾ ਨਹੀਂ ਹੈ -

*ਇਹ ਠਹਿਰਨ ਜਾਚ ਨਾ ਜਾਣਦਾ*
*ਲੰਘ ਗਿਆ ਨ ਮੁੜ ਕੇ ਆਂਵਦਾ।*

***ਡਾ. ਭਾਈ ਵੀਰ ਸਿੰਘ ਜੀ***

ਪਰ ਇਹਦੇ ਵਿਚ ਕੁਛ ਤਜਰਬੇ ਹੁੰਦੇ ਨੇ, ਕੁਛ ਗੱਲਾਂ ਹੁੰਦੀਆਂ ਨੇ, ਜਿਹੜੀਆਂ ਸੰਸਾਰ ਨੂੰ ਰਸਤਾ ਦਿਖਾਉਂਦੀਆਂ ਨੇ, ਆਪਣੇ ਵਾਸਤੇ ਵੀ ਬਹੁਤ ਕੁਛ ਹੁੰਦਾ ਹੈ। ਸਰੀਰ ਤਾਂ ਹਮੇਸ਼ਾ ਹੀ ਨਾਸ਼ਵੰਤ ਹੁੰਦੇ ਨੇ। ਇਹ ਰਿਹਾ ਨਹੀਂ ਕਰਦੇ।

*ਬੁੱਢਾ ਹੋਆ ਸੇਖ ਫਰੀਦ*
*ਕੰਬਣ ਲੱਗੀ ਦੇਹ।*
*ਜੇ ਸੌ ਵਰ੍ਹਿਆਂ ਜੀਵਣਾ*
*ਭੀ ਤਨ ਹੋਸੀ ਖੇਹ।*

ਅਸਲੀ ਨਿਸ਼ਾਨਾ ਤਾਂ ਇਹੀ ਹੈ ਕਿ ਸੰਸਾਰ ਤੋਂ ਇਕ ਦਿਨ ਜਾਣਾ ਹੀ ਜਾਣਾ ਹੈ ਪਰ ਇਹ ਬੜਾ ਪਿਆਰਾ ਲਗਦੈ। ਆਪ ਕਿੰਨੇ ਪਿਆਰ ਵਿਚ ਆਏ ਓਂ, ਬਾਹਰੋਂ ਟੈਲੀਫੋਨ ਆਏ ਕਿ ਜੀ, ਅਖੰਡਪਾਠ ਹੋਇਐ, ਅੱਜ ਕੀਰਤਨ ਕਰਵਾ ਰਹੇ ਹਾਂ ਅਸੀਂ, ਅੱਜ 17 ਜੂਨ ਹੈ, ਮੈਂ ਕਿਹਾ ਤੁਹਾਨੂੰ ਵੀ ਪਤਾ ਲਗ ਗਿਆ 17 ਜੂਨ ਦਾ। ਕਹਿੰਦੇ, ਹਾਂ ਜੀ। ਮੈਨੂੰ ਨਹੀਂ ਸੀ ਪਤਾ 17 ਜੂਨ ਦਾ, ਮੈਂ ਤਾਂ 20 ਕਹਿੰਦਾ ਹੁੰਦਾ ਸੀ, ਮੇਰੇ ਪਾਸਪੋਰਟ ਤੇ ਵੀ 20 ਤਰੀਕ ਹੀ ਲਿਖੀ ਹੋਈ ਹੈ। ਤੁਸੀਂ ਸਾਰਿਆਂ ਨੇ ਮੈਨੂੰ ਬਹੁਤ ਪਿਆਰ ਕਰਿਆ, ਐਨਾ ਜ਼ਿਆਦਾ ਕਰਿਐ ਕਿ ਮੈਂ ਤੁਲਨਾ ਕਰਦਾਂ, ਇਥੇ ਜੋ ਮੇਰੇ ਨਾਲ ਪਿਆਰ ਹੈ ਤੁਹਾਡਾ ਉਸ ਵਿਚ ਕੋਈ ਗਰਜ਼ ਨਹੀਂ ਕੋਈ, ਮੈਂ ਕੋਈ ਜਾਇਦਾਦ ਨਹੀਂ ਦੇਣੀ ਤੁਹਾਨੂੰ, ਇਹ ਪ੍ਰਮੇਸ਼ਰ ਵਲੋਂ ਕੁਦਰਤੀ ਪਿਆਰ ਹੈ। ਬੱਚੇ ਵੀ ਕਰਦੇ ਨੇ ਛੋਟੇ-ਛੋਟੇ, ਬੀਬੀਆਂ ਕਰਦੀਆਂ ਨੇ, ਭਾਈ ਕਰਦੇ ਨੇ। ਇਸ ਤਰ੍ਹਾਂ ਜਦ ਮੈਂ ਦੇਖਦਾਂ ਕਿ ਬਹੁਤ ਪਿਆਰ ਹੈ ਇਨ੍ਹਾਂ ਦੇ ਮਨਾਂ ਵਿਚ, ਜਿਥੇ ਮੈਂ ਜਾਣੈ ਕੀ ਉਥੇ ਵੀ ਐਨਾ ਹੀ ਪਿਆਰ ਹੋਏਗਾ? ਉਥੇ ਤਾਂ ਮੈਂ ਜਾਣਦਾ ਨਹੀਂ ਹਾਂ ਕਿਸੇ ਨੂੰ। ਉਥੇ ਤਾਂ ਇਕ ਤੋਂ ਇਕ ਚੜ੍ਹਦੈ -

*ਇਕ ਦੂ ਇਕਿ ਚੜਦੀਆ*



**ਪਰਮ ਸਤਿਕਾਰਯੋਗ ਬੀਜੀ ਮਹਾਂਪੁਰਸ਼ਾਂ ਦੇ ਜਨਮ ਦਿਨ ਤੇ ਸੰਗਤਾਂ ਨੂੰ ਪ੍ਰਵਚਨਾਂ ਦੁਆਰਾ ਨਿਹਾਲ ਕਰਦੇ ਹੋਏ।**

*ਕਉਣੁ ਜਾਣੈ ਮੇਰਾ ਨਾਉ ਜੀਉ॥*

*ਅੰਗ - 762*

ਪਰ ਫੇਰ ਵੀ ਮੇਰੇ ਮਨ ਵਿਚ ਬੜੀ ਜ਼ਬਰਦਸਤ ਆਸ ਹੈ ਕਿ ਦੁਨੀਆਂ ਵਿਚ ਇਕ ਪਿਆਰ ਮੈਂ ਦੇਖਿਐ, ਜਿਸਨੂੰ ਪਿਆਰ ਆਖਿਆ ਜਾਂਦੈ, ਪਿਆਰ ਮੇਰਾ ਓਨਾ ਨਹੀਂ ਨਿਭਿਆ, ਜਿੰਨਾਂ ਮੈਨੂੰ ਨਿਭਾਣਾ ਚਾਹੀਦੈ। ਕਿਉਂਕਿ ਮੈਂ ਲੈਣਾ ਨਹੀਂ ਸੀ। ਸੰਤ ਮਹਾਰਾਜ ਜੀ ਨੂੰ ਮੈਂ ਇਸ ਤਰ੍ਹਾਂ ਨਹੀਂ ਸੀ ਮਿਲਿਆ -

*ਏਕੁ ਜੁ ਸਾਧੂ ਮੋਹਿ ਮਿਲਿਓ ਤਿਨਿ ਲੀਆ ਅੰਚਲਿ ਲਾਇ॥*

*ਅੰਗ - 1368*

ਮੈਂ ਖਿੱਚ ਖਾ ਗਿਆ ਓਨ੍ਹਾਂ ਨੂੰ ਦੇਖ, ਵੈਸੇ ਓਥੇ ਮੈਂ ਜਾਂਦਾ ਨਹੀਂ ਸੀ, ਕਿਉਂਕਿ ਮੈਂ ਬਹੁਤ ਸਾਰੇ ਸੰਤਾਂ ਕੋਲ ਬਚਪਨ ਤੋਂ ਹੀ ਘੁੰਮਦਾ ਸੀ। ਮੈਨੂੰ ਤਿੰਨ ਚਾਰ ਸਾਲ ਦੇ ਨੂੰ ਪਤਾ ਸੀ ਕਿ ਸੰਤ ਕੀ ਹੁੰਦੇ ਨੇ, ਉਨ੍ਹਾਂ ਦੇ ਪ੍ਰਭਾਵ ਮੇਰੇ ਮਨ ਦੇ ਵਿਚ ਹੁੰਦੇ। ਕੁਦਰਤੀ ਪ੍ਰਮੇਸ਼ਰ ਨੇ ਜਿਹੜੀ ਮੇਰੀ ਯਾਦਾਸ਼ਤ ਸੀ ਉਹ ਮੇਟੀ ਨਾ ਪਿਛਲੇ ਜਨਮ ਦੀ। ਉਹ ਉਵੇਂ ਜਿਵੇਂ ਖੜ੍ਹੀ ਰਹੀ, ਪਹਿਲਾਂ ਤਾਂ ਉਹ ਸਾਫ ਨਾ ਹੋਈ, ਪਹਿਲਾਂ ਤਾਂ ਉਹਦੀ ਭ੍ਰਾਂਤੀ ਰਹਿੰਦੀ ਸੀ, ਉਹ ਐਸ ਤਰ੍ਹਾਂ ਕਿ ਮੈਨੂੰ ਸਾਧੂ ਦਿਸੀ ਜਾਣੇ ਭਗਵੇਂ ਕਪੜਿਆਂ ਵਾਲੇ ਛੋਟੇ ਹੁੰਦੇ ਨੂੰ। ਮੈਂ ਆਪਣੀ ਮਾਤਾ ਨੂੰ ਕਹਿਣਾ ਕਿ ਮੈਨੂੰ ਸਾਧੂ ਦਿਸਦੇ ਨੇ, ਕਹਿੰਦੀ ਜਿਹੜਾ ਤੇਰਾ ਵੱਡਾ ਭਰਾ ਚੜ੍ਹਾਈ ਕਰਿਐ ਉਹਨੂੰ ਵੀ ਦਿਸਦੇ ਹੁੰਦੇ ਸੀ, ਕਹਿੰਦੀ ਤੁਹਾਨੂੰ ਸਾਧੂ ਹੀ ਦਿਸਦੇ ਨੇ। ਮੈਂ ਕਿਹਾ ਮੈਨੂੰ ਕਹਿੰਦੇ ਕੁਛ ਨਹੀਂ, ਆਉਂਦੇ ਨੇ ਮੇਰੇ ਕੋਲ ਆ ਕੇ ਚਲੇ ਜਾਂਦੇ ਨੇ। ਸੰਜੋਗ ਹੁੰਦੇ ਨੇ ਆਪਣੇ ਪਿਛਲੇ ਜਨਮਾਂ ਦੇ, ਏਸ ਜਨਮ ਦੇ ਅੰਦਰ ਜੇ ਮੈਂ ਇਹ ਗੱਲ ਕਹਿ ਦੇਵਾਂ, ਗਲਤ ਨਹੀਂ ਬਿਲਕੁਲ ਸਚਾਈ ਦੇ ਨਾਲ ਮੈਂ ਕਹਿਨਾਂ ਕਿ ਮੈਨੂੰ ਅਕਲ



**ਪਰਮ ਸਤਿਕਾਰਯੋਗ ਬੀਜੀ ਅਤੇ ਸੰਤ ਮਹਾਰਾਜ ਰਤਵਾੜਾ ਸਾਹਿਬ ਵਿਖੇ**

ਨਹੀਂ ਹੈਗੀ, ਸੰਸਾਰ ਦੀ ਅਕਲ ਨਹੀਂ ਮੈਨੂੰ ਬਿਲਕੁਲ ਹੀ, ਉਹ ਹੋਰ ਅਕਲ ਹੈਗੀ, ਇਹ ਅਕਲ ਨਹੀਂ ਕਿ ਸੰਸਾਰ ਵਿਚ ਕਿਵੇਂ ਵਰਤਣੈ, ਪਰਿਵਾਰ ਵਿਚ ਕਿਵੇਂ ਵਰਤਣੈ, ਰਿਸ਼ਤੇਦਾਰਾਂ 'ਚ ਕਿਵੇਂ ਵਰਤਣੈ, ਇਹ ਅਕਲ ਮੈਨੂੰ ਆਈਓ ਨਹੀਂ ਬਚਪਨ ਤੋਂ ਲੈ ਕੇ। ਇਹ ਮੈਂ ਹੁਣ ਸੋਚਦਾਂ, ਪਹਿਲਾਂ ਤਾਂ ਮੈਂ ਸੋਚਦਾ ਨਹੀਂ ਸੀ ਕਿ ਕਿਸੇ ਦੇ ਮਨ ਵਿਚ ਨਹੀਂ ਹੈ ਕਿ ਸੰਸਾਰ ਦਾ ਉਧਾਰ ਹੋ ਜਾਵੇ। ਸੰਸਾਰ ਦਾ। ਉਧਾਰ ਹੋ ਜਾਵੇ, ਗੁਰੂ ਵਲ ਲੱਗ ਜਾਣ, ਮੈਨੂੰ ਕਿਉਂ ਫਿਕਰ ਪਿਐ ਹੋਇਐ ਸਾਰੇ ਸੰਸਾਰ ਦਾ ਫੇਰ ਮੈਨੂੰ ਆਪੇ ਹੀ ਜਵਾਬ ਆ ਜਾਂਦੈ ਕਿ ਤੂੰ ਸਮਝਦਾਰ ਨਹੀਂ ਹੈਂ, ਤੈਨੂੰ ਜੀਉਣਾ ਨਹੀਂ ਆਇਆ ਜ਼ਿੰਦਗੀ ਦੇ ਅੰਦਰ। ਕਿਉਂਕਿ ਮੇਰੀ ਸਾਰੀ ਜ਼ਿੰਦਗੀ ਏਵੇਂ ਜਿਵੇਂ ਲੰਘੀ ਐ, ਮੈਨੂੰ ਜਿਹੜਾ ਕਾਰਜ ਮਿਲਿਐ ਇਹ ਬੜੀ ਔਖੀ ਅਦਾਇਗੀ ਸੀਗੀ, ਸੁਖਾਲਾ ਨਹੀਂ ਸੀ। ਪਿਛਲੇ ਜਨਮ ਦਾ ਮੈਨੂੰ ਪਤਾ ਸੀ, ਬੜਾ ਸੋਹਣਾ ਜਨਮ ਲੰਘਿਆ, ਇਕਾਂਤ ਵਿਚ, ਆਹ ਤੁਹਾਡੇ ਕੋਲ ਹੀ ਹੈ ਬਰੋਟੀਆਲਾ। ਇਥੇ ਮੈਂ ਇਕੱਲਾ ਨਹੀਂ ਸੀ ਤੁਹਾਡੇ ਬੀਜੀ ਵੀ ਉਥੇ ਹੀ ਸੀਗੇ।

ਉਥੇ ਵੱਡੇ ਬਜ਼ੁਰਗ ਦਸਦੇ ਨੇ ਕਿ ਇਥੇ ਇਕ ਸੰਤ ਰਹਿੰਦਾ ਸੀ, ਜਦੋਂ ਉਨ੍ਹਾਂ ਨੂੰ ਮੈਂ ਨਿਸ਼ਾਨੀਆਂ ਦੱਸੀਆਂ ਕਿ ਬੋਹੜ ਹੈ, ਕੋਲ ਖੂਹ ਹੁੰਦਾ, ਰਸਤਾ ਪਹਾੜੀ ਤੇ ਨੂੰ ਚੜ੍ਹਦਾ ਸੀ, ਕਹਿੰਦੇ ਹਾਂ ਜੀ ਉਥੇ ਇਕ ਮਹਾਤਮਾ ਦਾ ਧੂਣਾ ਹੁੰਦਾ, ਉਥੇ ਸੰਤ ਬਹੁਤ ਆਉਂਦੇ ਸੀ ਤੇ ਜਲ ਪਾਣੀ ਦੀ ਸੇਵਾ ਇਕ ਬੀਬੀ ਕਰਦੀ ਹੁੰਦੀ ਸੀ। ਉਹਨੇ ਵਿਆਹ ਨਹੀਂ ਸੀ ਕਰਾਇਆ ਸਾਰੀ ਜ਼ਿੰਦਗੀ। ਸਾਡੇ ਪਿੰਡ ਵਿਚ ਹੁਣ ਵੀ ਉਹਦੀ ਮਾਨਤਾ ਹੈ, ਮੰਨਦੇ ਹਾਂ ਅਸੀਂ ਉਸ ਬੀਬੀ ਨੂੰ। ਸੋ ਉਹ ਜਨਮ ਸੀ ਜਿਹੜਾ ਉਹ ਏਸੇ ਤਰ੍ਹਾਂ

ਲੰਘਿਆ, ਨਾ ਕਿਸੇ ਨੂੰ ਦੇਣਾ, ਨਾ ਲੈਣਾ, ਨਾ ਕੋਈ ਡੇਰਾ ਬਣਾਉਣਾ, ਨਾ ਕੋਈ ਲੰਗਰ ਚਲਾਉਣਾ, ਆ ਗਏ ਪ੍ਰਸ਼ਾਦੇ ਛਕ ਲੈਣੇ, ਨਹੀਂ ਉਹ ਬੋਹੜ ਸੀਗਾ ਹੁਣ ਵੀ ਸ਼ਾਇਦ ਖੜ੍ਹੈ ਕਹਿੰਦੇ, ਉਹਦੇ ਥੱਲੇ ਬੈਠੇ ਰਹੀਦਾ ਸੀ। ਇਕ ਕਪੀਨ ਪਾਈ ਹੁੰਦੀ, ਸਿਰ ਦੇ ਉਤੇ ਜਟਾਵਾਂ ਹੁੰਦੀਆਂ, ਧੂਣਾਂ ਬਲਦਾ ਰਹਿੰਦਾ ਸੀ ਸਾਮ੍ਹਣੇ। ਉਹ ਮੈਨੂੰ ਦਿਸਦਾ ਰਹਿੰਦਾ ਸੀ, ਮਹਾਰਾਜ ਜੀ ਨੇ ਦੇਖ ਲਿਆ। ਜਿਸ ਵਕਤ ਮੈਂ ਮਹਾਰਾਜ ਜੀ ਨੂੰ ਪਹਿਲੀ ਵਾਰ ਮਿਲਿਆ, ਪਹਿਲਾਂ ਤਾਂ ਮਿਲਦਾ ਹੀ ਨਹੀਂ ਸੀਗਾ। ਉਸ ਤਰ੍ਹਾਂ ਮੇਰਾ ਪਿਆਰ ਸੀ ਬਚਪਨ ਤੋਂ ਹੀ ਉਨ੍ਹਾਂ ਨਾਲ। ਸਾਡੇ ਬਹੁਤ ਸਾਰੇ ਸੰਤ ਆਉਂਦੇ ਸੀ, ਉਨ੍ਹਾਂ ਦੇ ਸੰਸਕਾਰ ਸਾਡੇ ਉਤੇ ਪੈਂਦੇ ਸੀ ਕਿਉਂਕਿ ਖਿਆਲ ਚਲਦੇ ਨੇ ਦੁਨੀਆਂ 'ਚ। ਅਜੇ ਮਹਾਰਾਜ ਜੀ ਦੀ ਸਰੀਰਕ ਤੌਰ ਤੇ ਛੋਟੀ ਉਮਰ ਸੀ, ਅਜੇ ਜਿਹੜਾ ਸੀਨੀਅਰ ਸੰਤ ਸਨ ਉਹ ਮੰਨਣ ਵਾਸਤੇ ਤਿਆਰ ਨਹੀਂ ਸੀ ਕਿ ਇਹ ਕੋਈ ਬਹੁਤ ਵੱਡੀ ਰੂਹ ਹੈ। ਟਾਂਵੇਂ ਟਾਂਵਿਆਂ ਨੇ ਮੰਨਿਆ, ਪਰ ਉਹ ਵੀ ਤਪ ਵਾਲੇ ਸੀਗੇ, ਬੜੀ ਭਾਰੀ ਤਪੱਸਿਆ ਕੀਤੀ ਆਪ ਨੇ। ਜਿਸ ਵਕਤ ਮੈਂ ਉਨ੍ਹਾਂ ਨੂੰ ਮਿਲਿਆ, ਉਸ ਵੇਲੇ ਮੈਂ ਫੇਰ ਜੇ-ਜਿੱਕ ਕਰ ਦਿਤੀ ਕਿ ਮੈਂ ਦੂਰੋਂ ਦਰਸ਼ਨ ਕਰ ਲਏ, ਨੇੜੇ ਹੋ ਕੇ ਕੀ ਕਰਨੇ ਨੇ। ਛੋਟੀ ਉਮਰ ਸੀ, ਸਕੂਲ ਤੋਂ ਪੜ੍ਹ ਕੇ ਹਟਿਆ ਸੀ, ਮਾਤਾ ਜੀ ਨੂੰ ਸਾਡੀ ਨੂੰ ਖਿਆਲ ਸੀ ਕਿ ਇਹ ਭਟਕਦਾ ਫਿਰਦੈ, ਬੇਅੰਤ ਸੰਤਾਂ ਦੇ ਪਿਛੇ, ਸੁਣਦੈ ਤੁਰ ਜਾਂਦੈ ਘਰੋਂ ਚੁੱਪ ਕਰਕੇ। ਘਰਵਾਲੇ ਮੈਨੂੰ ਰੋਕਦੇ ਨਹੀਂ ਸੀਗੇ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਨਾ ਕੋਈ ਮਾੜਾ ਕੰਮ ਕਰਦੈ, ਕਿਸੇ ਸੰਤਾਂ ਦੇ ਪਿਛੇ ਤੁਰਿਆ ਫਿਰਦਾ ਕੀਰਤਨ ਸੁਣਦਾ ਹੋਣੈ, ਕਿਤੇ ਬੈਠਾ ਹੋਣਾ ਅੱਖਾਂ ਮੀਟੀ, ਸੋ ਏਸ ਕਰਕੇ ਉਹ ਬੇਫਿਕਰ ਸੀਗੇ। ਮੇਰੇ ਪਿਤਾ ਜੀ ਇਕ ਗੱਲ ਕਹਿੰਦੇ ਹੁੰਦੇ ਕਿ ਜੇ ਤੂੰ ਮੇਰਾ ਪੁੱਤਰ ਨਾ ਹੁੰਦਾ, ਮੈਂ ਰੋਜ਼ ਤੜਕੇ ਉਠ ਕੇ ਤੈਨੂੰ ਮੱਥਾ ਟੇਕਿਆ ਕਰਦਾ, ਮੈਂ ਨਹੀਂ ਸੀ ਗੌਲਦਾ, ਮੈਂ ਕਿਹਾ ਐਵੇਂ ਈ ਇਹ ਤਾਂ ਗੱਲਬਾਤ ਐ। ਸੋ ਮਾਤਾ ਜੀ ਸਾਡੇ ਏਸ ਗੱਲ ਦੇ ਵਿਚ ਸੀ ਕਿ ਇਹਨੂੰ ਕੋਈ ਪੂਰਾ ਸੰਤ ਮਿਲ ਜਾਵੇ ਤਾਂ ਚੰਗਾ ਹੈ। ਅਜੇ ਤੱਕ ਇਹ ਤੁਰਿਆ ਰਹਿੰਦੈ ਸੰਤਾਂ ਦੇ, ਉਹਦੇ ਕੋਲ ਚਲਾ ਗਿਆ, ਉਹ ਸੰਤਾਂ ਦੇ ਬਚਨ ਸੁਣ ਲਏ, ਉਨ੍ਹਾਂ ਦਾ ਕੀਰਤਨ ਸੁਣ ਲਿਆ, ਸਾਰੀ-ਸਾਰੀ ਰਾਤ ਸੁਣੀ ਜਾਂਦੈ। ਉਹ ਮੈਨੂੰ ਰਾੜਾ ਸਾਹਿਬ ਲੈ ਗਏ ਮਾਘ ਦੇ ਮਹੀਨੇ 'ਚ, ਜਦ ਢੱਕੀ ਤੋਂ ਆ ਗਏ ਸੀ ਸੰਤ ਮਹਾਰਾਜ। ਪਹਿਲਾਂ ਵੀ ਅਸੀਂ ਜਾਂਦੇ ਸੀ ਕੀਰਤਨ ਸੁਣਦੇ ਸੀ ਉਨ੍ਹਾਂ ਦਾ ਢੱਕੀ ਵਿਚ। ਲੇਕਿਨ ਨੇੜੇ ਹੋਣ ਦਾ ਨਹੀਂ ਸੀ ਸੁਭਾਗ ਪ੍ਰਾਪਤ ਹੋਇਆ, ਦੂਰੋਂ ਹੀ ਕੀਰਤਨ ਸੁਣਨਾ, ਕੁਛ ਮਹਾਰਾਜ ਵੀ ਘੱਟ ਮਿਲਦੇ ਸੀ, ਜ਼ਿਆਦਾ ਨਹੀਂ ਸੀ ਮਿਲਦੇ ਥੋੜ੍ਹਾ ਹੀ ਮਿਲਦੇ ਸੀ।



**ਪਰਮ ਸਤਿਕਾਰਯੋਗ ਬੀਜੀ ਵਿਸਾਖੀ 1995 ਨੂੰ ਆਤਮ ਮਾਰਗ ਰਿਲੀਜ ਕਰਦੇ ਹੋਏ।**

ਸੋ ਜਿਸ ਵਕਤ ਮਾਤਾ ਜੀ ਅੰਦਰ ਚਲੇ ਗਏ, ਮੈਂ ਬਾਹਰ ਹੀ ਖੜ੍ਹ ਗਿਆ, ਉਹ ਫੇਰ ਆਈ, ਕਹਿਣ ਲੱਗੀ ਸੰਤਾਂ ਦੇ ਦਰਸ਼ਨ ਕਰ ਲੈ, ਅੰਦਰ ਆ ਜਾ। ਮੈਂ ਕਿਹਾ ਮੈਂ ਤਾਂ ਇਥੋਂ ਜਦ ਬਾਹਰੋਂ ਜਾ ਰਹੇ ਸੀ ਮੈਂ ਦਰਸ਼ਨ ਤਾਂ ਕਰ ਲਏ। ਉਹ ਫੇਰ ਉਠ ਕੇ ਆ ਗਈ, ਕਹਿਣ ਲੱਗੀ, ਤੂੰ ਸਾਮ੍ਹਣੇ ਚੱਲ ਉਨ੍ਹਾਂ ਦੇ। ਮੈਂ ਫੇਰ ਨਾ ਗਿਆ। ਤੀਸਰੀ ਵਾਰੀ ਉਹਨੇ ਮੇਰੀ ਬਾਂਹ ਫੜ ਲਈ, ਤੱਕੜੀ ਸੀ ਬਹੁਤ ਜ਼ਿਆਦਾ, ਮੁਰੱਬਿਆਂ ਵਾਲਿਆਂ ਦੀ ਧੀ ਸੀ, ਛੇ ਬੋਰੀਆਂ ਤੱਕ ਉਹ ਬੋਰੀ ਚੁੱਕ ਕੇ ਉਹ ਲਾ ਦਿੰਦੀ ਸੀ। ਸਾਰੇ ਹੈਰਾਨ ਸੀ ਕਿ ਕੁਇੰਟਲ ਦੀ ਬੋਰੀ, ਛੇਵੀਂ ਬੋਰੀ ਤੇ ਵੀ ਲਾ ਦਿੰਦੀ ਹੈ। ਮੇਰੀ ਤਾਕਤ ਨਹੀਂ ਸੀ ਉਹਦੇ ਸਾਮ੍ਹਣੇ। ਉਹਨੇ ਝਟਕਾ ਮਾਰਿਆ, ਮੈਂ ਉਥੇ ਇਕ ਖੱਡਾ ਸੀ ਕੰਧ ਦੇ ਵਿਚ, ਮੇਰਾ ਹੱਥ ਪੈ ਗਿਆ ਉਹਦੇ ਵਿਚ, ਉਹਨੇ ਝਟਕਾ ਮਾਰਿਆ ਉਸ ਤੋਂ ਖਿੱਚ ਨਾ ਹੋਇਆ ਦੂਜੀ ਵਾਰੀ ਝਟਕਾ ਮਾਰਿਆ ਨਾਲੇ ਕਹਿੰਦੀ ਇਹਦੇ 'ਚ ਕਿੰਨਾ ਜ਼ੋਰ ਐ, ਮੇਰਾ ਹੱਥ ਛੁਡਾ ਦਿਤਾ। ਕਹਿੰਦੀ ਸਿੱਧਾ ਹੋ ਕੇ ਚੱਲ, ਸੰਤਾਂ ਦੇ ਕੋਲ ਦਰਸ਼ਨ ਕਰ। ਐਨਾ ਹੀ ਕਹਿਣ 'ਚ ਮੇਰੀ ਭਾਵਨਾ ਬਣ ਗਈ, ਬਾਹਰੋਂ ਅੰਦਰ ਜਾਣ ਤੱਕ। ਗੱਲ ਮੇਰੇ ਮਨ 'ਚ ਕੋਈ ਨਹੀਂ ਸੀ ਪਰ ਮੈਂ ਵੈਸੇ ਹੀ ਨਹੀਂ ਸੀ ਮਿਲਦਾ।

ਮੈਨੂੰ ਸਾਧੂ ਬਹੁਤ ਮਿਲ ਚੁੱਕੇ ਸੀ, ਵੱਡੇ-ਵੱਡੇ ਮਿਲ ਚੁੱਕੇ ਸੀ, ਭਾਈ ਰਣਧੀਰ ਸਿੰਘ ਜੀ ਵਰਗੇ। ਉਨ੍ਹਾਂ ਤੋਂ ਕਈ ਪਿਆਰ ਵੀ ਲੈ ਚੁੱਕਿਆ ਸੀ। ਉਨ੍ਹਾਂ ਦੇ ਨਾਲ ਦੋ ਢਾਈ ਘੰਟੇ ਕੀਰਤਨ ਵੀ ਕਰਿਆ ਜਦ ਮੈਂ ਦਸਵੀਂ 'ਚ ਪੜ੍ਹਦਾ ਸੀ। ਇਸ ਤਰ੍ਹਾਂ ਦੇ ਮਹਾਤਮਾ ਆਉਂਦੇ ਰਹਿੰਦੇ ਸੀ। ਗੁਰਸਿੱਖ ਵੀ ਜਿਹੜੇ ਉਸ ਵੇਲੇ ਦੀ ਸੀ ਉਹ ਵੀ ਪੂਰੇ ਮਹਾਤਮਾ ਸੀਗੇ। ਉਨ੍ਹਾਂ ਦਾ ਭੇਖ ਨਹੀਂ ਸੀ ਲੇਕਿਨ ਸੀਗੇ ਸਾਧੂ। ਮੇਰਾ ਕਈ ਵਾਰੀ ਜੀਅ ਕਰਦਾ ਸੀ ਕਿ ਮੈਂ ਉਹ ਗੱਲਾਂ ਲਿਖਾਂ, ਉਹ ਸਮੇਂ ਲੰਘ ਗਏ ਜਿਸ ਵੇਲੇ ਆਮ ਸਿੱਖ ਵੀ ਜਿਹੜਾ ਹੁੰਦਾ ਉਹ ਸਾਧੂ ਹੀ ਹੁੰਦਾ ਸੀ। ਸੋ ਮਹਾਰਾਜ ਜੀ ਕੋਲ ਮੈਨੂੰ ਕੋਈ ਲੋੜ ਨਹੀਂ, ਕੋਈ ਪੁੱਛਣ ਵਾਲੀ ਗੱਲ ਮੇਰੇ ਕੋਲ ਨਹੀਂ ਸੀ।

ਜਦੋਂ ਮਹਾਰਾਜ ਜੀ ਦੇ ਕੋਲ ਗਿਆ ਉਨ੍ਹਾਂ ਨੇ ਇਕ ਸਕਿੰਟ ਵਿਚ ਦੇਖ ਲਈ ਗੱਲਬਾਤ ਸਾਰੀ। ਕਹਿਣ ਲੱਗੇ, "ਤੂੰ ਕੌਣ ਹੈਂ?" ਆਹ ਗੱਲ ਸੁਣ ਕੇ ਮੈਂ ਚੁੱਪ ਕਰ ਗਿਆ, ਇਕ ਮਿੰਟ ਖੜ੍ਹਾ ਰਿਹਾ, ਸੰਗਤ ਬੋਲੀ ਜਾਵੇ। ਕਹਿਣ ਕਿ ਕਾਕਾ ਤੈਨੂੰ ਪੁਛਿਐ ਕਿ ਤੂੰ ਕੌਣ ਹੈਂ? ਮਹਾਰਾਜ ਕਹਿੰਦੇ, "ਤੂੰ ਦੱਸਿਆ ਨਹੀਂ?" ਮੈਂ ਕਿਹਾ, "ਦੱਸਦਾਂ ਜੀ।" ਇਕ ਮਿੰਟ ਫੇਰ ਲੰਘ ਗਿਆ। ਕਾਫੀ ਸਮਾਂ ਹੁੰਦੈ ਜੇ ਇਕ ਮਿੰਟ ਕੋਈ ਖੜ੍ਹਾ ਰਹੇ। ਉਸ ਤੋਂ ਬਾਅਦ ਤੀਸਰਾ ਮਿੰਟ ਆ ਗਿਆ। ਜਦ ਮਹਾਰਾਜ ਜੀ ਕਿਹਾ ਕਿ ਦੱਸਿਆ ਨਹੀਂ, ਸੰਗਤ ਹੱਸ ਪਈ ਕਿ ਲੈ ਮੁੰਡੇ ਨੂੰ ਦੱਸਣਾ ਨਹੀਂ ਆਉਂਦਾ। ਮਹਾਰਾਜ ਜੀ ਕਹਿੰਦੇ, "ਖਾਮੋਸ਼।" ਤੁਹਾਨੂੰ ਨਹੀਂ ਪਤਾ ਕਿ ਕੀ ਗੱਲ ਹੋ ਰਹੀ ਹੈ। ਦੱਸਵੀਂ ਪਾਸ ਕਰਕੇ ਮੈਨੂੰ ਥੋੜ੍ਹੀ ਦੇਰ ਹੋਈ ਸੀ ਅਵਾਰਾ ਘੁੰਮਦੇ ਨੂੰ। ਅਵਾਰਾ ਇਸ ਤਰ੍ਹਾਂ ਸੀ ਮੈਂ ਚਲਿਆ ਜਾਂਦਾ ਸੀ ਜਿਥੇ ਜੀਅ ਕਰਦਾ ਸੀ, ਜਿਥੇ ਜੀਅ ਕਰਿਆ ਰਹਿ ਪੈਂਦਾ ਸੀ ਕੋਈ ਮੈਨੂੰ ਰੋਕਦਾ ਨਹੀਂ ਸੀ। ਰਹਿੰਦਾ ਮੈਂ ਗੁਰਦੁਆਰਿਆਂ 'ਚ ਹੀ ਹੁੰਦਾ ਜਾਂ ਕਿਸੇ ਸਾਧੂ ਕੋਲ ਰਹਿੰਦਾ ਹੁੰਦਾ, ਕੀਰਤਨ ਸੁਣਦਾ ਹੁੰਦਾ ਜਾਂ ਭਜਨ ਕਰੀ ਜਾਂਦਾ ਸੀ ਕਿਤੇ ਬੈਠਾ। ਮੈਨੂੰ ਕੋਈ ਐਸਾ ਸਾਧੂ ਨਹੀਂ ਸੀ ਮਿਲਿਆ ਜਿਸਨੂੰ ਮੈਂ ਪੂਰੇ ਦਿਲ ਨਾਲ ਆਪਣਾ ਆਪ ਸੌਂਪ ਦੇਵਾਂ। ਕਿਉਂਕਿ ਮੇਰੇ ਅੰਦਰ ਤਰਕ ਸੀ, ਪਰਖ ਸੀ, ਕਿ ਸਾਧੂ ਕਿਹੋ ਜਿਹਾ ਹੁੰਦਾ ਹੈ। ਮੇਰਾ ਨਾਮਧਾਰੀ ਸੰਤਾਂ ਦੇ ਨਾਲ ਬਹੁਤ ਵਾਹ ਰਿਹਾ, ਨਾਮਧਾਰੀਆਂ ਦੇ ਸੰਤ ਤਾਂ ਬਹੁਤ ਨਾਮ ਜਪਦੇ ਸੀ, ਸੱਚਮੁਚੀਂ ਜਪਦੇ ਸੀ। ਉਨ੍ਹਾਂ ਦਾ ਵੀ ਅਸਰ ਮੇਰੇ ਤੇ ਸੀਗਾ। ਮਹਾਰਾਜ ਕੋਲੋਂ ਪੁੱਛਣ ਵਾਲੀ ਗੱਲ ਨਹੀਂ ਸੀ ਮੇਰੇ ਕੋਲ ਕਿ ਕੀ ਪੁੱਛਿਆ ਜਾਵੇ। ਮਹਾਰਾਜ ਜੀ ਨੇ ਸਵਾਲ ਕਰ ਦਿਤਾ। ਤਿੰਨ ਮਿੰਟ ਲੰਘ ਗਏ ਮਹਾਰਾਜ ਜੀ ਕਹਿੰਦੇ ਦਸਦਾ ਨਹੀਂ। ਮੈਂ ਕਿਹਾ ਜੀ ਮੈਨੂੰ ਦੱਸਣਾ ਨਹੀਂ ਆਉਂਦਾ। ਉਨ੍ਹਾਂ ਨੂੰ ਪਤਾ ਲਗ ਗਿਆ, ਕਹਿੰਦੇ ਅੱਛਾ ਦੱਸ ਕਿਵੇਂ ਨਹੀਂ ਦੱਸਣਾ ਆਉਂਦਾ? ਤੁਸੀਂ ਹੈਰਾਨ ਹੋਓਂਗੇ ਇਹ ਕੋਈ ਸਿਆਣੇ ਬੰਦੇ ਦੀਆਂ ਗੱਲਾਂ ਨਹੀਂ ਹੈਂ? ਇਹ ਕਮਲੇ ਬੰਦਿਆਂ ਦੀ ਬਾਤਾਂ ਨੇ, ਮੈਂ ਤਾਂ ਹੀ ਕਹਿੰਦਾ ਕਿ ਮੈਨੂੰ ਅਕਲ ਨਹੀਂ ਹੈ, ਸੰਸਾਰ ਦੀ। ਪਤਾ ਹੀ ਨਹੀਂ ਹੈ ਕਿ ਇਥੇ ਮੇਰਾ ਨੁਕਸਾਨ ਹੋ ਜਾਊਗਾ, ਇਥੇ ਮੈਨੂੰ ਫੜ੍ਹਾ ਲਊਗਾ ਕੋਈ, ਇਥੇ ਮੈਨੂੰ ਕੋਈ ਧੋਖਾ ਦੇ ਦਊ। ਥਹੁ ਹੀ ਨਹੀਂ ਇਨ੍ਹਾਂ ਗੱਲਾਂ ਦਾ।



**ਚੰਡੀਗੜ੍ਹ ਵਿਖੇ ਸੰਨ 1960 ਦੌਰਾਨ ਲਗਦੇ ਦੀਵਾਨਾਂ ਵਿੱਚ ਸ੍ਰੀ 111 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ, ਸੰਤ ਮਹਾਰਾਜ (ਸੰਤ ਬਾਬਾ ਵਰਿਆਮ ਸਿੰਘ ਰਤਵਾੜਾ ਸਾਹਿਬ) ਦੇ ਪਰਿਵਾਰ ਨਾਲ ਸਸ਼ੋਭਤ ਹਨ।**

ਸੋ ਮਹਾਰਾਜ ਕਹਿਣ ਲੱਗੇ, "ਕਿਵੇਂ ਨਹੀਂ ਦੱਸਣਾ ਆਉਂਦਾ?" ਮੈਂ ਕਿਹਾ, "ਜੀ ਐਵੇਂ ਨਹੀਂ ਆਉਂਦਾ ਕਿ ਪਹਿਲਾਂ ਤਾਂ ਮੈਂ ਨਾਉਂ ਦੱਸਣ ਲੱਗਿਆ ਸੀ, ਐਨੇ 'ਚ ਮੇਰੇ ਅਨੁਭਵ ਵਿਚ ਦੋ ਤਿੰਨ ਗੱਲਾਂ ਤੁਰ ਪਈਆਂ, ਮੈਂ ਕਿਹਾ ਜੇ ਤਾਂ ਕੁੰਡਾ ਲੱਗਿਆ ਫੇਰ ਤਾਂ ਮੈਂ ਆਪਣਾ ਨਾਉਂ ਦੱਸਦਾ। ਹਨ੍ਹੇਰਾ ਹੁੰਦਾ ਮੈਂ ਦੱਸਦਾ ਕਿ ਜੀ ਮੈਂ ਮੁੰਡਾ ਹਾਂ ਜੀ। ਜੇ ਪੰਗਤ 'ਚ ਬੈਠਾ ਹੁੰਦਾ, ਫੇਰ ਮੈਂ ਆਪਣੀ ਜਾਤ ਦਸਦਾ, ਕਿਉਂਕਿ ਉਨ੍ਹਾਂ ਦਿਨਾਂ

ਵਿਚ ਜਾਤ-ਪਾਤ ਦਾ ਬਹੁਤ ਰੌਲਾ ਸੀ। ਮੈਂ ਕਿਹਾ ਤਿੰਨੋ ਗੱਲਾਂ ਤਾਂ ਹੈ ਨਹੀਂ। ਕਹਿੰਦੇ, "ਫੇਰ?" ਫੇਰ ਮੈਂ ਕਿਹਾ ਮਹਾਰਾਜ ਮੈਂ ਨਾਉਂ ਦੱਸਣ ਲੱਗਿਆ, ਮੇਰੇ ਮੂੰਹੋਂ ਨਿਕਲ ਗਿਆ ਕਿ ਮੇਰਾ ਪਿਛਲੇ ਜਨਮ ਵਿਚ ਹਰਨਾਮ ਸਿੰਘ ਸੀਗਾ ਨਾਉਂ। ਮਹਾਂਪੁਰਸ਼ਾਂ ਨੇ ਬਹੁਤ ਧਿਆਨ ਦਿਤਾ ਇਸ ਗੱਲ ਵੱਲ। ਅਜੇ ਮੈਨੂੰ ਉਹ ਨਹੀਂ ਦਿਸਿਆ ਬਰੋਟੀਵਾਲੇ ਜਨਮ ਦਾ। ਇਹ ਤਾਂ ਮੈਨੂੰ ਬੜਾ ਲੇਟ ਉਮਰ 'ਚ ਆ ਕੇ ਪਤਾ ਲੱਗਿਐ। ਮੈਂ ਕਿਹਾ ਮਹਾਰਾਜ ਉਸ ਤੋਂ ਅਗਾਹਾਂ ਫੇਰ ਚਲ ਪਓ, ਮੇਰਾ ਉਸ ਤੋਂ ਵੀ ਕੋਈ ਹੋਰ ਜਨਮ ਸੀ, ਫੇਰ ਉਸ ਤੋਂ ਪਹਿਲਾਂ ਸੀ, ਮੈਂ ਕਿਹਾ ਭੌਣੀ ਹੈ ਖੂਹ ਦੇ ਉਤੇ ਲੱਜ ਬੰਨ੍ਹੀ ਹੋਈ ਹੈ, ਡੋਲ ਛੱਡ ਦਿਓ, ਅਖੀਰ ਦੇ ਉਤੇ ਗੱਠ ਆ ਜਾਂਦੀ ਹੈ, ਮੈਂ ਕਿਹਾ ਜਿਥੇ ਗੱਠ ਆ ਜਾਂਦੀ ਹੈ ਨਾ ਉਥੇ ਮੈਨੂੰ ਐਉਂ ਪਤਾ ਲੱਗਿਆ ਕਿ ਕਿਸੇ ਦਿਨ ਮੇਰੀ ਹੋਂਦ ਕਾਇਮ ਹੋਈ ਹੈ। ਮੈਂ ਕੁਛ ਬਣਿਆਂ, ਮਹਾਰਾਜ ਕਹਿੰਦੇ ਬਹਿ ਜਾ। ਐਨੀਓਂ ਗੱਲ ਸੁਣੀ ਸੀ ਉਨ੍ਹਾਂ ਨੇ, 45 ਮਿੰਟ ਨਾ ਉਨ੍ਹਾਂ ਨੇ ਨੇਤਰ ਖੋਲ੍ਹੇ, ਨਾ ਮੈਂ ਖੋਲ੍ਹੇ। 45 ਮਿੰਟਾਂ ਬਾਅਦ ਕਹਿਣ ਲੱਗੇ ਨੇਤਰ ਖੋਲ੍ਹ। ਕਹਿੰਦੇ ਇਹਨੂੰ ਕੋਈ ਵੀ ਨਹੀਂ ਦੱਸ ਸਕਦਾ। ਪਰ ਸਿਆਣੇ ਬੰਦਿਆਂ ਨੇ ਇਹਨੂੰ ਜੀਵ ਆਤਮਾ ਕਹਿ ਦਿਤਾ, ਜਿਥੇ ਤੂੰ ਗੱਲ ਕਰੀ ਹੈ ਨਾ, ਜਿਥੇ ਤੂੰ ਬਣਿਐਂ ਇਹ ਬਹੁਤ ਵੱਡੀ ਗਿਆਨ ਦੀ ਗੱਲ ਹੈ, ਸਾਧੂ ਦਸਦੇ ਨਹੀਂ ਹੁੰਦੇ, ਕਿਉਂਕਿ ਅਧਿਕਾਰੀ ਕੋਈ ਨਹੀਂ ਹੁੰਦਾ। ਕਹਿੰਦੇ, "ਜਿਥੇ ਤੂੰ ਕਹਿੰਦਾ ਹੈਂ ਨਾ ਕਿ ਮੈਂ ਪਹਿਲੇ ਦਿਨ ਬਣਿਆਂ ਉਸ ਤੋਂ ਪਹਿਲਾਂ ਵੀ ਤੈਨੂੰ ਪਤੈ ਕਿ ਤੂੰ ਹੈਗਾ ਸੀ। ਮੈਂ ਕਿਹਾ ਹੈਗਾ ਸੀ ਮਹਾਰਾਜ, ਉਹਦਾ ਤਾਂ ਨਹੀਂ ਮੈਨੂੰ ਪਤਾ। ਪਰ ਜਿਹੜਾ ਮੈਂ ਬਣਿਆਂ, ਉਹ ਕੁਝ ਜ਼ਰੂਰ ਬਣਿਆਂ। ਉਹ ਘੁੰਮਦਾ-ਘੁੰਮਦਾ-ਘੁੰਮਦਾ-ਘੁੰਮਦਾ ਮੈਂ ਜੋ ਬਣਿਆਂ ਇਹਨੂੰ ਵਰਿਆਮ ਸਿੰਘ ਕਹਿੰਦੇ ਨੇ। ਸੋ ਮਹਾਰਾਜ ਕਹਿੰਦੇ ਜਿਥੇ ਤੂੰ ਗੱਲ ਕੀਤੀ ਹੈ ਉਹਨੂੰ ਜੀਵ ਆਤਮਾ ਕਹਿੰਦੇ ਨੇ। ਨਾਲ ਦੀ ਨਾਲ ਮਹਾਰਾਜ ਨੇ ਉਨ੍ਹਾਂ ਨੂੰ ਕਿਹਾ ਜਿਹੜੇ ਬੈਠੇ ਸੀ, ਕਹਿੰਦੇ ਅੱਗੇ ਰੰਡੀਆਂ ਨਾਲ ਹੀ ਵਾਹ ਪਿਆ ਸਾਡਾ, ਅੱਜ ਇਕ ਸੁਹਾਗਣ ਨਾਲ ਵਾਹ ਪਿਆ ਹੈ। ਛੋਟਾ ਹੀ ਸੀ ਮੈਂ ਅਜੇ ਮੇਰੇ ਦਾੜ੍ਹੀ ਵੀ ਨਹੀਂ ਸੀ ਆਈ। ਉਹ ਕੁਝ ਸ਼ਬਦ ਸੀ ਮਹਾਰਾਜ ਦੇ ਜਿਹੜੇ ਮੈਨੂੰ ਕਾਟ ਕਰ ਗਏ। ਕਾਟ ਇਸ ਤਰ੍ਹਾਂ ਕਰ ਗਏ ਕਿ ਇਸ ਅੱਗੇ ਉਨ੍ਹਾਂ ਨੇ ਮੈਨੂੰ ਕੋਈ ਹੋਰ ਬਚਨ ਕਹਿ ਦਿਤਾ। ਉਹ ਕਹਿੰਦੇ ਕਿ ਤੂੰ ਇਸ ਤੋਂ ਅੱਗੇ ਇਕ ਕਦਮ ਹੋਰ ਪੁੱਟ ਲੈ। ਸਿਰਫ ਤੇਰਾ ਇਕ ਕਦਮ ਰਹਿੰਦੈ, ਉਹ ਪੁੱਟ ਲੈ। ਉਹ 'ਜੀਵ' ਲਾਹ ਦੇ, ਜੀਵ ਨਹੀਂ ਤੂੰ ਹੈਗਾ। ਜੀਵ ਤਾਂ ਬਣਿਐਂ, ਤੂੰ ਆਤਮਾ ਹੈਂ। ਕਦੇ ਤੇਰੀ ਮੌਤ ਨਹੀਂ ਹੋਣੀ, ਕਦੇ ਤੂੰ ਜੰਮਿਆ ਨਹੀਂ, ਕਦੇ ਤੂੰ ਕੁਛ ਕਰਿਆ ਨਹੀਂ ਇਹ ਤਾਂ ਖੇਲ੍ਹ ਹੈ, ਹੁਕਮ ਦੇ ਅੰਦਰ ਜੀਵ ਆਤਮਾਵਾਂ ਖੇਲ੍ਹ ਕਰ ਰਹੀਆਂ ਨੇ।



**ਪਰਮ ਸਤਿਕਾਰਯੋਗ ਬੀਜੀ ਅਤੇ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਮੋਹਾਲੀ ਨਿਵਾਸ ਅਸਥਾਨ ਵਿਖੇ।**

ਉਸ ਤੋਂ ਬਾਅਦ ਮੈਂ ਘਰੋਂ ਚਲਿਆ ਗਿਆ, ਛੇ ਮਹੀਨੇ ਨਾ ਲੱਭਿਆ ਕਿਸੇ ਨੂੰ। ਉਹ ਮੈਨੂੰ ਜਿਹੜਾ ਸੱਜਣ ਮਿਲਿਆ। ਮੈਂ ਐਸ ਤਰ੍ਹਾਂ ਨਹੀਂ ਕਿ ਕੋਈ ਦਿਖਾਵਾ ਕਰਦਾਂ। ਪਰ ਮੈਂ ਰੋਂਦਾ ਬਹੁਤ ਸੀ ਇਕੱਲਾ। ਮਹਾਰਾਜ ਜੀ ਨੇ ਰਾੜੇ ਸਾਹਿਬ ਬੁਲਾ ਲਿਆ। ਸਿੰਘ ਜਿਹੜੇ ਗੋਛੇ ਵਾਲੇ ਸੀ ਉਹ ਜਾ ਕੇ ਕਹਿਣ ਲੱਗੇ, ਮਹਾਰਾਜ! ਇਹ ਕੀਰਤਨ ਵੀ ਸੋਹਣਾ ਕਰਦੈ, ਪਾਠ ਵੀ ਬਹੁਤ ਵਧੀਆ ਕਰਦੈ, ਪਰ ਇਕ ਗੱਲ ਨਹੀਂ ਸਾਨੂੰ ਪਤਾ ਲਗਦੀ। ਮਹਾਰਾਜ ਕਹਿੰਦੇ, "ਕੀ?" ਓਦੋਂ ਰਾੜੇ ਸਾਹਿਬ ਸਰਕੜੇ ਹੁੰਦੇ। ਕਹਿੰਦੇ ਜਦ ਸਰਕੜਿਆਂ 'ਚ ਜਾਂਦੈ ਉਥੇ ਬੈਠ ਕੇ ਉਚੀ-ਉਚੀ ਰੋਂਦਾ ਹੁੰਦੈ ਇਹ। ਰੱਬ ਨੂੰ ਮਿਲਣ ਨੂੰ ਨਹੀਂ ਸੀ ਮੈਂ ਰੋਂਦਾ। ਮੈਨੂੰ ਰੋਣਾ ਆਉਂਦਾ ਸੀ ਮਹਾਂਪੁਰਸ਼ਾਂ ਦੇ ਪਿਆਰ ਦਾ। ਕਿਉਂਕਿ ਮੈਂ ਇਕ ਮਿੰਟ ਵੀ ਵੱਖਰਾ ਨਹੀਂ ਸੀ ਹੋਣਾ ਚਾਹੁੰਦਾ। ਉਨ੍ਹਾਂ ਨੇ

ਮੈਨੂੰ ਪਿਆਰ ਦਿਤਾ, ਜੀਅ ਭਰ ਕੇ ਦਿਤਾ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਇਹ ਸਿਆਣਾ ਗ੍ਰਹਿਸਤੀ ਨਹੀਂ ਹੈ। ਨਾ ਇਹਨੇ ਬਾਲ ਬੱਚਿਆਂ ਦੀ ਪਰਵਾਹ ਕਰਨੀ ਹੈ, ਨਾ ਮਾਂ ਬਾਪ ਦੀ ਕਰਨੀ ਹੈ, ਕਿਸੇ ਦੀ ਨਹੀਂ ਕਰਨੀ, ਨਾ ਆਪਣੇ ਜੀਵਨ ਦੀ ਕਰਨੀ ਹੈ। ਇਹ ਏਸੇ ਧੁਨ ਵਿਚ ਹੈ। ਮਹਾਰਾਜ ਜੀ ਦਾ ਜਿੰਨੀ ਦੇਰ ਸਰੀਰ ਰਿਹਾ ਕਿ ਇਹ ਜ਼ਿੰਮੇਵਾਰੀ ਆਪਣੇ ਤੇ ਹੀ ਰੱਖੀ, ਮੈਨੂੰ ਬਹੁਤ ਘੂਰਦੇ ਹੁੰਦੇ ਜੇ ਕੋਈ ਗੱਲ ਹੋ ਜਾਣੀ। ਬੱਚਿਆਂ ਦਾ ਉਨ੍ਹਾਂ ਨੇ ਆਪ ਹੀ ਸਾਰਾ ਕੁਛ ਕਰਿਆ। ਬੀਜੀ ਦਾ ਲੋਕ ਅੰਦਰੋਂ ਹੀ ਸਤਿਕਾਰ ਕਰਦੇ ਸੀ।

ਮੈਂ ਤੇ ਮਹਾਰਾਜ ਜੀ ਇਕ ਥਾਂ ਜਾ ਰਹੇ ਸੀ ਦੋਵੇਂ ਜਣੇ, ਕਿਉਂਕਿ ਮੈਨੂੰ ਨਾਲ ਹੀ ਰੱਖਦੇ ਸੀ, ਮੈਂ ਅੱਡ ਰਹਿੰਦਾ ਨਹੀਂ ਸੀ ਰੋਣ ਲਗ ਜਾਂਦਾ ਸੀ, ਬੱਚਿਆਂ ਵਾਂਗਣ। ਸਿੰਘਾਂ ਨੂੰ ਵੀ ਕਿਹਾ ਹੋਇਆ ਸੀ ਕਿ ਇਹਨੂੰ ਆਉਂਦੇ ਨੂੰ ਰੋਕਣਾ ਨਹੀਂ ਕਿਸੇ ਨੇ। ਨਹੀਂ ਇਹਨੇ ਇਥੇ ਹੀ ਬੈਠੇ ਰੋਈ ਜਾਣੈ ਘੰਟਿਆਂ ਬੱਧੀ। ਜਦ ਆਵੇ ਓਦੋਂ ਹੀ ਦਰਵਾਜ਼ਾ ਖੋਲ੍ਹ ਦਿਆ ਕਰੋ। ਫੇਰ ਮੈਨੂੰ ਆਪ ਆ ਕੇ ਦੱਸ ਕੇ ਗਏ ਕਿ ਇਥੇ ਚਾਬੀ ਹੁੰਦੀ ਹੈ, ਐਂ ਹੱਥ ਪਾ ਲਈਦੈ, ਤੂੰ ਸਿੱਧਾ ਸਾਡੇ ਕੋਲ ਆ ਜਾਇਆ ਕਰ, ਚਾਹੇ ਅਸੀਂ ਇਸ਼ਨਾਨ ਕਰਦੇ ਹੋਈਏ, ਚਾਹੇ ਪ੍ਰਸ਼ਾਦਾ ਛਕਦੇ ਹੋਈਏ, ਤੈਨੂੰ ਕੋਈ ਬੰਧਸ਼ ਨਹੀਂ। ਇਸ ਤਰ੍ਹਾਂ ਉਨ੍ਹਾਂ ਨੇ ਮੈਨੂੰ ਬਹੁਤ ਪਿਆਰ ਦਿਤਾ। ਪਿਆਰ ਦੀ ਜ਼ਿੰਦਗੀ ਸ਼ੁਰੂ ਹੋਈ, ਪਿਆਰ ਦੇ ਨਾਲ ਵੈਰਾਗ ਆਇਆ, ਪਿਆਰ ਦੇ ਨਾਲ ਸੰਸਾਰ ਦੇ ਫੁਰਨੇ ਖਤਮ ਹੋਏ, ਸਾਧਨਾ ਸ਼ੁਰੂ ਹੋ ਗਈ। ਸਾਲਾਂਬੱਧੀ ਮੈਂ ਇਕ ਰੋਟੀ ਖਾ ਕੇ ਸਮਾਧੀ ਜਿਹੜੀ ਫੁਰਨਿਆਂ ਰਹਿਤ ਹੁੰਦੀ ਹੈ – ਅਫੁਰ ਸਮਾਧੀ, ਉਨ੍ਹਾਂ 'ਚ ਰਿਹਾ। ਸਿੰਧ ਵਿਚ ਵੀ। ਲੇਕਿਨ ਇਕ ਗੱਲ ਦਾ ਮੈਨੂੰ ਅੰਦਰੋਂ ਅਨੁਭਵ ਹੋਇਆ ਕਿ ਸਿੰਧ ਵਿਚ ਵੀ ਲੋਕਾਂ ਨੂੰ ਸਿੱਖੀ ਦਾ ਪਤਾ ਨਹੀਂ, ਉਥੇ ਵੀ ਮੈਂ ਸਿੱਖੀ ਦਾ ਬੂਟਾ ਲਾਇਆ। ਇਨ੍ਹਾਂ ਨੇ ਤੁਹਾਡੇ ਬੀਜੀ ਨੂੰ ਬੁਲਾ ਲਿਆ। ਇਥੇ ਇਨ੍ਹਾਂ ਨੇ ਬੀਬੀਆਂ ਨੂੰ ਬਾਣੀ ਪੜ੍ਹਾਉਣੀ ਸ਼ੁਰੂ ਕਰ ਦਿਤੀ। ਹੋਰ ਹੀ ਤਰ੍ਹਾਂ ਦਾ ਜੀਵਨ ਸੀ। ਸੰਤਾਂ ਵਰਗਾ ਜੀਵਨ ਨਹੀਂ ਸੀ, ਜਿਵੇਂ ਸੰਤ ਹੁੰਦੇ ਨੇ।



**ਸੰਤ ਮਹਾਰਾਜ ਰਤਵਾੜਾ ਸਾਹਿਬ ਵਿਖੇ ਲੰਗਰਾਂ ਵਿੱਚ ਲੰਗਰ ਵਰਤਾਉਣ ਦੀ ਸੇਵਾ ਕਰਦੇ ਹੋਏ।**

ਮੈਂ ਤੁਹਾਨੂੰ ਇਕ ਗੱਲ ਦੱਸਦਾਂ। ਉਥੋਂ ਹੀ ਅੰਦਾਜ਼ਾ ਲਾ ਲਓਂਗੇ ਤੁਸੀਂ। ਗੰਨਾ ਗੁੱਡਦੇ ਸੀ ਉਹ। ਮੈਂ ਕਿਹਾ ਮੈਂ ਵੀ ਤਾਂ ਵਿਹਲਾ ਹੀ ਹਾਂ, ਮੈਂ ਵੀ ਗੰਨਾ ਗੁੱਡਣ ਲੱਗ ਗਿਆ ਨਾਲ ਉਨ੍ਹਾਂ ਦੇ ਜਾ ਕੇ। ਉਹ ਕਹਿੰਦੇ ਨਾ ਜੀ, ਨਾ ਜੀ ਤੁਸੀਂ ਨਾ ਲਾਓ। ਇਹ ਜਿਹੜੇ ਮਜ਼ਦੂਰ ਨੇ ਮਜ਼ਦੂਰੀ ਲੈਂਦੇ ਨੇ ਉਨ੍ਹਾਂ ਨੇ ਲਾਉਣੇ ਨੇ। ਮੈਂ ਕਿਹਾ, ਮੈਨੂੰ ਵੀ ਦੇ ਦਿਓ ਮਜ਼ਦੂਰੀ। ਮੈਂ ਵੀ ਲੈ ਲਊਂਗਾ, ਮੇਰੇ ਕੋਲ ਕਿਹੜਾ ਪੈਸਾ ਹੈਗਾ। ਪਰ ਉਹ ਮਜੂਰੀ ਪੈਸੇ ਦੀ ਨਹੀਂ ਹੈ। ਕਹਿਣ ਲੱਗੇ, "ਉਹ ਕੀ ਹੈ?" ਮੈਂ ਕਿਹਾ ਤੁਹਾਡੇ ਨਾਲ ਮੈਂ ਅੱਜ ਗੁਡਾਈ ਕਰਕੇ ਜਪੁਜੀ ਸਾਹਿਬ ਯਾਦ ਕਰਾਉਣੈ ਪੰਜ ਪਉੜੀਆਂ ਤੇ ਨਾਲੇ ਮੈਂ ਕਿਆਰਾ ਵਿਚਾਲੇ ਰੱਖ

ਲਿਆ। ਉਥੇ ਹੀ ਮੈਂ ਕਹਿਣਾ ਸ਼ੁਰੂ ਕਰ ਦਿਤਾ ਕਿ ੴ ਸਤਿਨਾਮ ਯਾਦ ਕਰੋ ਮੈਂ ਉਥੇ ਜਾ ਕੇ ਸੁਣ ਲੈਣੈ। ਕਿਆਰੇ ਲੰਬੇ ਸੀ ਉਹ ਜਾਂਦੇ ਜਾਂਦੇ ਪਹਿਲੀ ਪਉੜੀ ਤੱਕ ਪਹੁੰਚ ਗਏ। ਕਿਸੇ ਦੇ ਪੂਰੀ ਯਾਦ ਹੋ ਗਈ, ਕਿਸੇ ਦੇ ਅੱਧ-ਵਿਚਾਲੇ ਹੋ ਗਈ। ਐਸ ਤਰ੍ਹਾਂ ਮੈਂ ਦੋ ਕੁ ਦਿਨਾਂ ਵਿਚ ਉਨ੍ਹਾਂ ਨੂੰ ਪੰਜ-ਪੰਜ ਪਉੜੀਆਂ ਯਾਦ ਕਰਵਾ ਦਿਤੀਆਂ। ਇਹ ਮੇਰੀ ਮਜ਼ਦੂਰੀ ਸੀ ਕਿ ਬਾਣੀ ਯਾਦ ਕਰਾਉਣੀ ਹੈ। ਫੇਰ ਇਹ ਸੀ ਕਿ ਉਨ੍ਹਾਂ ਨੂੰ ਅੰਮ੍ਰਿਤ ਛਕਾਉਣੈ। ਸ਼ਰਾਬਾਂ ਪੀਂਦੇ ਸੀ, ਸ਼ਰਾਬਾਂ ਦਾ ਮੈਨੂੰ ਪਤਾ ਸੀ ਕਿ ਨੁਕਸਾਨ ਬਹੁਤ ਹੋਣੈ ਉਨ੍ਹਾਂ ਨੂੰ, ਨਵੇਂ ਫਾਰਮਰ ਆਏ ਨੇ, ਪੁਲਿਸ ਇਨ੍ਹਾਂ ਨੂੰ ਖਿੱਚੀਂ ਫਿਰੇਗੀ, ਉਥੇ ਕੇਸ ਹੋ ਗਿਆ, ਪੁਲਿਸ ਲੈ ਗਈ ਫੜ ਕੇ, ਮੈਂ ਫੇਰ ਲੱਕ ਬੰਨ੍ਹ ਲਿਆ। 60 ਮੀਲ ਦੇ ਅੰਦਰ ਸ਼ਰਾਬ ਛੁਡਾਈ। ਉਹ ਐਨੇ ਪ੍ਰੇਮੀ ਹੋ ਗਏ ਕਿ ਜਿਸ ਵਕਤ ਮੈਂ ਉਥੋਂ ਤੁਰਿਆ ਕਿਉਂਕਿ ਮੈਂ ਕਾਫੀ ਸਮਾਂ ਉਥੇ ਰਿਹਾ, ਮਹਾਰਾਜ ਜੀ ਦੀ ਚਿੱਠੀ ਆ ਗਈ, ਤੂੰ ਚਿੱਠੀ ਦੇਖ ਕੇ ਚਾਹੇ ਦਿਨ ਵਿਚ ਮਿਲੀ ਹੈ, ਰਾਤ ਨੂੰ ਮਿਲੀ ਹੈ, ਜੇ ਸ਼ਾਮ ਨੂੰ ਮਿਲੀ ਹੈ ਤਾਂ ਸੂਰਜ ਨਹੀਂ ਛੁਪਾਉਣਾ ਇਥੇ। 4 ਕੁ ਵਜੇ ਸ਼ਾਮ ਨੂੰ ਚਿੱਠੀ ਮੈਨੂੰ ਮਿਲ ਗਈ, ਉਨ੍ਹਾਂ ਸਾਰਿਆਂ ਨੂੰ ਬੁਲਾਇਆ ਕਿ ਮੈਂ ਕਿਹਾ ਕਿ ਮੈਨੂੰ ਹੁਕਮ ਆ ਗਿਆ, ਮੈਂ ਹੁਣ ਸੂਰਜ ਨਹੀਂ ਛੁਪਾਉਣਾ, ਮੈਂ ਚਲੇ ਜਾਣੈ। ਉਹ ਕਹਿੰਦੇ ਹੁਣ ਕਿਵੇਂ ਜਾਏਗਾ। ਹੁਣ ਕੋਈ ਗੱਡੀ ਨਹੀਂ ਮਿਲਣੀ ਹੈ। ਮੈਂ ਕਿਹਾ ਮੈਂ ਨਹੀਂ, ਮੈਂ ਤੁਹਾਡੀ ਜੂਹ ਤੋਂ ਬਾਹਰ ਰਾਤ ਕੱਟ ਲਊਂਗਾ। ਹੁਕਮ ਬਹੁਤ ਸਖਤ ਹੈ ਮਹਾਂਪੁਰਸ਼ਾਂ ਦਾ। ਜਦੋਂ ਮੈਂ ਤੁਰਨ ਲੱਗਿਆ, ਇਲਾਕਾ ਇਕੱਠਾ ਹੋ ਗਿਆ, ਬਜ਼ੁਰਗ ਜਿਹੜੇ ਸੀ ਲੰਮੇ ਪੈ ਗਏ ਮੂਹਰੇ, ਉਚੀ-ਉਚੀ ਰੋਂਦੇ ਸੀ, ਕਹਿੰਦੇ ਸਾਡੇ ਉਤੇ ਦੀ ਲੰਘ ਜਾਓ। ਮੈਨੂੰ ਮਜ਼ਬੂਰੀ ਸੀ ਕਿ ਮੈਂ ਜਾਣੈ, ਮਹਾਂਪੁਰਸ਼ਾਂ ਦਾ ਹੁਕਮ ਮੰਨ। ਉਥੋਂ ਮੈਂ ਬਹੁਤ ਮੁਸ਼ਕਲ ਦੇ ਨਾਲ ਲੰਘਿਆ, ਜਿੰਨਾਂ ਉਹ ਰੋਂਦੇ ਸੀ ਉਸ ਤੋਂ ਵੱਧ ਮੈਂ ਰੋਂਦਾ ਸੀ। ਯਾਨਿ ਵਿਛੜਨ ਵਾਲਾ ਕੰਮ ਨਹੀਂ ਸੀ ਸਾਡਾ ਪਿਆਰ ਦੀ ਜ਼ਿੰਦਗੀ ਸੀ, ਪਿਆਰ 'ਚ ਰਹਿੰਦੇ ਸੀ। ਪਿਆਰ ਦੇ ਵਿਚ ਉਹ ਵੀ ਮਸਤਾਨੇ ਹੋਏ ਹੋਏ ਸੀ ਸਾਰੇ। ਨੇੜੇ ਚਾਰ ਕੁ ਮੀਲ ਤੇ ਇਕ ਝੌਂਪੜੀ ਸੀ, ਮੈਂ ਉਥੇ ਰਾਤ ਕੱਟ ਕੇ ਮੈਂ ਇਥੇ ਆ ਗਿਆ ਮਹਾਰਾਜ ਜੀ ਕੋਲ।




ਸੰਤ ਮਹਾਰਾਜ ਜੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਅਤੇ ਡਾ. ਕਲੇਰ ਨੂੰ ਸਕਾਟ ਹਾਸਪਿਟਲ ਦਿੱਲੀ ਵਿਖੇ ਰਤਵਾੜਾ ਸਾਹਿਬ ਵੱਲੋਂ ਪ੍ਰਕਾਸ਼ਿਤ ਲਿਟਰੇਚਰ ਦੇ ਕੇ ਨਿਵਾਜਦੇ ਹੋਏ। ਪਿਛੇ ਖੜੇ ਹਨ ਸੰਤ ਬਾਬਾ ਹਰਪਾਲ ਸਿੰਘ ਜੀ।

ਮੈਂ ਤੁਹਾਨੂੰ ਇਕ ਗੱਲ ਵਿਚੀਂ ਦਸਦਾ ਹਾਂ ਤੁਹਾਡੇ ਬੀਜੀ ਦੀ। ਕਰਾਚੀ ਮੈਂ ਗਿਆ। ਉਥੇ ਮੈਨੂੰ ਦੋ ਚੀਜ਼ਾਂ ਬਹੁਤ ਵਧੀਆ ਲੱਗੀਆਂ ਇਕ ਬੈਡ ਕਵਰ ਸੀ, ਇਕ ਕਸ਼ਮੀਰੀ ਸ਼ਾਲ ਸੀ। ਉਹ ਦੋਵੇਂ ਚੀਜ਼ਾਂ ਖਰੀਦ ਕੇ ਮੈਂ ਲੈ ਆਇਆ। ਕਿਉਂਕਿ ਮੈਂ ਕਪਾਹ ਬੀਜੀ ਹੋਈ ਸੀ, ਥੋੜ੍ਹਾ ਬਹੁਤਾ ਕੰਮ ਵੀ ਕਰਦਾ ਸੀ ਆਪ ਦਾ। ਉਹ ਜਦੋਂ ਮੈਂ ਤੁਹਾਡੇ ਬੀਜੀ ਨੂੰ ਦਿਤੀ, ਇਹਨੇ ਖੋਲ੍ਹੀ। ਇਹਦੇ ਮਨ ਵਿਚ ਪਤਾ ਕੀ ਖਿਆਲ ਆਇਆ। ਕਹਿੰਦੇ ਇਹ ਆਪਣੇ ਵਰਤਣ ਵਾਲੀਆਂ ਚੀਜ਼ਾਂ ਨਹੀਂ। ਇਹ ਆਪਾਂ ਮਹਾਰਾਜ ਜੀ ਵਾਸਤੇ ਲੈ ਕੇ ਚੱਲੀਏ। ਉਸੇ ਵੇਲੇ ਇਨ੍ਹਾਂ ਨੇ ਤਹਿ ਲਾ ਕੇ ਉਵੇਂ ਜਿਵੇਂ ਬੰਨ੍ਹ ਦਿਤੀ। ਨਹੀਂ ਵਰਤੀ ਉਹ ਚੀਜ਼ ਕਿਉਂਕਿ ਪਿਆਰ ਤਾਂ ਇਕੋ ਜਿਹਾ ਹੀ ਹੁੰਦੈ। ਇਹ ਵੀ ਬਹੁਤ ਪਿਆਰ ਕਰਦੇ ਸੀ ਮਹਾਰਾਜ ਜੀ ਨੂੰ। ਪਿਛੋਂ ਬਹੁਤ ਵੱਡੇ ਮਹਾਂਪੁਰਸ਼ਾਂ ਦੀ ਲੜਕੀ ਹੋਣ ਕਰਕੇ ਇਹਦੇ ਸੰਸਕਾਰ ਇਹੋ ਜਿਹੇ ਸੀ। ਜਦੋਂ ਮਹਾਰਾਜ ਜੀ ਕੋਲ ਗਏ ਤਾਂ ਮਹਾਰਾਜ ਉਠ ਕੇ ਖੜ੍ਹੇ ਹੋ ਗਏ ਕਹਿੰਦੇ ਆਹ ਤਾਂ

ਸਾਡੇ ਪਲੰਘ ਤੇ ਵਿਛਾ ਦਿਓ, ਸਰਦੀਆਂ ਸ਼ੁਰੂ ਹੋਈਆਂ ਸੀ ਉਹ ਉਪਰ ਲੈ ਲਈ। ਉਹਨੂੰ ਦੇਖ ਕੇ ਅਮੀਰ ਆਦਮੀਆਂ ਨੇ ਬਹੁਤ ਚਾਦਰਾਂ, ਕਸ਼ਮੀਰੀ ਸ਼ਾਲਾਂ ਲਿਆਂਦੀਆਂ। ਸਭ ਪਏ ਰਹੇ, ਮਹਾਰਾਜ ਜੀ ਨੇ ਕਿਸੇ ਦਾ ਵਿਛਾਇਆ ਨਹੀਂ। ਸੋ ਇਹ ਇਸ ਤਰ੍ਹਾਂ ਬੀਜੀ ਮਹਾਰਾਜ ਜੀ ਨੂੰ ਪਿਆਰ ਕਰਦੀ।

ਉਹ ਪਿਆਰ ਮੈਂ ਜ਼ਿੰਦਗੀ ਭਰ ਮਾਣਿਆਂ। ਗਲਤੀਆਂ ਵੀ ਕੀਤੀਆਂ, ਗੁੱਸੇ ਵੀ ਹੋਇਆ ਮਹਾਰਾਜ ਜੀ ਨਾਲ, ਪਰ ਉਨ੍ਹਾਂ ਨੇ ਨਹੀਂ ਮੈਨੂੰ ਛੱਡਿਆ, ਫੇਰ ਸੰਭਾਲ ਲੈਂਦੇ ਸੀ।

ਉਹ ਦਿਨ ਅਖੀਰ ਦੇ ਉਤੇ ਆ ਗਿਆ, ਬਜ਼ਾਰ 'ਚ ਮੈਂ ਤੁਰਿਆ ਜਾਨਾਂ, ਖੁਸ਼ੀ-ਖੁਸ਼ੀ ਗੱਲਾਂ ਕਰਦੇ ਆਉਂਦੇ ਆਂ, ਐਨੇ ਨੂੰ ਅਖਬਾਰ ਲਿਆ ਕੇ ਦੇ ਦਿਤਾ ਉਹਦੇ ਤੇ ਲਿਖਿਆ ਹੋਇਆ ਸੀ ਕਿ ਮਹਾਰਾਜ ਜੀ ਇੰਗਲੈਂਡ ਚੜ੍ਹਾਈ ਕਰ ਗਏ। ਮੈਂ ਕਿਹਾ ਬਿਲਕੁਲ ਗਲਤ ਲਿਖਿਆ ਹੋਇਆ ਹੈ, ਮੈਂ ਨਹੀਂ ਮੰਨਦਾ। ਮੈਂ ਕਿਹਾ ਕੋਈ ਹੋਰ ਅਖਬਾਰ ਨਹੀਂ ਹੈ। ਮੈਨੂੰ ਕਹਿੰਦੇ ਬਾਈ ਜੀ, ਮਹਾਰਾਜ ਜੀ ਚੜ੍ਹਾਈ ਕਰ ਗਏ। ਉਹ ਜਿਹੜਾ ਦਿਨ ਸੀ ਮੈਂ ਭੁੱਲ ਨਹੀਂ ਸਕਦਾ। ਪੂਰਾ ਇਕ ਸਾਲ ਰੋਂਦਾ ਰਿਹਾ। ਇਕੱਲਾ ਰੋਇਆ ਕਰਾਂ, ਕੀਰਤਨ ਕਰਾਂ ਤਾਂ ਵੀ, ਇਕ ਸਾਲ ਲੰਘ ਗਿਆ ਮੈਨੂੰ ਰੋਂਦੇ ਨੂੰ। ਉਸ ਤੋਂ ਬਾਅਦ ਮਹਾਂਪੁਰਸ਼ਾਂ ਨੇ ਕਿਹਾ ਕਿ ਤੂੰ ਰੋ ਨਾ, ਅਸੀਂ ਕਿਤੇ ਨਹੀਂ ਗਏ ਹੈਗੇ। ਸਾਡੀ ਸੰਗਤ ਵਿਚੋਂ ਦੇਖੀ। ਜਦੋਂ ਮੈਨੂੰ ਇਹ ਗੱਲ ਕਹਿ ਦਿਤੀ ਫੇਰ ਮੈਨੂੰ ਹੋ ਗਿਆ ਕਿ ਉਹ ਤਾਂ ਗਏ ਹੀ ਨਹੀਂ ਕਿਤੇ। ਹੁਣ ਮੈਂ ਜਿਹੜੀ ਗੱਲ ਦੇ ਉਤੇ ਆਇਆ ਹਾਂ ਉਹ ਇਹ ਹੈ ਕਿ ਇਕ ਪਾਸੇ ਤਾਂ ਤੁਹਾਡਾ ਸੰਗਤ ਦਾ ਪਿਆਰ, ਇਹ ਮੈਂ ਤੋਲਦਾਂ ਕਿ ਇਹਨੂੰ ਛੱਡਣਾ ਬਹੁਤ ਮੁਸ਼ਕਲ ਹੈ ਕਿਉਂਕਿ ਅੱਗੇ ਮੇਰਾ ਵਾਕਫ ਕੋਈ ਨਹੀਂ ਹੈ, ਜਿਥੇ ਜਾਣੈ। ਉਥੇ ਕੋਈ ਥਾਂ ਵੀ ਨਹੀਂ ਬਣਾਇਆ, ਕੋਈ ਐਸੇ ਕੰਮ ਵੀ ਨਹੀਂ ਕਰੇ ਜਿਹਦਾ ਮੈਂ ਬਦਲਾ ਲੈ ਜਾਵਾਂ। ਜਿੰਨੇ ਕਰੇ ਨੇ ਉਹ ਸਾਰੇ ਦੇ ਸਾਰੇ ਮੈਂ ਰੋਜ਼ ਗੁਰੂ ਨੂੰ ਸੌਂਪ ਦੇਨਾਂ। ਜੇ ਇਥੇ ਪ੍ਰਚਾਰ ਹੋਇਐ, ਸਿੰਧ 'ਚ ਹੋਇਐ, ਯੂ.ਪੀ. ਵਿਚ ਹੋਇਐ, ਹੋਰ ਅਸਥਾਨਾਂ ਤੇ ਹੋਇਐ, ਉਹ ਮੈਂ ਰੱਖਿਆ ਨਹੀਂ ਆਪਣੇ ਕੋਲ ਕੁਛ ਵੀ। ਜਿਵੇਂ ਈਮਾਨਦਾਰ ਬੱਚਾ ਆਪਣੀ ਕਮਾਈ ਨੂੰ ਆਪਣੇ ਮਾਂ-ਬਾਪ ਨੂੰ ਸੌਂਪ ਦਿੰਦੈ, ਏਸੇ ਤਰ੍ਹਾਂ ਮੈਂ ਸਾਰੀ ਜ਼ਿੰਦਗੀ ਦੇ ਤੁਹਾਡੀ ਨਿਗ੍ਹਾ 'ਚ ਨੇ ਕਿ ਮੈਂ ਨੇਕ ਕੰਮ ਕਰੇ ਨੇ, ਬਾਣੀ ਪੜ੍ਹੀ ਹੈ ਪਾਠ ਕਰੇ ਨੇ, ਉਹ ਮੈਂ ਆਪਣੇ ਕੋਲ ਨਹੀਂ ਕੁਛ ਵੀ ਰੱਖਿਆ, ਉਹ ਸਾਰੇ ਦੇ ਸਾਰੇ ਮੈਂ ਮਹਾਂਪੁਰਸ਼ਾਂ ਦੇ ਖਜ਼ਾਨੇ 'ਚ ਜਮ੍ਹਾਂ ਕਰਵਾ ਦਿਤੇ। ਇਸ ਲਈ ਨਹੀਂ ਕਰਾਏ ਕਿ ਇਹਦਾ ਫੇਰ ਮੈਨੂੰ ਉਥੇ ਗਏ ਨੂੰ ਬਦਲਾ ਮਿਲੇ। ਨਹੀਂ ਬਿਲਕੁਲ ਨਹੀਂ ਮੈਂ ਛੱਡ ਦਿਤਾ। ਛੱਡਣ ਕਰਕੇ ਹੁਣ ਮੇਰੇ ਪੱਲੇ ਤਾਂ ਹੈ ਨਹੀਂ ਕੁਛ ਜਿਹਦਾ ਮੈਂ ਹੌਂਸਲਾ ਰੱਖਾਂ ਕਿ ਮੈਂ ਤਾਂ ਬਹੁਤ ਮਾਲਾ ਮਾਲ ਹੋ ਕੇ ਜਾ ਰਿਹਾਂ ਤੇ ਇਹਦੇ ਵਿਪਰੀਤ ਮੈਂ ਬਿਲਕੁਲ ਖਾਲੀ ਹੱਥ ਜਾ ਰਿਹਾਂ। ਕੋਈ ਚੀਜ਼ ਨਹੀਂ ਮੇਰੇ ਕੋਲ। ਲੇਕਿਨ ਇਕ ਭਰੋਸਾ ਹੈ ਕਿ ਮੇਰਾ ਤਾਂ ਉਥੇ ਕੋਈ ਵਾਕਫ ਹੈ ਜਾਂ ਨਹੀਂ ਹੈ ਪਰ ਇਕ ਮੇਰਾ ਸੱਜਣ ਐਸਾ ਹੈ ਜਿਹਨੇ ਮੈਨੂੰ ਵਿਛੜਨ ਨਹੀਂ ਦੇਣਾ। ਓਹੀ ਪਿਆਰ ਮੈਨੂੰ ਉਸ ਇਕੋ ਨੇ ਦੇਣੈ, ਹੋਰ ਨਹੀਂ ਮੈਂ ਆਸ ਰੱਖਦਾ, ਕਿਉਂਕਿ ਹੋਰ ਮੈਂ ਕੋਈ ਬਣਾਇਆ ਹੀ ਨਹੀਂ, ਇਕੋ ਸੱਜਣ ਬਣਾਇਐ। ਇਕ ਨੂੰ ਹੀ ਸਭ ਕੁਛ ਸਮਝਿਐ। ਆਹ ਵੀ ਦੁਨੀਆਂ ਬੜੀ ਸੋਹਣੀ ਲਗਦੀ ਹੈ, ਬੜਾ ਹੀ ਸੁਹਾਵਾ ਬਾਗ ਹੈ, ਇਹਨੂੰ ਛੱਡਣ ਨੂੰ ਜੀਅ ਨਹੀਂ ਕਰਦਾ, ਦੂਜੇ ਪਾਸੇ ਨਜ਼ਰ ਕੁਛ ਨਹੀਂ ਆਉਂਦਾ, ਸਿਰਫ ਇਕ ਮਹਾਂਪੁਰਸ਼ ਨਜ਼ਰ ਆ ਰਹੇ ਨੇ, ਜਿਨ੍ਹਾਂ ਦੇ ਉਤੇ ਮੈਨੂੰ ਭਰੋਸਾ ਹੈ ਕਿ ਉਨ੍ਹਾਂ ਨੇ ਮੈਨੂੰ ਸਾਂਭ ਲੈਣਾ ਹੈ। ਦੂਜਾ ਗੁਰੂ ਸਾਹਿਬ ਕਹਿੰਦੇ ਨੇ -



**ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ**

***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥***
***ਅੰਗ - 1102***

ਉਹ ਸਰੀਰ ਛੱਡ ਕੇ ਵੀ ਨਹੀਂ ਛੱਡ ਕੇ ਜਾਂਦੇ। ਸੋ ਇਸ ਕਰਕੇ ਠੀਕ ਹੈ ਮੈਂ ਤੁਹਾਡਾ ਪਿਆਰ ਮਾਨਿਆ ਹੈ। ਤੁਸੀਂ ਕਹਿੰਦੇ ਓਂ ਤੁਸੀਂ ਪਿਆਰ ਵੰਡਿਆ ਹੈ, ਪਿਆਰ ਮੈਂ ਨਹੀਂ ਵੰਡਿਆ ਤੁਸੀਂ ਮੈਨੂੰ ਪਿਆਰ ਦਿਤਾ ਹੈ। ਮੈਂ ਤਾਂ ਬਿਲਕੁਲ ਖਾਲੀ ਹਾਂ, ਪਰ ਮੈਨੂੰ ਇਹ ਹੈ ਕਿ ਮੈਨੂੰ ਦ੍ਵੈਤ ਨਹੀਂ ਹੈ ਕਿਸੇ ਨਾਲ ਵੀ, ਚਾਹੇ ਕੋਈ ਛੋਟਾ ਬੱਚਾ ਹੈ, ਚਾਹੇ ਭੁੱਲਿਆ ਹੋਇਆ ਹੈ, ਕਿੰਨੀਓ ਵੱਡੀ ਗਲਤੀ ਕਿਸੇ ਨੇ ਕਰ ਲਈ, ਇਹੋ ਜਿਹੀਆਂ ਵੀ ਗੱਲਾਂ ਕੀਤੀਆਂ ਨੇ ਕਿ ਜਿਹਨੂੰ ਮਾਫ ਹੀ ਨਹੀਂ ਕੀਤਾ ਜਾ ਸਕਦਾ, ਪਰ ਮੇਰੀ ਨਿਗ੍ਹਾ ਦੇ ਕੋਈ ਬੁਰਾ ਲਗਦਾ ਹੀ ਨਹੀਂ ਕੋਈ ਬੁਰਾ। ਬਾਕੀ ਇਹ ਹੈ ਕਿ ਪ੍ਰਕ੍ਰਿਤੀ ਦਾ ਖੇਲ੍ਹ ਹੋ ਰਿਹਾ ਹੈ ਇਹਦੇ ਵਿਚ ਕਈ ਬੰਦੇ ਚੰਗੇ ਹੁੰਦੇ ਨੇ, ਆਪਣੇ ਆਪਣੇ ਰੋਲ ਦਿਤੇ ਹੋਏ ਨੇ ਵਾਹਿਗੁਰੂ ਨੇ, ਕਈ ਬੰਦੇ ਚੰਗੇ ਵੀ ਹੁੰਦੇ ਨੇ, ਕਈ ਮਾੜੇ ਵੀ ਹੁੰਦੇ ਨੇ। ਮਾੜਾ ਬੰਦਾ ਸਦਾ ਮਾੜਾ ਨਹੀਂ ਰਹਿੰਦਾ, ਚੰਗਾ ਬੰਦਾ ਕਦੇ ਸਦਾ ਚੰਗਾ ਨਹੀਂ ਰਹਿੰਦਾ। ਉਤਰਾਅ-ਚੜ੍ਹਾਅ ਜ਼ਿੰਦਗੀ ਦੇ ਵਿਚ ਆਉਂਦੇ ਹੀ ਰਹਿੰਦੇ ਨੇ -

***ਕਬਹੂ ਜੀਅੜਾ ਊਭਿ ਚੜਤੁ ਹੈ***
***ਕਬਹੂ ਜਾਇ ਪਇਆਲੇ।।***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ***
***ਚਾਰੇ ਕੁੰਡਾ ਭਾਲੇ॥ ਅੰਗ - 876***

ਸੋ ਰਹਿਣ ਦਾ ਜਿਹੜਾ ਸਵਾਲ ਇਥੇ ਰਹਿਆ ਨਹੀਂ ਕਰਦਾ ਸਦਾ ਕੋਈ।

***ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ।।***
***ਅੰਗ -1380***

ਬਾਕੀ ਜੋ ਸਰੀਰਕ ਹਾਲਤ ਹੈ ਇਹ ਨਹੀਂ ਹੈ ਕਿ ਮੈਂ ਇਥੋਂ ਦੁਨੀਆਂ ਤੋਂ ਉਕਤਾਅ ਗਿਆ। ਤੁਸੀਂ ਬਹੁਤ ਪਿਆਰ ਦਿੰਦੇ ਓਂ, ਹਰ ਥਾਂ ਤੇ ਪਿਆਰ ਹੈ, ਇਹੋ ਜਿਹਾ ਵਾਤਾਵਰਣ ਕਿ ਐਉਂ ਸਮਝ ਲਓ ਕਿ ਬਹੁਤ ਵੱਡੀਆਂ ਕੋਠੀਆਂ ਛੱਡ ਕੇ ਛਪਰੀਆਂ 'ਚ ਜਾਣਾ ਨਹੀਂ ਚਾਹੁੰਦਾ। ਐਸ ਤਰ੍ਹਾਂ ਦੇ ਨਾਲ ਮੈਂ ਬਹੁਤ ਸੋਚਦਾ ਹਾਂ ਤੁਹਾਡੇ ਮਨਾਂ ਵਿਚ ਬਹੁਤ ਪਿਆਰ ਹੈ। ਛੱਡਣਾ ਬਹੁਤ ਔਖਾ ਹੈ, ਲੇਕਿਨ ਜਦੋਂ ਮੈਂ ਤੁਲਨਾ ਕਰਦਾਂ ਮੈਨੂੰ ਉਹ ਪਿਆਰ ਭਾਰਾ ਨਜ਼ਰ ਆਉਂਦੈ ਸਾਰਿਆਂ ਤੋਂ, ਕਿ ਮੈਂ ਇਕੱਲਾ ਨਹੀਂ ਹੈਗਾ, ਮੇਰਾ ਕੋਈ ਮਾਲਕ ਵੀ ਹੈਗਾ, ਜਿਹੜਾ ਹਾਲੇ ਮੈਨੂੰ ਚਾਹੁੰਦਾ ਨਹੀਂ ਕਿ ਤੂੰ ਜਾਹ। ਮੇਰੀ ਉਮਰ 70 ਸਾਲ ਦੀ ਲਿਖੀ ਹੋਈ ਸੀ, ਲੀਜ਼ ਮਿਲੀ, ਬੀਮਾਰ ਹੋਇਆ, ਦਿਲ ਦੀ ਤਕਲੀਫ ਹੋਈ, ਮੁੜ ਕੇ ਲੀਜ਼ ਮਿਲ ਗਈ, ਫੇਰ ਹੋਇਆ ਹੁਣ ਮੈਂ ਜਾ ਆਇਆ, ਬਾਈਪਾਸ ਸਰਜਰੀ ਹੋਈ, ਫੇਰ ਗਲ 'ਚ ਕੈਂਸਰ ਹੋ ਗਿਆ, ਹਾਰਪੀਜ਼ ਹੋ ਗਈ ਜਿਹਨੂੰ ਜਨੇਊ ਕਹਿੰਦੇ ਨੇ। ਹੋਈ ਜਾਵੇ ਜਿਹੜਾ ਕੁਛ ਹੁੰਦੈ, ਜਾਣ ਤੋਂ ਮੈਨੂੰ ਡਰ ਨਹੀਂ ਲਗਦਾ ਕੋਈ ਵੀ। ਸੋ ਤੁਸੀਂ ਬਹੁਤ ਵੱਡੀਆਂ ਖੁਸ਼ੀਆਂ ਮਨਾਉਂਦੇ ਹੋਂ ਕਿ ਅੱਜ ਦਾ ਦਿਨ ਹੈ। ਠੀਕ ਹੈ ਪਹਿਲਾਂ ਮੈਂ ਮੰਨਦਾ ਨਹੀਂ ਸੀ ਹੁੰਦਾ, ਹੁਣ ਮੰਨ ਲਿਆ ਮੈਂ ਕਰ ਗਿਆ ਕਿ ਇਨ੍ਹਾਂ ਦਾ ਫਰਜ਼ ਇਹ ਹੈ, ਕਿਉਂਕਿ ਇਨ੍ਹਾਂ ਨੂੰ ਸੁੱਖ ਮਿਲਿਆ ਹੈ ਇਸ ਸਰੀਰ ਤੋਂ, ਇਨ੍ਹਾਂ ਨੇ ਇਨ੍ਹਾਂ ਤਰੀਕਾਂ ਨੂੰ ਗਿਣਨਾ ਹੀ ਗਿਣਨਾ ਹੈ। ਮੇਰੇ ਕਹਿਣ ਤੇ ਨਹੀਂ ਹੱਟਣਾ ਕਿ ਮੈਂ ਕਹੀ ਜਾਵਾਂ ਕਿ ਨਹੀਂ ਜੀ ਮੈਂ ਤਾਂ ਜੰਮਦਾ ਹੀ ਨਹੀਂ, ਮੈਂ ਮਰਦਾ ਹੀ ਨਹੀਂ। ਇਹ ਗਿਆਨ ਦੀਆਂ ਗੱਲਾਂ ਹੋਇਆ ਕਰਦੀਆਂ ਨੇ, ਅਮਲੀ ਨਹੀਂ ਹੋਇਆ ਕਰਦੀਆਂ। ਅਮਲੀ ਤੌਰ ਤੇ ਵਿਛੋੜਾ ਬਹੁਤ ਔਖਾ ਹੈ -

***ਜਿਸੁ ਪਿਆਰੇ ਸਿਉ ਨੇਹੁ***
***ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ***
***ਤਾ ਕੈ ਪਾਛੈ ਜੀਵਣਾ।। ਅੰਗ - 83***

ਸੋ ਜਾਣਾ ਤਾਂ ਹੈ ਹੀ ਹੁਣ, 82 ਸਾਲ ਪੂਰੇ ਹੋ ਗਏ, 83ਵਾਂ ਆ ਗਿਆ, ਵਾਹਿਗੁਰੂ ਦੀ ਮਰਜ਼ੀ ਹੈ ਕਿੰਨਾ ਚਿਰ ਹੋਰ ਲੀਜ਼ ਦੇ ਦਿੰਦੈ। ਸਿਹਤ ਕਿੰਨੀ ਕੁ ਦਿੰਦੈ, ਕੋਈ ਕਰਮ ਭੋਗਣਾ ਰਹਿ ਗਿਆ, ਉਹ ਵੀ ਭੁਗਾ ਕੇ ਮੇਟਣਾ ਚਾਹੁੰਦੈ। ਇਹ ਉਹਦੀ ਮਰਜ਼ੀ ਹੈ। ਮੈਂ ਨਹੀਂ ਤੁਹਾਡੇ ਨਾਲ ਬੇਰੁਖੀ ਕਰਦਾ ਕਿ ਮੈਂ ਚਲਿਆ ਜਾਵਾਂ। ਨਾ ਮੈਂ ਫੁਰਨਾ ਕਰਦਾਂ, ਇਹੋ ਜਿਹੀ ਸੰਗਤ ਮਿਲਦੀ ਹੈ ਕਿਤੇ। ਇਹ ਤਾਂ ਬਹੁਤ ਉਚੇ ਭਾਗ ਹੋਣ ਤਾਂ ਐਨਾ ਪਿਆਰ ਮਿਲਦੈ। ਛੋਟੇ ਤੋਂ ਛੋਟਾ ਬੱਚਾ ਵੀ ਮੈਨੂੰ ਪਿਆਰ ਕਰਦਾ ਹੈ। ਪਿਆਰ ਦੇ ਜੀਵਨ ਵਿਚ ਅਸੀਂ ਰਹਿੰਦੇ ਹਾਂ, ਪਿਆਰ ਦੇ ਵਿਚ ਰਹਿ ਕੇ ਕਿਸੇ ਦਾ ਵੀ ਮਨ ਨਹੀਂ ਕਰਦਾ ਕਿ ਠੰਢੀਆਂ ਕੋਠੀਆਂ ਛੱਡ ਕੇ ਫੇਰ ਜਾ ਕੇ ਝੌਂਪੜੀਆਂ 'ਚ ਵਸ ਜਾਓ। ਟੀਨਾਂ ਦੀਆਂ ਸ਼ੈਡਾਂ 'ਚ ਚਲੇ ਜਾਓ। ਪਰ ਉਹ ਹੈਗੀ ਹੁਕਮ ਦੀ ਖੇਡ। ਬਾਕੀ ਤੁਹਾਡੇ ਨਾਲ ਜਿਹੜਾ ਸਾਥ ਰਿਹਾ ਹੈ ਇਹ ਸੰਜੋਗਾਂ ਦੀ ਗੱਲ ਹੁੰਦੀ ਹੈ। ਜੇ ਮੈਂ ਸਿੰਧ 'ਚ ਗਿਆ ਦਾੜ੍ਹੀ ਨਹੀਂ ਸੀ ਮੇਰੇ ਆਈ, ਉਸ ਵੇਲੇ ਤੋਂ ਹੀ ਪ੍ਰਚਾਰ ਮੈਂ ਸ਼ੁਰੂ ਕੀਤਾ ਹੋਇਆ ਹੈ। ਪਿੰਡ ਵਿਚ ਵੀ ਸੀਗਾ। ਪਿੰਡ ਵਿਚ ਸਾਡੇ ਘਰ ਨੂੰ ਸਿੱਖਾਂ ਦਾ ਘਰ ਕਹਿੰਦੇ ਸੀ। ਟਾਂਵੇਂ-ਟਾਂਵੇਂ ਸਿੱਖ ਹੁੰਦੇ, ਜੇ ਪੁੱਛਣਾ ਕਿਸੇ ਨੇ ਤਾਂ ਕਹਿਣਾ ਸਿੱਖਾਂ ਦਾ ਮੁੰਡਾ ਹੈ ਇਹ। ਸਿੱਖਾਂ ਦਾ ਮੁੰਡਾ ਹੋਣ ਕਰਕੇ ਅਸੀਂ ਕੀਰਤਨ ਵੀ ਕਰਨਾ, ਘਰ-ਘਰ ਕੀਰਤਨ ਕਰਨਾ, ਨਿਆਣੇ ਹੁੰਦਿਆਂ ਨੇ ਹੀ ਸ਼ੁਰੂ ਕਰ ਲਿਆ ਇਹ। ਜਦੋਂ ਮੈਂ ਸਿੰਧ ਵਿਚ ਗਿਆ ਉਥੇ ਜਾ ਕੇ ਬਾਕਾਇਦਾ ਪ੍ਰਚਾਰ ਸ਼ੁਰੂ ਕਰ ਦਿਤਾ। ਉਥੇ ਮੈਂ ਤਨਖਾਹ ਨਹੀਂ ਲਈ ਹੈ ਬਿਲਕੁਲ ਵੀ, ਉਥੇ ਮੈਂ ਚਾਰ ਏਕੜ ਕਪਾਹ ਬੀਜ ਦਿਤੀ ਸੀ। ਬੀਜ ਦਿੰਦੇ ਸੀ ਇਹ ਸਿੰਘ, ਮੇਰੇ ਕੋਲ ਆ ਜਾਂਦੇ ਸੀ, ਗੁਜ਼ਾਰਾ ਚਲ ਜਾਂਦਾ ਸੀ, ਬਹੁਤਾ ਖਰਚ ਜਦ ਹੁੰਦਾ ਹੀ ਨਹੀਂ ਸੀਗਾ। ਉਸ ਤੋਂ ਬਾਅਦ

ਜਦੋਂ ਮਹਾਰਾਜ ਜੀ ਨੇ ਮੈਨੂੰ ਬੁਲਾ ਲਿਆ, ਮਹਾਰਾਜ ਜੀ ਨੇ ਮੈਨੂੰ ਦਿੱਲੀ ਭੇਜ ਦਿਤਾ। ਛੇ ਮਹੀਨੇ ਰੱਖਿਆ। ਉਸ ਤੋਂ ਬਾਅਦ ਰਾੜੇ ਵਾਲੇ ਪਾਸੇ ਆ ਰਹੇ ਨੇ ਪਿੰਡ ਵਲ ਨੂੰ, ਟਿੱਬੇ ਹੁੰਦੇ ਸੀ ਬਹੁਤ ਵੱਡੇ, ਮਹਾਰਾਜ ਜੀ ਨਾਲ ਹੀ ਰੱਖਦੇ ਸੀ ਮੈਨੂੰ, ਗੜ੍ਹਵਾ ਮੈਨੂੰ ਹੀ ਫੜਾਉਂਦੇ ਸੀ। ਬਚਨ ਕਰੀ ਜਾਣੇ, ਗੱਲਾਂਬਾਤਾਂ ਮੈਨੂੰ ਵੀ ਬਹੁਤ ਆਉਂਦੀਆਂ ਸੀ। ਕਦੇ ਮੈਂ ਕਰੀ ਜਾਣੀਆਂ, ਮਹਾਰਾਜ ਜੀ ਨੇ ਸੁਣੀ ਜਾਣੀਆਂ, ਮਹਾਰਾਜ ਨੇ ਕਰੀ ਜਾਣੀਆਂ ਤਾਂ ਮੈਂ ਸੁਣੀ ਜਾਣੀਆਂ। ਪਰ ਮੈਨੂੰ ਕਹਿੰਦੇ ਨਹੀਂ ਸੀ ਕਿ ਤੂੰ ਬਹੁਤੀਆਂ ਗੱਲਾਂ ਕਿਉਂ ਕਰਦੈਂ। ਇਕ ਗਿਆਨੀ ਮੇਹਰ ਸਿੰਘ ਹੁੰਦੇ ਸੀ ਉਹ ਵੀ ਬਹੁਤ ਗੱਲਾਂ ਕਰਦੇ ਹੁੰਦੇ ਸੀ। ਮਹਾਰਾਜ ਜੀ ਇਕ ਦਿਨ ਮੇਰੇ ਇਕ ਦਮ ਸਾਮ੍ਹਣੇ ਖੜ੍ਹ ਗਏ, ਸੋਟੀ ਸੀ ਉਨ੍ਹਾਂ ਕੋਲ ਜਿਹਦੇ ਉਤੇ ਬੈਠ ਵੀ ਜਾਈਦੈ, ਉਹ ਐਉਂ ਚੌੜੀ ਕਰ ਲਈ, ਖੜ੍ਹੇ ਰਹੇ। ਮੈਂ ਹੈਰਾਨ ਕਿ ਅੱਜ ਮਹਾਰਾਜ ਜੀ ਮੂਹਰੇ ਕਿਉਂ ਹੋ ਕੇ ਖੜ੍ਹ ਗਏ, ਮੈਂ ਕਿਹਾ ਮਹਾਰਾਜ ਜੀ ਕੀ ਗੱਲ? ਕਹਿੰਦੇ ਇਕ ਗੱਲ ਦੱਸ ਮੈਨੂੰ ਕਿ ਅੱਗ ਕਿੰਨੀ ਕੁ ਤੇਜ਼ ਹੁੰਦੀ ਹੈ। ਮੈਂ ਕਿਹਾ ਬਹੁਤ ਤੇਜ਼ ਹੁੰਦੀ ਹੈ ਜੀ, ਜਾਲ ਦਿੰਦੀ ਹੈ। ਕਹਿੰਦੇ, ਕੋਈ ਐਸਾ ਪਿਉ ਦੁਨੀਆਂ 'ਚ ਹੈ ਜਿਹੜਾ ਆਪਣੇ ਪੁਤਰ ਨੂੰ ਅੱਗ ਵਿਚ ਸੁੱਟ ਦੇਵੇ। ਮੈਂ ਕਿਹਾ ਮਹਾਰਾਜ ਜੀ, ਅੱਗ ਵਿਚ ਗਿਰੇ ਹੋਏ ਪੁੱਤਰ ਨੂੰ ਪਿਉ ਚਾਹੇ ਜਲ ਜਾਵੇ ਪਰ ਕੱਢ ਲਿਆਉਂਦੈ। ਕਹਿੰਦੇ ਆਹੀ ਗੱਲ ਹੈ। ਮੈਂ ਤੈਨੂੰ ਅੱਗ ਵਿਚ ਸੁੱਟਣ ਲੱਗਿਆਂ। ਗੱਲ ਮੇਰੇ ਸਮਝ 'ਚ ਨਾ ਆਈ ਕਿ ਅੱਗ ਵਿਚ ਸੁਟਣੈ, ਸੁਟਣੈ ਸੁੱਟ ਦੇਣ ਉਨ੍ਹਾਂ ਦੀ ਰਜ਼ਾ ਹੈ, ਮਰਜ਼ੀ ਹੈ। ਮੈਂ ਕਿਹਾ ਮਹਾਰਾਜ ਮੈਨੂੰ ਸਮਝਾ ਦਿਓ। ਉਹ ਕਹਿਣ ਲੱਗੇ, ਤੂੰ ਗ੍ਰਹਿਸਤ ਦੇ ਫਿੱਟ ਨਹੀਂ ਸੀਗਾ। ਲੇਕਿਨ ਤੇਰੇ ਕਰਮ ਬਚਦੇ ਨੇ, ਉਹ ਤੂੰ ਸਾਡੇ ਹੁੰਦੇ ਹੁੰਦੇ ਭੋਗ ਲੈ, ਫੇਰ ਪਤਾ ਨਹੀਂ ਅਗਲੇ ਜਨਮ ਵਿਚ ਤੈਨੂੰ ਕੋਈ ਸਾਧੂ ਮਿਲੇ ਨਾ ਮਿਲੇ, ਅਸੀਂ ਤਾਂ ਚਲੇ ਜਾਣੈ, ਮੈਂ ਤਾਂ ਮੁੜ ਕੇ ਆਉਣਾ ਨਹੀਂ ਸੰਸਾਰ 'ਤੇ। ਤੂੰ ਸਾਡੇ ਹੁੰਦੇ ਹੁੰਦੇ ਭੋਗ ਲੈ। ਮੈਂ ਰੋਣ ਲਗ ਗਿਆ, ਮੈਨੂੰ ਪਤਾ ਲੱਗ ਗਿਆ ਕਿ ਮਹਾਰਾਜ ਮੈਨੂੰ ਹੁਣ ਘਰ ਭੇਜਣਗੇ। ਕਹਿੰਦੇ ਰੋ ਨਾ, ਅਸੀਂ ਤੇਰੀ ਮਦਦ ਕਰਾਂਗੇ, ਲੇਕਿਨ –

***ਭੋਗੇ ਬਿਨ ਭਾਗੇ ਨਹੀਂ ਕਰਮਗਤੀ ਬਲਵਾਨ।***

ਕਰਮਗਤੀ ਐਨੀ ਬਲਵਾਨ ਹੈ ਇਹ ਤੈਨੂੰ ਭੋਗਣੀ ਪੈਣੀ ਹੈ। ਕੁਝ ਜੀਵਾਂ ਨੇ ਆਉਣੈ, ਗ੍ਰਹਿਸਤ ਦਾ ਜੀਵਨ ਲੈਣੇ-ਦੇਣੇ, ਔਖੇ-ਸੌਖੇ, ਭਾਈਚਾਰੇ ਨਾਲ ਵਰਤਣਾ, ਭਰਾਵਾਂ ਨਾਲ ਵਰਤਣਾ, ਰਿਸ਼ਤੇਦਾਰਾਂ ਨਾਲ ਵਰਤਣਾ, ਇਹ ਸਾਰੇ ਤੇਰੇ ਕਰਮ ਬਕਾਇਆ ਰਹਿੰਦੇ ਨੇ ਏਸ ਜਨਮ ਦੇ, ਇਹ ਤੂੰ ਭੋਗ ਲੈ। ਤੂੰ ਹੌਂਸਲਾ ਰੱਖ, ਸਾਡਾ ਸਰੀਰ ਜਿੰਨਾਂ ਚਿਰ ਹੈ ਅਸੀਂ ਤੈਨੂੰ ਕੋਈ ਔਖ ਨਹੀਂ ਹੋਣ ਦਿੰਦੇ। ਬਿਲਕੁਲ ਉਨ੍ਹਾਂ ਨੇ ਜਿਹੜਾ ਬਚਨ ਕਿਹਾ ਸੀ, ਉਹ ਬਿਲਕੁਲ ਠੀਕ ਸੀ। ਉਹ ਕਰਮ ਜਿਹੜੇ ਸੀ ਮੈਨੂੰ ਪਤਾ ਹੈ ਕਿ ਮੈਂ ਕਿਹੜਾ ਕਰਮ ਹੁਣ ਭੋਗ ਰਿਹਾ ਹਾਂ। ਲੇਕਿਨ ਮੇਰਾ ਨੁਕਸਾਨ ਬਹੁਤ ਹੋਇਐ। ਨੁਕਸਾਨ ਇਹ ਕਿ ਜਿਹੜਾ ਮੈਨੂੰ ਅਦਾਕਾਰੀ ਮਿਲੀ ਹੈ ਨਾ ਜੀਵਨ ਦੀ ਉਹ ਬੜੀ ਟੇਡੀ-ਮੇਢੀ ਸੀ। ਜੇ ਮੈਂ ਬਗੈਰ ਰੁਜ਼ਗਾਰ ਤੋਂ ਚੱਲਿਆ ਹਾਂ ਤਾਂ, ਮੈਂ ਪਾਠ ਦਾ ਕਦੇ ਪੈਸਾ ਨਹੀਂ, ਪਾਠ ਤਾਂ ਮੈਨੂੰ ਬਹੁਤ ਵਧੀਆ ਆਉਂਦੈ, ਗੁਜ਼ਾਰਾ ਕਰ ਸਕਦਾ ਸੀ। ਉਹਦੇ ਵਿਚ ਨਹੀਂ ਮੈਂ ਆਇਆ, ਕੋਈ ਮੇਰੀ ਪ੍ਰਸੰਸਾ ਕਰੀ ਜਾਵੇ ਮੈਂ ਉਹਦੇ ਵਿਚ ਵੀ ਨਹੀਂ ਆਇਆ, ਲਾਲਚ ਵਿਚ ਨਹੀਂ ਆਇਆ, ਹੋਰ ਚੀਜ਼ਾਂ ਵਿਚ ਨਹੀਂ ਆਇਆ, ਉਥੇ ਮੈਂ ਸਹੀ ਰਿਹਾ। ਸਹੀ ਇਸ ਤਰ੍ਹਾਂ ਮੈਨੂੰ ਇਹ ਪਤਾ ਲਗ ਗਿਆ ਕਿ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***

***ਅੰਗ - 10***

100% ਵਿਸ਼ਵਾਸ਼ ਹੋ ਗਿਆ ਕਿ ਰੋਟੀ ਤਾਂ ਵਾਹਿਗੁਰੂ ਜੀ ਨੇ ਦੇਣੀ ਹੀ ਦੇਣੀ ਹੈ। ਆਪ ਲੈ ਕੇ ਆਊਗਾ ਜੇ ਨਹੀਂ ਕੁਛ ਕਰੂੰਗਾ ਜਾਂ ਕਿਸੇ ਨੂੰ ਭੇਜੇਗਾ। ਉਸੇ ਸਬੰਧ ਵਿਚ ਮੈਂ ਇਕ ਪਿੰਡ ਵਿਚ ਚਲਿਆ ਗਿਆ, ਅਬਾਦਕਾਰ ਸੀਗੇ, ਉਥੇ ਮੈਨੂੰ ਇਕ ਟੋਭਾ ਵਧੀਆ ਲੱਗਿਆ ਮੈਂ ਬਹਿ ਗਿਆ। ਉਥੇ ਕਰਾਹ ਚਲਦਾ ਸੀ, ਜਦੋਂ ਦੁਪਹਿਰਾ ਹੋ ਗਿਆ ਤਾਂ ਉਹ ਲਾਹੌਰ ਦਾ ਸੀਗਾ, ਕਹਿਣ ਲੱਗਿਆ ਕਿ ਕੁੜੀਏ ਅੱਜ ਕਿੰਨੇ ਬੰਦਿਆਂ ਦੀ ਰੋਟੀ ਲਿਆਈ ਹੈਂ। ਕਹਿੰਦੀ ਬਾਪੂ ਅੱਜ ਤਿੰਨ ਬੰਦਿਆਂ ਦੀ ਬੰਨ੍ਹ ਦਿਤੀ ਬੀਬੀ ਨੇ। ਹੁਣ ਦੋ ਤਾਂ ਉਹ ਸੀ, ਤੀਸਰਾ ਮੈਂ ਬੈਠਾ ਸੀ ਪਰ੍ਹੇ। ਬੀਬੀ ਨੂੰ ਤਾਂ ਕੋਈ ਪਤਾ ਨਹੀਂ ਸੀ ਕਿ ਤੀਜਾ ਬੰਦਾ ਵੀ ਉਥੇ ਕੋਈ ਹੈਗਾ। ਉਤਾਬ੍ਹਾ ਸਿੰਘ ਸੀ ਉਹਦਾ ਨਾਂ, ਕਹਿੰਦਾ ਜਾਹ ਮੁੰਡਿਆ ਗੁਰਪਾਲ, ਜਾਹ ਉਹ ਨਿੱਕੇ ਨੂੰ ਬੁਲਾ ਲਿਆ ਜਿਹੜਾ ਅੱਖਾਂ ਮੀਚੀ ਬੈਠੈ ਸਵੇਰ ਦਾ। ਉਹ ਮੇਰੇ ਕੋਲ ਆਇਆ, ਕਹਿੰਦਾ ਬਾਪੂ ਬੁਲਾਉਂਦੈ। ਮੈਂ ਚਲਿਆ ਗਿਆ। ਕਹਿੰਦਾ ਲੈ ਰੋਟੀ ਖਾ ਲੈ। ਮੈਂ ਕਿਹਾ, ਐਂ ਤਾਂ ਨਹੀਂ ਮੈਂ ਖਾਣੀ। ਕਹਿੰਦਾ ਹੋਰ ਕਿਵੇਂ ਖਾਣੀ ਹੈ। ਮੈਂ ਕਿਹਾ ਮੇਰੇ ਤੋਂ ਕੰਮ ਕਰਵਾ ਲੈ, ਐਸ ਤਰ੍ਹਾਂ ਤਾਂ ਖਾਣੀ ਨਹੀਂ। ਕਰਾਹ ਚਲਾਉਣ ਮੈਂ ਜਾਣਦਾ ਹਾਂ, ਤੂੰ ਇਕ ਘੰਟਾ ਮੇਰੇ ਤੋਂ ਕਰਾਹ ਕਰਾ ਲੈ, ਇਕ ਰੋਟੀ ਮੈਂ ਖਾਂਦਾ ਹਾਂ ਅੱਠਾਂ ਪਹਿਰਾਂ ਬਾਅਦ, ਜੇ ਮੈਂ ਇਥੇ ਰਿਹਾ ਤਾਂ ਤੇਰਾ ਇਕ ਘੰਟਾ ਰੋਜ਼ ਕੰਮ ਕਰ ਦਿਆ ਕਰਾਂਗਾ, ਤੂੰ ਮੈਨੂੰ ਇਕ ਰੋਟੀ ਦੇ ਦਿਆ ਕਰੀਂ। ਉਹ ਵੀ ਅੜ ਗਿਆ। ਅਖੀਰ ਇਹ ਹੋਇਆ ਕਿ ਉਹਨੇ ਬਲਦ ਜੋੜ ਦਿਤੇ, ਮੈਂ ਕਰਾਹ ਦਾ ਕੰਨਾ ਫੜ ਲਿਆ, ਭਰ ਕੇ ਲਿਆਂਦਾ, ਕਹਿੰਦਾ ਮੁੰਡਾ ਹੈ ਤਾਂ ਕਾਰੀਗਰ ਦੇਖੋ ਕਿਵੇਂ ਭਰ ਕੇ ਲਿਆਇਐ ਕਰਾਹ। ਕਹਿੰਦਾ, ਲੈ ਬਈ ਤੇਰਾ ਰੋਟੀ ਜੋਗਾ ਹੋ ਗਿਆ। ਮੈਂ ਕਿਹਾ ਐ ਨਹੀਂ। ਮੇਰੇ ਮੂੰਹ ਤੋਂ ਨਿਕਲ ਗਿਆ ਕਿ ਤੂੰ ਮੇਰੇ ਤੋਂ ਭਲਾ ਕਰਵਾ ਲੈ। ਦਾੜ੍ਹੀ ਨਹੀਂ ਸੀ ਓਦੋਂ ਮੇਰੀ ਆਈ। ਛੋਟਾ ਸੀ 18-19 ਸਾਲ ਦਾ। ਕਹਿੰਦਾ

ਭਲਾ ਤਾਂ ਮੇਰਾ ਕਰ ਦੇ ਪਰ ਮੈਂ ਸ਼ਰਾਬ ਨਹੀਂ ਛੱਡਣੀ, ਮੈਨੂੰ ਗੁੜ੍ਹਤੀ 'ਚ ਮਿਲੀ ਹੈ। ਮੈਂ ਕਿਹਾ, ਬਾਪੂ! ਮੈਂ ਸ਼ਰਾਬ ਛਡਾਊਂਗਾ। ਕਹਿੰਦਾ ਜੇ ਛੁਡਾ ਦੇਂਗਾ ਫੇਰ ਦੇਖਾਂਗਾ। ਫੇਰ ਮੈਂ ਕਿਹਾ ਮੈਨੂੰ ਕਿਉਂ ਕਹਿੰਦੇ ਓਂ ਕਿ ਰੋਟੀ ਖਾ ਲੈ। ਮੁੰਡਾ ਕਹਿਣ ਲੱਗਿਆ, ਭਾਊ ਜੀ! ਮੈਂ ਛੱਡੀ ਸ਼ਰਾਬ। ਉਥੇ ਮੈਂ ਇਕ ਮਹੀਨਾ ਰਿਹਾ ਉਨ੍ਹਾਂ ਦੇ ਘਰ, ਬਾਣੀ ਪੜ੍ਹਨ ਲਾ ਦਿਤੀਆਂ ਸਾਰੀਆਂ ਬੀਬੀਆਂ, ਨਸ਼ਵਾਰ ਲੈਂਦੀਆਂ ਸੀ ਤੇ ਹੌਲੀ ਹੌਲੀ ਉਂਗਲ ਮੈਂ ਰੋਜ਼ ਡੋਲ੍ਹ ਦਿੰਦਾ ਸੀ, ਜਿਸ ਦਿਨ ਡੁਲ੍ਹ ਗਈ ਆਖਰੀ ਦਿਨ ਆ ਗਿਆ ਐਨੀ ਕੁ ਪਈ ਸੀ, ਉਹ ਰੋਣ ਲਗ ਗਿਆ ਬਜ਼ੁਰਗ। ਕਹਿਣ ਲੱਗਿਆ, "ਆਹ ਆ ਗਿਆ ਤੇਰੇ ਤੇ ਮੇਰੇ ਵਿਚ ਪਾੜ੍ਹ ਪਾਉਣ ਵਾਲਾ, ਸ਼ਾਰਾਬ ਨਾਲ ਗੱਲ ਕਰਦੈ।" ਜਦ ਮੈਂ ਜੰਮਿਆ ਸੀ ਮੇਰੀ ਮਾਂ ਨੇ ਗੁੜ੍ਹਤੀ ਦਿਤੀ ਸੀ, ਤੂੰ ਮੇਰੀ ਜਮਾਂਦਰੂ ਸਾਥੀ, ਆਹ ਮੁੰਡਾ ਪਤਾ ਨਹੀਂ ਕਿਥੋਂ ਆ ਗਿਆ, ਤੇਰਾ ਤੇ ਮੇਰਾ ਇਹਨੇ ਦੁਫੇੜ ਪਾ ਦਿਤਾ। ਉਚੀ-ਉਚੀ ਰੋਇਆ। ਘੁਮਾ ਕੇ ਸ਼ਰਾਬ ਦੀ ਬੋਤਲ ਮਾਰੀ, ਕਹਿੰਦਾ ਲੈ ਹੁਣ ਤੇਰਾ ਤੇ ਮੇਰਾ ਪਿਆਰ ਟੁੱਟਿਆ। ਇਹ ਮੈਂ ਇਕ ਮਿਸਾਲ ਦੱਸਦਾ ਹਾਂ ਕਿ ਇਹ ਮੈਂ ਕੋਈ ਉਪਦੇਸ਼ ਨਾਲ ਨਹੀਂ ਸੀ ਉਸ ਦੀ ਸ਼ਰਾਬ ਛੁਡਾਈ। ਇਸ ਤਰ੍ਹਾਂ ਦੇ ਨਾਲ ਮੈਂ ਆਪਣਾ ਜੀਵਨ ਗੁਜ਼ਾਰ ਰਿਹਾ ਸੀ।

ਉਸ ਤੋਂ ਬਾਅਦ ਮੈਂ ਪਿੰਡ ਆਇਆ, ਪਿੰਡ ਵੀ ਓਹੀ ਕੰਮ ਸ਼ੁਰੂ ਕਰ ਲਿਆ। ਜਦੋਂ ਮੈਂ ਨੌਕਰੀ ਕਰੀ ਫੌਜ ਵਿਚ ਉਥੇ ਵੀ ਇਹੀ ਕੰਮ ਕਰਦਾ ਰਿਹਾ। ਜਦੋਂ ਮੈਂ ਸਿਵਲ 'ਚ ਆ ਗਿਆ, ਸੈਕਟਰੀਏਟ 1957 ਵਿਚ, ਪਹਿਲਾਂ ਪਟਿਆਲਾ ਹੁੰਦਾ ਸੀ। ਉਹਦੇ ਵਿਚ ਵੀ ਨੌਕਰੀ ਕਰਕੇ ਦੱਸੀ ਕਿ ਨੌਕਰੀ ਕਿਵੇਂ ਕਰੀਦੀ ਹੈ। ਮੇਰੇ ਕੋਲ ਪਰਚੇਜ਼ ਦੀ ਬਰਾਂਚ ਸੀ, ਜਿਹਦੇ ਵਿਚ ਲੱਖਾਂ ਹੀ ਰੁਪਿਆ ਕਮੀਸ਼ਨ ਮਿਲਦੈ। ਇਕ ਦਿਨ ਦੀ ਗੱਲ ਕਿ ਇਕ ਠੇਕਾ ਕਰਿਆ, ਉਹ ਮੈਂ ਲਿਖ ਦਿਤਾ ਕਿ ਮਹਿੰਗਾ ਹੈ। ਜਦ ਮੈਂ ਲਿਖ ਰਿਹਾ ਸੀ ਤਾਂ ਠੇਕੇਦਾਰ ਨੇ ਮੇਰੀ ਬਾਂਹ ਫੜ ਲਈ, ਕਹਿੰਦਾ ਬਾਹਰ ਆਇਓ। ਜਦ ਮੈਂ ਬਾਹਰ ਆਇਆ ਤਾਂ ਤਿੰਨ ਹਜ਼ਾਰ ਰੁਪਿਆ ਦੇਵੇ। ਤਿੰਨ ਹਜ਼ਾਰ ਨੂੰ ਦੋ ਸੌ ਨਾਲ ਗੁਣਾਂ ਦੇ ਲਓ ਛੇ ਲੱਖ ਹੋ ਗਿਆ। ਕਹਿੰਦਾ ਆਹ ਲੈ ਲਓ ਤੁਸੀਂ ਪਰ ਲਿਖੋ ਨਾ। ਮੈਂ ਕਿਹਾ, ਹੁਕਮ ਚੰਦ, ਮੈਂ ਤਾਂ ਲਿਖਣਾ ਹੈ ਮੇਰੀ ਡਿਊਟੀ ਹੈ ਇਹ। ਐਨੇ ਨੂੰ ਅੱਧੀ ਛੁੱਟੀ ਹੋ ਗਈ ਮੈਂ ਘਰ ਆ ਗਿਆ, ਉਥੇ ਦੱਸ ਹਜ਼ਾਰ ਰੁਪਿਆ ਲੈ ਆਇਆ ਅੱਜ ਦੇ 15 ਲੱਖ ਦੇ ਬਰਾਬਰ। ਕਹਿੰਦਾ ਅੱਧੇ ਦਿਨ ਤੋਂ ਬਾਅਦ ਦਫਤਰ ਨਹੀਂ ਜਾਣਾ, ਆ ਲਓ ਦੱਸ ਹਜ਼ਾਰ ਰੁਪਿਆ। ਅਫਸਰ ਤੋਂ ਛੁਟੀ ਕਰਵਾ ਕੇ ਲੈ ਆਇਆ, ਉਸ ਦੇ ਉਪਰ ਮੇਰੇ ਦਸਤਖਤ ਨਹੀਂ ਸੀ। ਕਹਿੰਦਾ ਦਸਤਖਤ ਕਰ ਦਿਓ। ਸਿਰਫ ਦਸਤਖਤ ਕਰਨ ਦੇ ਮੈਨੂੰ ਦੱਸ ਹਜ਼ਾਰ ਰੁਪਿਆ ਮਿਲਦਾ ਸੀ। ਕਹਿੰਦਾ ਤੁਹਾਡੇ ਤੋਂ ਕੰਮ ਮੈਂ ਬਾਅਦ ਵਿਚ ਕਰਾ ਲਵਾਂਗਾ। ਅਕਾਊਂਟੈਂਟ, ਜਨਰਲ ਤੱਕ ਸਾਰਿਆਂ ਨੂੰ ਮੈਂ ਪੈਸੇ ਦੇ ਚੁਕਿਆ ਹਾਂ। ਮੈਂ ਨਹੀਂ ਲਏ। ਮੈਨੂੰ ਡੇਗ ਨਹੀਂ ਸਕੀ ਮਾਇਆ। ਮੈਨੂੰ ਬੜੀ ਦੇਰ ਬਾਅਦ ਮਿਲਿਆ ਉਹ ਕਹਿੰਦਾ ਵਰਿਆਮ ਸਿੰਘ, ਜੇ ਤੂੰ ਉਸ ਵੇਲੇ ਪੈਸਾ ਲੈ ਲੈਂਦਾ, ਕਿੱਡਾ ਵੱਡਾ ਤੂੰ ਹੁੰਦਾ ਤੇ ਮੈਂ ਕਿੱਡਾ ਠੇਕੇਦਾਰ ਹੋਣਾ ਸੀ। ਇਸ ਤਰ੍ਹਾਂ ਮੈਂ ਨਹੀਂ ਪੈਸਾ ਲਿਆ ਕਿਸੇ ਤੋਂ ਵੀ। ਸੋ ਦਸਿਆ ਕਰਕੇ ਕਿ ਨੌਕਰੀ ਸਹੀ ਕਿਵੇਂ ਕਰੀਦੀ ਹੈ। ਦਿਨ ਰਾਤ ਕੰਮ ਕਰਿਆ। ਅਫਸਰ ਸਾਰੇ ਇਸ ਗੱਲ ਉਤੇ ਸੀਗੇ ਕਿ ਇਹ ਕੰਮ ਕਰ ਰਿਹਾ ਹੈ। ਇਸ ਤੋਂ ਬਾਅਦ ਮੈਂ ਸਿਵਲ 'ਚ ਆ ਗਿਆ, ਇਥੇ ਬਹੁਤ ਕੰਮ ਕਰਿਆ। ਇਥੇ ਮੇਰਾ ਜਿਹੜਾ ਅਫਸਰ ਸੀ ਉਹ ਕਹਿਣ ਲੱਗਿਆ ਮੈਂ ਤੇਰੇ ਨਾਲ ਗੱਲ ਕਰਨੀ ਹੈ, ਉਹਨੇ ਮੈਨੂੰ ਕੁਰਸੀ ਤੇ ਬਿਠਾਲ ਲਿਆ, ਕਹਿਣ ਲੱਗਿਆ ਆਹ ਦੇਖ, ਤੇਰੀਆਂ ਫਾਇਲਾਂ ਧਰਤੀ ਤੋਂ ਲਗ ਕੇ ਇਥੇ ਤਕ ਆ ਗਈਆਂ। ਮੇਰੇ ਥੱਲੇ ਦੋ ਬਰਾਂਚਾਂ ਹੋਰ ਨੇ, ਆਹ ਪਈਆਂ ਨੇ ਚਾਰ-ਚਾਰ ਫਾਇਲਾਂ। ਤੂੰ ਇਕੱਲਾ ਮੈਂ ਸਾਰਾ ਦਿਨ ਤੇਰਾ ਕੰਮ ਕਰਦਾਂ, ਤੂੰ ਸ਼ਿਕਾਇਤ ਕਿਉਂ ਨਹੀਂ ਕਰਦਾ। ਤੇਰੇ ਕੋਲ ਐਨਾ ਜ਼ਿਆਦਾ ਕੰਮ ਹੈ ਤੇ ਰੋਜ਼ ਦੀ ਰੋਜ਼ ਤੂੰ ਕੱਢਦੈ ਤੇ ਮੈਨੂੰ ਪਤਾ ਲੱਗਿਐ ਕਿ ਚਾਰ ਵਜੇ ਤੂੰ ਆਉਂਦੈ ਤੇ 11 ਵਜੇ ਰਾਤ ਨੂੰ ਜਾਂਦੈ। ਮੈਂ ਕਿਹਾ ਭਨੌਟ ਸਾਹਿਬ! ਤੈਨੂੰ ਇਕ ਗੱਲ ਦੱਸਾਂ, ਤੁਹਾਡਾ ਗਿਰਜਾ ਹੁੰਦੈ ਨਾ। ਕਹਿੰਦਾ ਹਾਂ। ਮੈਂ ਕਿਹਾ ਕਿੱਡਾ ਕੁ ਹੁੰਦੈ? 18 ਸੈਕਟਰ ਵਾਲਾ। ਮੈਂ ਕਿਹਾ, ਸਾਡਾ ਗੁਰਦੁਆਰਾ ਹੁੰਦੈ। ਇਕ ਗੁਰਦੁਆਰਾ ਉਹ ਹੈ ਜੋ ਅਸੀਂ ਬਣਾਉਂਦੇ ਹਾਂ, ਇਕ ਗੁਰਦੁਆਰਾ ਸਾਨੂੰ ਗੁਰੂ ਨੇ ਦੱਸਿਐ। ਉਹ ਗੁਰਦੁਆਰਾ ਸਾਡਾ ਦਿੱਲੀ ਤੋਂ ਜਮੁਨਾ ਦੇ ਨਾਲ ਤੁਸੀਂ ਲਾਈਨ ਕੱਢ ਲਓ ਤੇ ਤਿੱਬਤ ਤੱਕ ਚਲੇ ਜਾਓ ਤੇ ਇਧਰ ਪਾਕਿਸਤਾਨ ਐ, ਹੇਠਾਂ ਚਲੇ ਜਾਓ ਜਾ ਕੇ ਦਿੱਲੀ ਤੋਂ ਥੱਲੇ ਹਰਿਆਣੇ ਦੇ ਮਹਿੰਦਰਗੜ੍ਹ, ਤੱਕ ਐਡਾ ਗੁਰਦੁਆਰਾ ਹੈ ਮੇਰਾ। ਮੇਰੇ ਕੋਲ ਹੈ ਕੁਦਰਤੀ ਆਫਤਾਂ ਦਾ ਮਹਿਕਮਾਂ। ਜੇ ਮੇਰੇ ਹੁੰਦੇ ਹੁੰਦੇ ਇਕ ਬੰਧ ਟੁੱਟ ਗਿਆ, ਇਕ ਬੰਦਾ ਰੁੜ੍ਹ ਗਿਆ, ਖੇਤੀ ਚਲੀ ਗਈ, ਪਸ਼ੂ ਰੁੜ੍ਹ ਗਏ, ਮੇਰਾ ਜਪੁਜੀ ਸਾਹਿਬ ਕੀ ਕਰੂਗਾ, ਮੇਰਾ ਭਜਨ ਕਰਨਾ ਕੀ ਕਰੂਗਾ ਤੇ ਮੇਰਾ ਭਜਨ ਹੁਣ ਇਹੀ ਹੈ ਕਿ ਮੈਂ ਤੜਕੇ ਚਾਰ ਵਜੇ ਲੱਗ ਜਾਨਾਂ, ਰਾਤ ਦੇ ਗਿਆਰ੍ਹਾਂ ਵਜੇ ਜਦ ਜਾਂਦਾ, ਜਦ ਮੈਨੂੰ ਤਸੱਲੀ ਹੋ ਜਾਂਦੀ ਹੈ ਕਿ ਐਸ ਵੇਲੇ ਸਭ ਠੀਕ ਹੈ। ਹੈਰਾਨ ਹੋ ਗਿਆ ਕਹਿਣ ਲੱਗਿਆ ਕਿ ਤੂੰ ਐਡੀ ਵੱਡੀ ਸੋਚ ਰਖਦੈਂ? ਮੈਂ ਕਿਹਾ ਹਾਂ ਮੇਰੇ ਗੁਰੂ ਨੇ ਦੱਸਿਐ ਕਿ –

***ਇਹ ਜਗੁ ਸਚੇ ਕੀ ਕੋਠੜੀ***
***ਸਚੇ ਕਾ ਵਿਚ ਵਾਸੁ॥ ਅੰਗ - 463***

ਇਹ ਤਾਂ ਸੰਸਾਰ ਹੀ ਸਾਰਾ ਸੱਚੇ ਦੀ ਕੋਠੜੀ ਹੈ। ਵਾਹਿਗੁਰੂ ਦਾ ਗੁਰਦੁਆਰਾ ਹੈ ਤੇ ਮੈਂ ਇਹਦੀ ਸੇਵਾ ਕਰਦਾ ਹਾਂ। ਉਹਨੇ ਗੌਰਮਿੰਟ ਨੂੰ ਲਿਖ ਦਿਤਾ। ਪੰਜਾਬ ਗੌਰਮਿੰਟ ਦੀ ਮੈਨੂੰ ਚਿੱਠੀ ਆ ਗਈ ਕਿ 1958 ਦਾ ਤੇਰੇ ਕੰਮ ਦੀ ਗੌਰਮਿੰਟ

ਸ਼ਲਾਘਾ ਕਰਦੀ ਹੈ। ਕੋਈ ਗਲਤੀ ਨਹੀਂ ਹੋਣ ਦਿਤੀ, ਕਦੇ ਕੋਈ ਭੋਰਾ ਨੁਕਸਾਨ ਨਹੀਂ ਹੋਇਆ। ਉਹਨੇ ਦੋ ਬਰਾਚਾਂ ਬਣਾ ਦਿਤੀਆਂ ਮੇਰੀ ਇਕੱਲੀ ਸੀਟ ਤੇ। ਉਹ ਮੈਂ ਕਰਕੇ ਦਿਖਾਇਆ ਕਿ ਜੇ ਨੌਕਰੀ ਕਰਨੀ ਹੈ ਤਾਂ ਐਸ ਤਰ੍ਹਾਂ ਕਰੀਦੀ ਹੈ। ਜੇ ਮੈਂ ਖੇਤੀ ਕੀਤੀ ਹੈ ਮੈਨੂੰ ਵਾਹਿਗੁਰੂ ਨੇ ਜ਼ਮੀਨ ਦਿਤੀ ਹੈ, ਮੇਰੇ ਖੇਤਾਂ ਦੇ ਵਿਚ ਇਕ ਕੁਇੰਟਲ ਤੋਂ ਘੱਟ ਫਸਲ ਨਹੀਂ ਹੋਣੀ ਚਾਹੀਦੀ। ਬੀਜੀ ਤੁਹਾਡੇ ਨਾਲ ਲੱਗੇ ਰਹਿੰਦੇ ਸੀ, ਮੈਨੂੰ ਆ ਕੇ ਦੱਸਣਾ ਕਿ ਫਲਾਣੇ ਥਾਉਂ ਪਾਣੀ ਖੜ੍ਹਾ ਹੈ। ਮੈਨੂੰ ਬਗੈਰ ਦੱਸੇ ਨੌਕਰਾਂ ਨੂੰ ਲੈ ਜਾਣਾ ਬਾਲਟੀਆਂ ਲੈ ਕੇ ਕਹਿਣਾ ਕੱਢੋ ਪਾਣੀ ਇਹਦਾ। ਪਾਣੀ ਨਹੀਂ ਸੀ ਖੜ੍ਹਨ ਦਿੰਦੇ। ਕਹਿੰਦੇ ਸੀ ਖੇਤ 'ਚ ਕਣਕ ਕਮਜ਼ੋਰ ਪੈ ਜਾਊ। ਖੇਤੀ ਵੀ ਅਸੀਂ ਇਸ ਤਰ੍ਹਾਂ ਕਰੀ। ਉਹਦੇ ਵਿਚ ਵੀ ਸਾਰੇ ਹੈਰਾਨ ਸੀ ਕਿ ਨਾਲੇ ਤਾਂ ਸਤਿਸੰਗ ਕਰਦੈ ਤੇ ਨਾਲੇ ਖੇਤੀ ਕਰ ਰਿਹਾ ਉਹ ਵੀ ਉਚ ਦਰਜੇ ਦੀ ਕਰ ਰਿਹਾ ਹੈ। ਉਸ ਤੋਂ ਬਾਅਦ ਮੈਂ ਇਥੇ ਆ ਗਿਆ, ਇਥੇ ਆਏ ਤਾਂ ਪਿੰਡਾਂ 'ਚ ਹਾਲ ਚਾਲ ਦੇਖਿਆ, ਬਹੁਤਾ ਹੀ ਮੰਦਾ ਹਾਲ ਸੀ। ਪੈਸਾ ਮੇਰੇ ਕੋਲ ਬਥੇਰਾ ਸੀ, ਥੋੜ੍ਹਾ ਨਹੀਂ ਸੀ, ਮੈਂ ਕਿਹਾ ਆਪਾਂ ਟਰੱਕ ਲੈ ਲੈਨੇ ਆਂ, ਉਹਦੇ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰ ਲੈਨੇ ਆਂ, ਮੈਂ ਗੁਦਾਮ ਲਏ ਹੋਏ ਨੇ, 65 ਹਜ਼ਾਰ ਰੁਪਿਆ ਮਹੀਨਾ ਕਿਰਾਇਆ ਆਇਆ ਕਰੇਗਾ ਤੇ ਆਪਾਂ ਪ੍ਰਚਾਰ ਕਰੀਏ। ਬਾਕੀ ਬੰਦੇ ਮੈਂ ਤਨਖਾਹ ਤੇ ਰੱਖ ਲਵਾਂਗਾ। ਉਸੇ ਤਰ੍ਹਾਂ ਨਾਲ ਮੈਂ ਕੀਤਾ। ਮੈਨੂੰ ਪਤਾ ਲੱਗ ਗਿਆ ਕਿ ਮੇਰੇ ਤੋਂ ਦੋ ਕੰਮ ਨਹੀਂ ਚਲਣੇ, ਗੁਦਾਮਾਂ ਵਾਲਾ ਨਹੀਂ ਚੱਲਣਾ, ਗੁਦਾਮਾਂ ਵਾਲਾ ਗੌਰਮਿੰਟ ਆਫ਼ ਇੰਡੀਆ ਨੇ ਮਨਜ਼ੂਰ ਕਰ ਦਿਤਾ ਸੀ, ਉਹਦਾ 65 ਹਜ਼ਾਰ ਰੁਪਿਆ ਕਿਰਾਇਆ ਸੀ ਉਨ੍ਹਾਂ ਦਿਨਾਂ ਵਿਚ। 13 ਹਜ਼ਾਰ ਮੈਨੂੰ ਮਿਲਣਾ ਸੀ, 52 ਹਜ਼ਾਰ ਉਨ੍ਹਾਂ ਨੇ ਕਰਜ਼ੇ ਦਾ ਕੱਟਣਾ ਸੀ। ਮੈਂ ਕਿਹਾ ਛੱਡੋ ਪਰ੍ਹੇ ਇਹ ਵੀ ਮੈਨੂੰ ਝੁਰਨਾ ਹੀ ਰਹੇਗਾ, ਮੈਂ ਦਿਨ ਰਾਤ ਇਕ ਕਰਨੈ। ਆਹ ਲੋਕ ਤਾਂ ਬਿਲਕੁਲ ਹੀ ਗਏ ਆਏ। ਉਥੇ ਮੈਂ ਗੁਰੂ ਸਾਹਿਬ ਕੋਲ ਜਾ ਕੇ ਮੈਂ ਜੁੱਤੀਆਂ ਖਾਣੀਐ। ਮੈਨੂੰ ਇਕੱਲੇ ਨੂੰ ਫਿਕਰ ਪਿਆ ਸੀ ਕਿ ਮੇਰੇ ਜੁੱਤੀਆਂ ਪੈਣਗੀਆਂ। ਉਹ ਫਿਕਰ ਕਿਉਂ ਸੀ ਕਿਉਂਕਿ ਮੇਰੇ ਅੰਦਰ ਐਉਂ ਆ ਜਾਂਦਾ ਸੀ ਕਿ ਤੂੰ ਕਰ ਸਕਦੈ। ਤੂੰ ਕਰ ਸਕਦਾ ਸੀ ਤੇ ਤੂੰ ਕਿਉਂ ਨਾ ਕਰਿਆ। ਮੈਂ ਗੁਰੂ ਮਹਾਰਾਜ ਤੋਂ ਡਰਦਾ ਸੀ। ਉਹਦੇ ਨਾਲ ਫੇਰ ਦਿਨ ਰਾਤ ਇਕ ਹੋਇਆ। ਕਾਰ ਮੈਂ ਆਪ ਡਰਾਈਵ ਕਰਦਾ ਸੀ ਜਾਂ ਜੀਪ ਡਰਾਈਵ ਕਰਦਾ ਸੀ। ਰਾਤ ਨੂੰ ਇਕ ਵਜੇ ਆਉਣਾ। ਮੈਨੂੰ ਕਈਆਂ ਨੇ ਕਿਹਾ ਕਿ ਤੁਹਾਨੂੰ ਤਿੰਨ-ਚਾਰ ਘੰਟੇ ਕੀਰਤਨ ਕਰਦਿਆਂ ਨੂੰ ਹੋ ਗਏ, ਤੁਸੀਂ ਹੁਣ ਕਾਰ ਚਲਾਓਂਗੇ ਜਾਂ ਜੀਪ ਚਲਾਓਂਗੇ। ਇਹ ਤੁਸੀਂ ਆਪਣੇ ਆਪ ਨੂੰ ਬਹੁਤ ਹੀ ਦੇਖ ਦੇ ਰਹੇ ਹੋ। ਮੈਂ ਹੱਸ ਪਿਆ ਮੈਂ ਕਿਹਾ ਕੋਈ ਨਾ ਜੇ ਲੇਖੇ 'ਚ ਲਗ ਜਾਏ ਦੇਹੀ ਏਸੇ ਤਰ੍ਹਾਂ ਚੰਗਾ ਹੀ ਹੈ। ਸੋ ਉਹਦਾ ਨਤੀਜਾ ਹੋਇਆ ਕਿ ਅੱਜ ਤੁਸੀਂ ਮੈਨੂੰ ਕਿੰਨਾ ਪਿਆਰ ਦਿਤਾ ਹੈ। ਕਿੰਨਾ ਤੁਹਾਡੇ ਅੰਦਰ ਸਿੱਖੀ ਦਾ ਜਜ਼ਬਾ ਹੈ, ਕਿੰਨਾ ਜਿਗਰਾ ਹੈ। ਇਕ ਆਦਮੀ ਉਠਣ ਨੂੰ ਵੀ ਤਿਆਰ ਨਹੀਂ, ਲੰਗਰ ਦਾ ਟਾਈਮ ਹੋ ਗਿਆ ਹੈ। ਸੋ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਵੀ ਕਰਦਾ ਹਾਂ, ਮੇਰਾ ਜੀਅ ਨਹੀਂ ਕਰਦਾ ਕਿ ਅਸੀਂ ਚਲੇ ਜਾਈਏ ਪਰ ਜਿਸ ਦਿਨ ਬੁਲਾ ਲਏ ਉਸ ਦਿਨ ਰਹਿਣਾ ਨਹੀਂ ਹੈ। ਉਹ ਬੁਲਾਉਣ ਵਾਲਿਆਂ ਦਾ ਮੈਨੂੰ ਪਤਾ ਹੈ। ਹੁਣ ਸ. ਜਗੀਰ ਸਿੰਘ ਦਾ ਮੈਨੂੰ ਪਤਾ ਹੈ ਕਿ ਜਦੋਂ ਹਜ਼ੂਰ ਸਾਹਿਬ ਅੰਮ੍ਰਿਤ ਛਕਣ ਲੱਗਿਆ ਲਾਈਨ ਵਿਚੋਂ ਉਠਾ ਦਿਤਾ, ਕਹਿੰਦੇ ਉਥੇ ਵਰਿਆਮ ਸਿੰਘ ਭੇਜ ਦਿਤਾ ਉਥੇ ਜਾ ਕੇ ਛਕ ਲੈ। ਜਿੰਨੇ ਮੈਂ ਦੀਵਾਨ ਲਾਏ ਨੇ ਬਾਜ਼ ਬਡਹੇੜੀ ਉਤਰ ਆਇਆ, ਚਾਰ ਦਿਨ ਰਿਹਾ, ਉਸ ਤੋਂ ਬਾਅਦ ਹਮੇਸ਼ਾ ਹੀ ਆਉਂਦਾ ਰਿਹਾ, ਇਥੇ ਵੀ ਆਉਂਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਇਹ ਸਾਰੀ ਸਹਾਇਤਾ ਕੀਤੀ ਹੈ। ਸੋ ਹੁਣ ਮੈਂ ਸਾਰਿਆਂ ਦਾ ਧੰਨਵਾਦ ਕਰਦਾ ਹੋਇਆ ਫਤਹਿ ਬੁਲਾਉਂਦਾ ਹਾਂ।

(*********)

---

(ਪੰਨਾ **28** ਦਾ ਬਾਕੀ)

ਉੱਚੀਆਂ ਅਵਸਥਾ ਵਾਲਾ ਸੀ, ਪਰ ਪਰੇਸ਼ਾਨ ਸੀ ਕਿ ਪਰਮੇਸ਼ਰ ਨਹੀਂ ਮਿਲ ਰਿਹਾ; ਕਰਿਆ ਕੀ ਜਾਵੇ?

ਗੁਰੂ ਦਸ਼ਮੇਸ਼ ਪਾਤਸ਼ਾਹ ਦਾ ਪਤਾ ਲੱਗਿਆ। ਆਪ ਦੀ ਉਮਰ ਉਸ ਵੇਲੇ ਕੋਈ 20 ਜਾਂ 22 ਸਾਲ ਦੇ ਕਰੀਬ ਸੀ ਤੇ ਇਹ ਪਤਾ ਲੱਗਿਆ ਕਿ ਉਹ ਤਾਂ ਪੂਰੇ ਨੇ - ਸੰਸਾਰ ਦੇ ਅੰਦਰ, ਤੇ ਉਨ੍ਹਾਂ ਦੇ ਅੱਗੇ ਸਾਰਾ ਸੰਸਾਰ ਨਿਵਦਾ ਹੈ। ਬਹੁਤ ਜਾਣਕਾਰੀ ਪ੍ਰਾਪਤ ਕਰੀ - ਗੁਰੂ ਦਸ਼ਮੇਸ਼ ਪਿਤਾ ਬਾਰੇ। ਨਿਹਚਾ ਹੋ ਗਿਆ ਕਿ ਉਹ ਤਾਂ ਪੂਰੇ ਨੇ। ਸੋ ਆਪ ਬਹੁਤ ਸਾਰੇ ਮੁਰੀਦ ਲੈ ਕੇ ਪਾਉਂਟਾ ਸਾਹਿਬ ਨੂੰ ਚੱਲ ਪਿਆ। ਗੁਰੂ ਦਸਮੇਸ਼ ਪਾਤਸ਼ਾਹ ਦੇ ਦਰਬਾਰ ਵਿਚ ਆਇਆ। ਕੱਲ ਵਿਆਖਿਆ ਦੇ ਨਾਲ ਇਸ ਗੱਲ ਦੇ ਉਤੇ ਵਿਚਾਰ ਕਰੀ ਸੀ ਕਿ ਉਹ ਗੁਰੂ ਦਸਵੇਂ ਪਾਤਸ਼ਾਹ ਦੇ ਦਰਬਾਰ ਵਿਚ ਪਹੁੰਚਿਆ ਸ਼ਰਧਾ ਦੇ ਨਾਲ, ਲੇਕਿਨ ਥੋੜ੍ਹਾ ਜਿਹਾ ਅਭਿਮਾਨ ਆ ਗਿਆ।

ਜੇ ਅਭਿਮਾਨ ਆ ਜਾਵੇ - ਸੰਗਤ ਵਿਚ ਆ ਕੇ, ਫੇਰ

ਨਹੀਂ ਕੁਛ ਬਣਿਆ ਕਰਦਾ। ਦੇਖੋ, ਮੈਂ ਇਕ ਬੇਨਤੀ ਕਰਦਾ ਹਾਂ ਕਿ ਜਿਹਨੇ ਪੂਰਾ-ਪੂਰਾ ਫਲ ਲੈਣਾ ਹੈ - ਸਤਿਸੰਗਤ ਦਾ, ਕਈ ਕ੍ਰੋੜ ਯੁੱਗਾਂ ਦਾ ਫਲ ਲੈਣਾ ਹੈ; ਉਹ ਇਹ ਹੈ ਕਿ ਚਾਰ ਤਰੀਕੇ ਕਰੇ ਉਹ। ਤੁਸੀਂ ਮਿਹਨਤ ਕਰਦੇ ਹੋ; ਜੇ ਗਲਤ ਮਿਹਨਤ ਕਰੋ, ਸੁੱਕੀ ਜ਼ਮੀਨ ਵਿਚ ਬੀਜ ਪਾ ਦਿਉ ਤਾਂ ਹਰਾ ਨਹੀਂ ਹੋਇਆ ਕਰਦਾ, ਸਿਉਂਕ ਖਾ ਜਾਂਦੀ ਹੈ ਜਾਂ ਗਰਮੀ ਦੇ ਨਾਲ ਝੁਲਸਿਆ ਜਾਂਦਾ ਹੈ। ਵੱਤਰ ਜ਼ਮੀਨ ਦੇ ਵਿਚ ਸਹੀ ਤਰੀਕੇ ਦੇ ਨਾਲ, ਸਹੀ ਡੂੰਘਾਈ ਤੇ, ਸਹੀ ਮੌਸਮ ਵਿਚ ਪਾਇਆ ਹੋਇਆ ਬੀਜ ਫਲਦਾ ਫੂਲਦਾ ਹੈ।

ਇਸੇ ਤਰ੍ਹਾਂ ਦੇ ਨਾਲ ਸੰਗਤ ਤਾਂ ਤੁਸੀਂ ਕਰਦੇ ਹੋ ਲੇਕਿਨ ਚਾਰ ਗੱਲਾਂ ਯਾਦ ਰੱਖੋ। ਪਹਿਲੀ ਤਾਂ ਇਹ ਹੈ ਕਿ ਜਦੋਂ ਸ਼ਰਧਾ ਨਾਲ ਘਰੋਂ ਚੱਲੋਗੇ, ਜਿੰਨਾਂ ਪੈਂਡਾ ਕੱਢੋਗੇ, ਉਹ ਸਾਰਾ ਸਮਾਂ ਦਰਗਾਹ ਦੇ ਵਿਚ - ਗੁਰੂ ਦਸ਼ਮੇਸ਼ ਪਿਤਾ, ਗੁਰੂ ਨਾਨਕ ਸਾਹਿਬ ਦੀ ਦਰਗਾਹ ਵਿਚ ਲੇਖੇ ਵਿਚ ਪੈਣਾ ਸ਼ੁਰੂ ਹੋ ਜਾਂਦਾ ਹੈ। ਓਥੇ, ਕੰਪਿਊਟਰ ਜਿਵੇਂ ਹਾਜ਼ਰੀ ਲਾਉਂਦਾ ਹੈ, ਇਵੇਂ ਹਾਜ਼ਰੀ ਲਗਦੀ ਹੈ ਸਾਡੀ, ਕਿ ਇਨ੍ਹਾਂ ਦੀ ਹਾਜ਼ਰੀ ਦੁਨੀਆਂ ਵਿਚੋਂ ਕੱਟ ਦਿਉ ਤੇ ਇਸ ਜਗ੍ਹਾ ਰੱਬ ਦੇ ਦਰਬਾਰ ਵਿਚ ਲਗਣੀ ਸ਼ੁਰੂ ਹੋ ਜਾਏਗੀ। ਚਾਹੇ ਕੋਈ ਪੈਦਲ ਆਉਂਦਾ ਹੈ, ਚਾਹੇ ਸਵਾਰੀਆਂ ਤੇ ਆਉਂਦਾ ਹੈ, ਪਰ ਉਹਦਾ ਚਿੱਤ ਸਤਿਸੰਗ ਵੱਲ ਹੋਵੇ। ਇਹਤੋਂ ਵੀ ਅਗਾਹਾਂ, ਜਿਹਦੇ ਮਨ ਵਿਚ ਵੀ ਖਿਆਲ ਹੋ ਜਾਵੇ ਕਿ ਮੈਂ ਸਤਿਸੰਗ ਵਿਚ ਜਾਣਾ ਹੈ, ਉਸ ਵੇਲੇ ਤੋਂ ਜਿੰਨੇ ਕੰਮ ਨਿਬੇੜਦਾ ਹੈ, ਉਹ ਸਾਰਾ ਸਮਾਂ ਲੇਖੇ ਵਿਚ ਪੈਣਾ ਸ਼ੁਰੂ ਹੋ ਜਾਂਦਾ ਹੈ। ਕੱਲ੍ਹ ਤੋਂ ਕੰਮ ਨਿਬੇੜਨ ਲੱਗ ਗਿਆ, ਕੱਲ੍ਹ ਤੋਂ ਹੀ ਹਾਜ਼ਰੀ ਦਰਗਾਹ ਵਿਚ ਪੈਣੀ ਸ਼ੁਰੂ ਹੋ ਗਈ ਉਹਦੀ, ਜਿਹਦੇ ਅੰਦਰ ਸ਼ਰਧਾ ਹੈ, ਭਰੋਸਾ ਹੈ, ਯਕੀਨ ਹੈ, ਵਿਸ਼ਵਾਸ਼ ਹੈ।

ਦੂਜੀ ਗੱਲ ਇਹ ਹੈ ਕਿ ਏਥੇ ਆ ਕੇ ਨਮਸ਼ਕਾਰ ਕਰੋ - ਪਿਆਰ ਦੇ ਨਾਲ। ਇਹਦੇ ਨਾਲ ਕੀ ਹੋਏਗਾ? ਪਹਿਲੇ ਤਾਂ ਉਹਦਾ ਮਸਤਕ ਜਦ ਏਥੇ ਨਿਵੇਗਾ, ਉਹਦੇ ਮਾੜੇ ਕਰਮ ਆਪੇ ਟਲ ਜਾਣਗੇ ਤੇ ਚੰਗੇ ਆ ਜਾਣਗੇ, ਆਉਣੇ ਸ਼ੁਰੂ ਹੋ ਜਾਣਗੇ।

ਤੀਸਰੀ ਇਹ ਹੁੰਦੀ ਹੈ ਕਿ ਖਾਲੀ ਹੋ ਕੇ ਆਓ - ਨਿਰ-ਅਭਿਮਾਨ ਹੋ ਕੇ। ਜੇ ਅਭਿਮਾਨ ਦੇ ਨਾਲ ਆਉਗੇ, ਫੇਰ ਲੈਣ-ਦੇਣ ਨੂੰ ਕੁਛ ਨਹੀਂ। ਜੇ ਕੋਈ ਕੁਝ ਬਣ ਕੇ ਆ ਜਾਵੇ ਕਿ ਮੈਂ ਫਲਾਣਾ ਜੀ, ਮੈਂ ਧਿਮਕਾ ਜੀ; ਐਥੇ ਤਾਂ ਗੁਰੂ ਦੇ ਦਰ ਤੇ ਕੋਈ ਕੁਛ ਨਹੀਂ ਹੈ। ਅਸੀਂ ਤਾਂ ਮੰਗਤੇ ਹਾਂ, ਝੋਲੀ ਅੱਡ ਕੇ ਆਉਂਦੇ ਹਾਂ, ਪਾਤਸ਼ਾਹ! ਆਹ ਦੇ ਦੇ, ਆਹ ਦੇ ਦੇ, ਆਹ ਦੇ ਦੇ। ਮਿਲ ਜਾਂਦਾ ਹੈ।

ਇਕ ਵਾਰੀ ਸਾਡਾ ਦੀਵਾਨ ਲੱਗਿਆ ਹੋਇਆ ਸੀ - ਰਤਨਗੜ੍ਹ। ਇਹੀ ਬਚਨ ਮੈਂ ਬੇਨਤੀ ਕਰਦਾ ਸੀ। ਮੈਂ ਕਿਹਾ ਕਿ ਗੁਰੂ ਦੇ ਦਰ ਤੇ ਸਭ ਕੁਝ ਮਿਲ ਜਾਂਦਾ ਹੈ, ਮੰਗ ਲਉ ਕੀ ਲੈਣਾ ਹੈ। ਇਕ ਬੀਬੀ ਨੇ ਮੰਗ ਲਿਆ। ਬਾਕੀਆਂ ਤੋਂ ਤਾਂ ਲੰਘ ਗਈ ਗੱਲ। ਜਦੇ ਹੀ ਸਕਿੰਟ ਹੀ ਹੁੰਦਾ ਹੈ ਉਹ ਗੱਲ ਦਾ। ਉਹ ਕਹਿੰਦੀ, ਮਹਾਰਾਜ! ਮੇਰਾ ਦਮਾ ਹਟ ਜਾਵੇ, ਬਹੁਤ ਦੁਖੀ ਹਾਂ ਦਮੇ ਤੋਂ। ਉਹ ਮਹੀਨੇ ਕੁ ਬਾਅਦ ਆ ਗਈ - ਰੁਮਾਲਾ ਕੋਲ ਹੈ, 51 ਰੁਪਈਏ ਨੇ, ਕਹਿੰਦੀ, ਮੇਰੀ ਅਰਦਾਸ ਕਰਾ ਦਿਉ। ਬੀਬੀ ਨੇ ਅਰਦਾਸ ਲਿਖ ਲਈ। ਕਾਹਦੀ ਅਰਦਾਸ ਹੈ? ਕਹਿੰਦੀ, ਉਥੇ ਦੀਵਾਨ ਵਿਚ ਜਦੋਂ ਤੁਸੀਂ ਇਹ ਕਹਿੰਦੇ ਸੀ ਕਿ ਮੰਗੋ ਕੀ ਮੰਗਦੇ ਓਂ; ਮੈਂ ਮੰਗ ਲਿਆ ਕਿ ਮੇਰਾ ਦਮਾ ਹਟ ਜਾਵੇ। ਮੇਰਾ ਦਮਾ ਹਟ ਗਿਆ - ਬਿਨਾਂ ਦਵਾਈ ਖਾਧੇ। ਸੋ ਮੈਂ ਸੁੱਖਿਆ ਸੀ ਕਿ ਮੈਂ 51 ਰੁਪਈਏ ਤੇ ਇਕ ਰੁਮਾਲਾ ਮਹਾਰਾਜ ਦੇ ਜਾ ਕੇ ਭੇਟਾ ਕਰੂੰ। ਸੋ ਇਹ ਉਹਨੂੰ ਮਿਲਦਾ ਹੈ ਜਿਹੜਾ ਸ਼ਰਧਾ ਦੀ ਝੋਲੀ ਲੈ ਕੇ ਆਉਂਦਾ ਹੈ, ਨਿਮਰਤਾ ਦੇ ਨਾਲ ਆਉਂਦਾ ਹੈ। ਜੇ ਨਿਮਰਤਾ ਨਾ ਹੋਵੇ ਤਾਂ ਇਕ ਦੋਸ਼ ਲਗਦਾ ਹੈ। ਉਹ ਸਮਝ ਲਉ ਕਿਹੜੀ ਗੱਲ ਹੈ -

***ਧਾਰਨਾ - ਬਾਂਸ ਰਹਿ ਗਿਆ ਸੁਗੰਧੀਓਂ ਖਾਲੀ,***
***ਨੇੜੇ ਰਹਿ ਕੇ ਚੰਦਨ ਦੇ - ੨, ੨.***

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥***

***ਅੰਗ - ੧੩੬੫***

ਚੰਦਨ ਕਿਸੇ ਜੰਗਲ ਵਿਚ ਹੋਵੇ, ਸਾਰਾ ਜੰਗਲ ਚੰਦਨ ਬਣ ਜਾਂਦਾ ਹੈ -

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥***

***ਅੰਗ - ੧੩੬੫***

ਲੇਕਿਨ ਇਕ ਦਰਖਤ ਹੈ - ਬਾਂਸ, ਜਿਹਦੇ ਮਨ ਵਿਚ ਹੰਕਾਰ ਹੈ ਤੇ ਅੰਦਰ ਅੱਗ ਭਰੀ ਹੋਈ ਹੈ, ਇਹ ਦੋ ਦੋਸ਼ ਨੇ ਇਹਦੇ ਅੰਦਰ। ਇਹ ਨਿਵਦਾ ਨਹੀਂ ਹੈ ਕਿਉਂਕਿ ਇਹ ਬਡਾਈ ਵਿਚ ਡੁੱਬ ਗਿਆ - 'ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥' ਚੰਦਨ ਦੇ ਨੇੜੇ ਰਹਿ ਕੇ ਵੀ ਬਾਂਸ ਵਿਚੋਂ ਸੁਗੰਧੀ ਨਹੀਂ ਆਉਂਦੀ।

ਸੋ ਨਿਰ-ਅਭਿਮਾਨ ਹੋ ਕੇ ਜਦੋਂ ਨਿਮਰਤਾ ਦੇ ਨਾਲ ਆਉਂਦੇ ਹਾਂ, ਫੇਰ ਸਾਨੂੰ ਫਲ ਪ੍ਰਾਪਤ ਹੋਇਆ ਕਰਦਾ ਹੈ। ਇਸ ਤਰ੍ਹਾਂ ਚਿੱਤ ਦੀ ਇਕਾਗਰਤਾ, ਬਚਨ ਕਮਾਉਣਾ; ਬਚਨਾਂ ਨੂੰ ਪਹਿਲਾਂ ਏਥੇ ਸੁਣੋ, ਫੇਰ ਘਰ ਜਾ ਕੇ ਯਾਦ ਕਰੋ, ਫੇਰ ਪੂਰਾ-ਪੂਰਾ ਫਲ ਪ੍ਰਾਪਤ ਹੁੰਦਾ ਹੈ - ਇਹ ਚੌਥੀ ਗੱਲ ਹੋਇਆ ਕਰਦੀ ਹੈ।

ਸੋ ਬੁੱਧੂਸ਼ਾਹ, ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਕਰਨ ਆ ਰਿਹਾ ਹੈ। ਪੰਜ ਚਾਰ ਸੌ ਮੁਰੀਦ ਨਾਲ ਲੈ ਲਿਆ। ਅਸੂਲ ਇਹ ਹੁੰਦਾ ਹੈ ਕਿ ਜੇ ਸਾਧੂ ਨੂੰ ਮਿਲਣ ਜਾਣਾ ਹੋਵੇ ਤਾਂ ਇਵੇਂ ਜਾਈਦਾ ਹੈ -

# ਜਪਉ ਜਿਨ ਅਰਜੁਨ ਦੇਵ ਗੁਰੂ
# ਫਿਰਿ ਸੰਕਟ ਜੋਨਿ ਗਰਭ ਨ ਆਯਉ

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸੱਚ, ਧਰਮ, ਨਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਆਜ਼ਾਦੀ ਲਈ ਕੀਤਾ ਮਹਾਨ ਬਲੀਦਾਨ ਸੀ। ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੇ ਹਰ ਪ੍ਰਕਾਰ ਦੇ ਸੋਸ਼ਨ ਵਿਰੁੱਧ ਆਵਾਜ਼ ਬੁਲੰਦ ਕੀਤੀ ਤੇ ਸਰਬ ਮਨੁੱਖਤਾ ਨੂੰ ਰੱਬੀ ਪਿਆਰ, ਪਰਸਪਰ ਸੁਹਿਰਦਤਾ ਤੇ ਭਾਈਚਾਰਕ ਸਾਂਝ ਵਿਚ ਰਹਿਣ ਦੀ ਰਹਿਨੁਮਾਈ ਕੀਤੀ। ਸਮਾਜ ਦੀ ਵਰਣਾਂ, ਆਸ਼ਰਮਾਂ ਵਿਚ ਵੰਡ, ਊਚ ਨੀਚ ਦੇ ਵੈਰ ਵਿਰੋਧ ਤੇ ਵਿਤਕਰੇ, ਹਿੰਦੂ ਮੁਸਲਮਾਨਾਂ ਦੀ ਆਪਸੀ ਨਫਰਤ, ਈਰਖਾ ਅਤੇ ਹੁਕਮਰਾਨ ਸ਼੍ਰੇਣੀ ਦੇ ਗਰੀਬ ਜਨਤਾ ਉਪਰ ਜ਼ੁਲਮ ਨੇ ਆਮ ਲੋਕ ਮਨਾਂ ਵਿਚ ਹੀਨ ਭਾਵਨਾਵਾਂ ਪੈਦਾ ਕਰ ਦਿਤੀਆਂ ਸਨ। ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਉਤਰਾਅਧਿਕਾਰੀ ਗੁਰੂ ਸਾਹਿਬਾਨ ਉਚੀ ਸੁਰਤਿ ਦੇ ਮਾਲਕ ਸਨ ਜੋ ਹਰ ਸਮੇਂ ਬ੍ਰਹਮਲੀਨ ਰਹਿੰਦੇ ਸਨ। ਗੁਰੂ ਸਾਹਿਬਾਨ 'ਭਈ ਗਿਲਾਨਿ ਜਗਤ ਵਿਚ' ਨੂੰ ਅੰਤ੍ਰੀਵ ਤੋਂ ਅਨੁਭਵ ਕਰਦੇ ਸਨ ਅਤੇ ਇਸ ਦੇ ਕਲਿਆਣ ਹਿਤ ਉਨ੍ਹਾਂ ਨੇ ਹਰ ਤਰ੍ਹਾਂ ਦੇ ਉਪਰਾਲੇ ਕੀਤੇ। ਪੰਜਵੇਂ ਪਾਤਸ਼ਾਹ ਤਕ ਇਨ੍ਹਾਂ ਉਪਰਾਲਿਆਂ ਨੇ ਇਕ ਲਹਿਰ ਦਾ ਰੂਪ ਧਾਰਨ ਕਰ ਲਿਆ ਸੀ, ਸੱਚ ਧਰਮ, ਨਿਆਂ, ਬਰਾਬਰੀ, ਸ੍ਵੈਮਾਨ ਅਤੇ ਧਾਰਮਿਕ ਨਿਸ਼ਚਿਆਂ ਦੀ ਆਜ਼ਾਦੀ ਦੀ ਲਹਿਰ ਜੋ ਹਰ ਮਨੁੱਖ ਨੂੰ ਬਰਾਬਰ ਦਾ ਮਨੁੱਖ ਮੰਨ ਕੇ ਸ੍ਵੈਮਾਨ ਅਤੇ ਅਣਖ ਨਾਲ ਜੀਉਣ ਦਾ ਹੱਕ ਬਖਸ਼ਦੀ ਸੀ। ਅਮਲੀ ਤੌਰ ਤੇ ਇਸ ਸਾਂਝੀਵਾਲਤਾ ਦੇ ਪ੍ਰਤੀਕ ਸਨ; ਇਕ ਪ੍ਰਮਾਤਮਾ ਦੀ ਭਗਤੀ, ਬਿਨਾਂ ਕਿਸੇ ਵਿਤਕਰੇ ਤੋਂ ਸਭਨਾਂ ਲਈ ਸਾਂਝੀ ਸੰਗਤ, ਸਾਂਝੀ ਪੰਗਤ, ਸਾਂਝਾ ਲੰਗਰ, ਸਾਂਝੇ ਖੂਹ ਅਤੇ ਬਉਲੀਆਂ, ਸਾਂਝੇ ਧਰਮ ਅਸਥਾਨ (ਜਿਵੇਂ ਹਰਿਮੰਦਰ ਸਾਹਿਬ ਦਰਬਾਰ ਸਾਹਿਬ) ਜਿਥੇ ਬਿਨਾਂ ਵਿਤਕਰੇ ਸਭ ਨੂੰ ਜੀ ਆਇਆਂ ਕਿਹਾ ਗਿਆ, ਸਾਂਝਾ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਜਿਸ ਵਿਚ ਹਿੰਦੂ ਭਗਤ, ਮੁਸਲਮਾਨ ਫਕੀਰ ਅਤੇ ਸਿੱਖ ਗੁਰੂ ਸਾਹਿਬਾਨ ਨੇ ਮਿਲ ਕੇ ਇਕ ਪ੍ਰਭੂ ਪਿਆਰ ਦੇ ਸੋਹਿਲੇ ਗਾਇਨ ਕੀਤੇ। ਲੋਕ ਮਨਾਂ ਉਤੇ ਇਸ ਪਿਆਰ ਦੀ ਸਾਂਝ ਪਾਉਂਦੀ ਲਹਿਰ ਦਾ ਬਹੁਤ ਪ੍ਰਭਾਵ ਪਿਆ। ਅਕਬਰ ਵਰਗੇ ਨੇਕ ਬਾਦਸ਼ਾਹਾਂ ਨੂੰ ਇਹ ਚੰਗਾ ਲੱਗਿਆ ਪਰ ਤੁਅੱਸਬੀ ਮੁਲਾਂ ਮੁਲਾਣਿਆਂ ਅਤੇ ਜਹਾਂਗੀਰ ਵਰਗੇ ਤੰਗਦਿਲ ਤੁਅਸਬੀ ਹੁਕਮਰਾਨਾ ਨੂੰ ਇਹ ਲਹਿਰ ਖਤਰਾ ਜਾਪੀ। ਕੂੜ ਨੂੰ ਸੱਚ ਤੋਂ ਸਦਾ ਹੀ ਡਰ ਲਗਦਾ ਹੈ ਕਿਉਂਕਿ ਸੱਚ ਦੇ ਪ੍ਰਗਟਾਅ ਨਾਲ ਕੂੜ ਦੀ ਕੰਧ ਟੁੱਟ ਜਾਂਦੀ ਹੈ, ਅਨ੍ਹੇਰਾ ਚਾਨਣ ਤੋਂ ਸਦਾ ਹੀ ਭੈਭੀਤ ਹੁੰਦਾ ਰਹਿੰਦਾ ਹੈ ਕਿਉਂਕਿ ਚਾਨਣ ਦੇ ਪ੍ਰਕਾਸ਼ ਵਿਚ ਅਨ੍ਹੇਰੇ ਦੀ ਹੋਂਦ ਹੀ ਖਤਮ ਹੋ ਜਾਂਦੀ ਹੈ, (ਕੂੜ ਅਮਾਵਸ ਸੱਚ ਚੰਦਰਮਾ ਦੀਸੈ ਨਾਹੀ ਕਹਿ ਚੜ੍ਹਿਆ) ਅਗਿਆਨਤਾ ਗਿਆਨ ਦਾ ਪਾਸਾਰ ਨਹੀਂ ਚਾਹੁੰਦੀ ਕਿਉਂਕਿ ਅਗਿਆਨਤਾ ਗਿਆਨ ਦੇ ਮੂਹਰੇ ਟਿਕ ਨਹੀਂ ਸਕਦੀ। ਐਸੀ ਦਸ਼ਾ ਹੀ ਮੁਗਲਾਂ ਸਾਮ੍ਹਣੇ ਸਿੱਖ ਲਹਿਰ ਦੀ ਸੀ। ਇਹ ਸ਼ਹਾਦਤ ਗੁਰੂ ਅਰਜਨ ਦੇਵ ਜੀ ਦੀ ਇਕ ਵਿਅਕਤੀ ਦੀ ਸ਼ਹਾਦਤ ਨਹੀਂ ਸੀ ਸਗੋਂ ਨਿਆਂ ਅਤੇ ਨੇਕੀ ਦਾ ਪੈਗਾਮ ਦਿੰਦੀ ਸਿੱਖ ਲਹਿਰ ਨੂੰ ਖਤਮ ਕਰਨ ਦਾ ਕੋਝਾ ਉਪਰਾਲਾ ਸੀ। ਗੁਰੂ ਜੀ ਸ਼ਹੀਦ ਹੋ ਗਏ ਪਰ ਲਹਿਰ ਖਤਮ ਨਾ ਹੋਈ ਸਗੋਂ ਹੋਰ ਮਜ਼ਬੂਤ ਹੋਈ, ਸੰਤ ਸਰੂਪ ਗੁਰਸਿੱਖਾਂ ਨੇ ਸੰਤ-ਸਿਪਾਹੀ ਦਾ ਰੂਪ ਧਾਰ ਲਿਆ, ਪੀਰੀ ਦੇ ਸੰਗ ਮੀਰੀ ਵੀ ਆ ਬਿਰਾਜੀ, ਭਗਤੀ ਤੋਂ ਸ਼ਕਤੀ ਪੈਦਾ ਹੋਈ, ਦੇਗ ਦੇ ਨਾਲ ਤੇਗ ਦਾ ਨਿਰਮਾਣ ਹੋਇਆ ਅਤੇ ਮਨੁੱਖਤਾ ਦੇ ਇਤਿਹਾਸ ਨੇ ਇਕ ਨਵੀਂ ਪੁਲਾਂਘ ਪੁੱਟੀ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ, ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤਿ, ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਦੇ ਗ੍ਰਹਿ 15 ਅਪ੍ਰੈਲ 1563 ਨੂੰ ਗੋਇੰਦਵਾਲ ਵਿਖੇ ਪ੍ਰਕਾਸ਼ਮਾਨ ਹੋਏ। ਗੁਰੂ ਘਰ ਵਿਚ ਪ੍ਰਗਟ ਹੋਣ ਕਾਰਨ ਆਪ ਜੀ ਨੂੰ ਜਨਮ ਤੋਂ ਹੀ ਆਤਮਿਕ ਗੁੜ੍ਹਤੀ ਪ੍ਰਾਪਤ ਸੀ-

***ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥***

***ਪੰਨਾ 1407***

ਗੁਰੂ ਅਮਰਦਾਸ ਜੀ ਨੇ ਅਸੀਸਾਂ ਵੀ ਦਿਤੀਆਂ ਅਤੇ ਭਵਿੱਖ ਬਾਣੀ ਕੀਤੀ, 'ਦੋਹਿਤਾ ਬਾਣੀ ਕਾ ਬੋਹਿਥਾ।' ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀ ਅੰਮ੍ਰਿਤਮਈ ਬਾਣੀ ਇਸ ਭਵਿੱਖ ਬਾਣੀ ਦੇ ਸਹੀ ਹੋਣ ਦਾ ਪ੍ਰਮਾਣ ਹੈ। ਆਪ ਜੀ ਨੂੰ ਹਰ ਪ੍ਰਕਾਰ ਦੀ ਵਿਦਿਆ ਦੇ ਵਿਚ ਨਿਪੁੰਨ ਕਰਨ ਵਿਚ ਆਪ ਜੀ ਦੇ ਨਾਨਾ ਜੀ ਗੁਰੂ ਅਮਰਦਾਸ, ਬਾਬਾ ਬੁੱਢਾ ਜੀ, ਪੰਡਿਤ ਬੇਣੀ ਜੀ, ਬਾਬਾ ਮੋਹਰੀ ਜੀ, ਬਾਬਾ ਮੋਹਨ ਜੀ, ਆਦਿ ਦਾ ਵਿਸ਼ੇਸ਼ ਹੱਥ ਹੈ। ਆਪਜੀ ਚਿਤਰਕਾਰੀ ਅਤੇ ਸ਼ਿਲਪ ਕਲਾ ਵਿਚ ਵੀ ਨਿਪੁੰਨ ਸਨ। ਘੋੜ ਸਵਾਰੀ ਅਤੇ ਨੇਜਾਬਾਜ਼ੀ ਦੇ ਆਪ ਜੀ ਮਾਹਿਰ ਸਨ। ਪਿਤਾ ਗੁਰੂ ਰਾਮਦਾਸ ਜੀ ਦੇ ਬਚਨਾਂ ਦਾ ਪੂਰੀ ਤਰ੍ਹਾਂ ਪਾਲਨ, ਸੇਵਾ ਅਤੇ ਪਰਉਪਕਾਰ ਆਪ ਜੀ ਦੇ ਜੀਵਨ ਦੇ ਅਮਲੀ ਪੱਖ ਸਨ। ਇਨ੍ਹਾਂ ਗੁਣਾਂ ਕਾਰਨ ਹੀ ਜੁਲਾਈ 1581 ਈ. ਨੂੰ ਗੁਰੂ ਰਾਮਦਾਸ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਕੁਝ ਮਹੀਨੇ ਪਹਿਲਾਂ ਹੀ ਆਪ ਜੀ ਨੂੰ ਗੁਰਿਆਈ ਗੱਦੀ ਬਖਸ਼ਿਸ਼ ਕੀਤੀ। ਵੱਡੇ ਭਰਾ ਪ੍ਰਿਥੀਚੰਦ ਨੇ ਆਪਣਾ ਹੱਕ ਜਿਤਲਾਇਆ, ਵਿਰੋਧ ਵੀ ਕੀਤਾ ਪਰ ਗੁਰੂ ਅਰਜਨ ਦੇਵ ਜੀ ਦੀ ਸਹਿਨਸ਼ੀਲਤਾ, ਸਬਰ ਅਤੇ ਸੁਹਿਰਦਤਾ ਅੱਗੇ ਉਸ ਦੀ ਪੇਸ਼ ਨਾ ਗਈ। ਪਿਤਾ ਗੁਰੂ ਨੇ ਪੁਤਰਾਂ ਨੂੰ ਗੁਰਗੱਦੀ ਦੀਆਂ ਜ਼ਿੰਮੇਵਾਰੀਆਂ ਅਤੇ ਵਡਿਆਈਆਂ ਦੱਸੀਆਂ ਅਤੇ ਇਸ ਪ੍ਰਤੀ ਇਕ ਸ਼ਬਦ ਵਿਚ ਫੁਰਮਾਨ ਵੀ ਕੀਤਾ -

*ਕਾਹੇ ਪੂਤ ਝਗਰਤ ਹਉ ਸੰਗਿ ਬਾਪ॥*
*ਜਿਨ ਕੇ ਜਣੇ ਬਡੀਰੇ ਤੁਮ ਹਉ*
*ਤਿਨ ਸਿਉ ਝਗਰਤ ਪਾਪ॥ ਪੰਨਾ - 1200*

ਪਹਿਲੀ ਸਤੰਬਰ 1581 ਨੂੰ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਗਏ ਅਤੇ ਦਸਤਾਰ ਬੰਦੀ ਉਪਰੰਤ ਆਪ ਜੀ ਅੰਮ੍ਰਿਤਸਰ ਆ ਗਏ ਅਤੇ ਸਾਰੀਆਂ ਜ਼ਿੰਮੇਵਾਰੀਆਂ ਸੰਭਾਲ ਲਈਆਂ। ਪ੍ਰਿਥੀਚੰਦ ਦੀ ਮੁਖਾਲਫਤ ਦੇ ਬਾਵਜੂਦ ਸਿੱਖ ਸੰਗਤਾਂ ਨੇ ਆਪ ਜੀ ਦੇ ਪਰਉਪਕਾਰੀ ਕਾਰਜਾਂ ਵਿਚ ਵੱਧ ਚੜ੍ਹ ਕੇ ਸਾਥ ਦਿਤਾ। ਸਿੱਖਾਂ ਵਿਚ ਸੇਵਾ ਦਾ ਉਤਸ਼ਾਹ ਜਗਾਉਣ ਲਈ ਆਪ ਜੀ ਨੇ 1586 ਵਿਚ ਸੰਤੋਖਸਰ ਦੀ ਸੇਵਾ ਅਰੰਭ ਕਰ ਦਿਤੀ। 3 ਜਨਵਰੀ 1588 ਈ. ਨੂੰ ਹਜ਼ਰਤ ਮੀਆਂ ਮੀਰ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ ਅਤੇ ਸੇਵਾ ਅਰੰਭ ਕਰ ਦਿਤੀ। ਇਸ ਨਾਲ ਮੁਸਲਮਾਨ ਭਾਈਚਾਰੇ ਵਿਚ ਵੀ ਗੁਰੂ ਜੀ ਪ੍ਰਤੀ ਪਿਆਰ ਅਤੇ ਸਾਂਝੀਵਾਲਤਾ ਦੀ ਭਾਵਨਾ ਪੈਦਾ ਹੋਈ। ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰੱਖੇ ਗਏ ਤਾਕਿ ਹਰ ਦਿਸ਼ਾ ਤੋਂ, ਹਰ ਮਜ਼ਬ, ਹਰ ਪਦਵੀ ਦਾ ਪ੍ਰਾਣੀ ਆ ਕੇ ਹਰਿਮੰਦਰ ਸਾਹਿਬ ਵਿਚ ਪ੍ਰਭੂ-ਪਿਆਰ ਦਾ ਭਾਗੀ ਬਣ ਸਕੇ। ਹਰਿਮੰਦਰ ਦੀ ਸਥਾਪਨਾ ਸਰਬ ਸਾਝੀਵਾਲਤਾ ਦੀ ਲਿਖਾਇਕ ਹੈ।

ਗੁਰੂ ਜੀ ਨੇ ਇਰਦ ਗਿਰਦ ਦੇ ਇਲਾਕਿਆਂ ਦਾ ਦੌਰਾ ਕੀਤਾ ਤੇ ਮਹਿਸੂਸ ਕੀਤਾ ਕਿ ਤਰਨ ਤਾਰਨ ਦੇ ਇਲਾਕੇ ਵਿਚ ਸਖੀਸਰਵਰਾਂ ਦਾ ਪ੍ਰਚਾਰ ਜੋਰਾਂ ਤੇ ਹੈ। ਜਾਤ ਪਾਤ ਦੇ ਬੰਧਨਾਂ ਵਿਚ ਜਕੜੇ ਵਿਸ਼ੇਸ਼ ਤੌਰ ਤੇ ਨੀਵੀਂ ਜਾਤਾਂ ਦੇ ਹਿੰਦੂ ਲੋਕ ਉਚੀ ਜਾਤਾਂ ਦੀ ਬਦਸਲੂਕੀ ਤੋਂ ਤੰਗ ਸਨ ਅਤੇ ਇਸ ਦੇ ਨਾਲ ਹੀ ਹਕੂਮਤ ਵਲੋਂ ਇਸਲਾਮ ਧਾਰਨ ਕਰਨ ਵਾਲਿਆਂ ਨੂੰ ਕਈ ਲਾਲਚ ਵੀ ਦਿਤੇ ਜਾਂਦੇ ਸਨ। ਸਖੀ ਸਰਵਰ ਲਹਿਰ ਨੂੰ ਠਲ੍ਹ ਪਾਉਣ ਲਈ ਆਪ ਜੀ ਨੇ 1590 ਈ. ਵਿਚ ਇਕ ਨਵੇਂ ਨਗਰ 'ਤਰਨਤਾਰਨ ਸਾਹਿਬ' ਦੀ ਨੀਂਹ ਰੱਖੀ ਅਤੇ ਲਾਗਲੇ ਇਲਾਕੇ ਖਡੂਰ, ਗੋਇੰਦਵਾਲ, ਸਰਹਾਲੀ ਅਤੇ ਖਾਨਪੁਰ ਆਦਿ ਤੋਂ ਬਹੁਤ ਲੋਕ ਪ੍ਰੇਰਤ ਹੋ ਕੇ ਗੁਰੂ ਘਰ ਨਾਲ ਆ ਜੁੜੇ। ਤਰਨ ਤਾਰਨ ਹੀ ਸੇਵਾ ਦੇ ਪੁੰਜ ਗੁਰੂ ਜੀ ਨੇ ਕੋਹੜੀ ਘਰ ਬਣਾਇਆ ਜਿਥੇ ਗੁਰੂ ਜੀ ਖੁਦ ਬੀਮਾਰ ਕੋਹੜੀਆਂ ਦਾ ਦਵਾ ਦਾਰੂ ਕਰਦੇ ਰਹੇ। ਸੇਵਾ ਦਾ ਇਹ ਕੇਂਦਰ ਸਥਾਪਤ ਕਰਨ ਉਪਰੰਤ ਆਪ ਜੀ ਪ੍ਰਚਾਰ ਕਰਨ ਹਿਤ ਦੁਆਬੇ ਵਲ ਗਏ। ਏਥੇ ਵੀ ਆਮ ਲੋਕ ਹਰ ਤਰ੍ਹਾਂ ਦੇ ਸਮਾਜਿਕ, ਭਾਈਚਾਰਕ ਤੇ ਰਾਜਸੀ ਜ਼ੁਲਮਾਂ ਤੋਂ ਤੰਗ ਆ ਕੇ ਧੜਾ ਧੜ ਇਸਲਾਮ ਧਾਰਨ ਕਰ ਰਹੇ ਸੀ। ਗੁਰੂ ਜੀ ਨੇ ਆਮ ਲੋਕਾਂ ਦੀ ਰਾਹਤ ਹਿਤ ਇਥੇ ਵੀ ਸਿੱਖੀ ਦਾ ਕੇਂਦਰ ਸਥਾਪਤ ਕਰਨ ਲਈ ਕਰਤਾਰਪੁਰ ਦੀ ਨੀਂਹ ਰੱਖੀ, ਮਾਤਾ ਗੰਗਾ ਜੀ ਦੇ ਨਾਮ ਖੂਹ ਲਗਵਾਇਆ। ਇਥੇ ਹੀ ਪ੍ਰਚਾਰ ਦੌਰਾਨ ਸਖੀ ਸਰਵਰਾਂ ਦਾ ਮਹਾਨ ਆਗੂ ਭਾਈ ਮੰਝ ਗੁਰੂ ਜੀ ਦੀ ਸ਼ਰਨ ਆਇਆ ਅਤੇ ਸਿੱਖੀ ਦਾ ਮਹਾਨ ਪ੍ਰਚਾਰਕ ਬਣਿਆ। ਇਕ ਸਾਲ ਦੁਆਬੇ ਵਿਚ ਪ੍ਰਚਾਰ ਕਰਨ ਉਪਰੰਤ ਆਪ ਵਡਾਲੀ ਚਲੇ ਗਏ ਜਿਥੇ 19 ਜੂਨ, 1595 ਵਿਚ (ਗੁਰੂ) ਹਰਿਗੋਬਿੰਦ ਜੀ ਦਾ ਜਨਮ ਹੋਇਆ। ਕੁਝ ਸਮੇਂ ਬਾਅਦ ਪੰਜਾਬ ਵਿਚ ਬਹੁਤ ਵੱਡਾ ਕਾਲ ਪਿਆ। ਆਪ ਜੀ ਨੇ ਥਾਂ ਥਾਂ ਖੂਹ ਪੁਟਵਾਣ ਦੀ ਮੁਹਿੰਮ ਸ਼ੁਰੂ ਕੀਤੀ ਅਤੇ ਲੋੜ ਅਨੁਸਾਰ ਇਕ ਹਰਟੇ, ਦੋ ਹਰਟੇ, ਚਾਰ ਹਰਟੇ ਅਤੇ ਵਡਾਲੀ ਦੇ ਲਾਗੇ ਛੇ ਹਰਟਾ (ਛੇਹਰਟਾ ਸਾਹਿਬ) ਖੂਹ ਲਵਾਇਆ। ਇਥੇ ਆਪ ਜੀ ਨੂੰ ਖਬਰ ਮਿਲੀ ਕਿ ਲਾਹੌਰ ਦੀ ਹਾਲਤ ਬਹੁਤ ਚਿੰਤਾ ਜਨਕ ਹੈ। ਭੁੱਖ ਤੇ ਬੀਮਾਰੀ ਕਾਰਨ ਥਾਂ ਥਾਂ ਮੁਰਦੇ ਸੜ ਰਹੇ ਹਨ, ਉਨ੍ਹਾਂ ਨੂੰ ਦੱਬਣ ਜਾਂ ਸਾੜਨ ਦਾ ਕੋਈ ਪ੍ਰਬੰਧ ਨਹੀਂ। ਸੰਨ 1597 ਈ. ਵਿਚ ਆਪ ਜੀ ਲਾਹੌਰ ਪੁੱਜੇ, ਸੇਵਕਾਂ ਨਾਲ ਰਲ ਕੇ ਸੇਵਾ ਵਿਚ ਜੁਟ ਗਏ, ਸਦਾ ਬਰਤ ਲੰਗਰ ਚਾਲੂ ਕੀਤੇ, ਲੋੜਵੰਦਾਂ ਦੀ ਮਾਇਕ ਸਹਾਇਤਾ ਕੀਤੀ, ਨਿਆਸਰਿਆਂ ਨੂੰ ਟਿਕਾਣਾ ਦੇਣ ਲਈ ਚੂਨਾ ਮੰਡੀ ਵਿਚ ਇਕ ਇਮਾਰਤ ਦਾ ਨਿਰਮਾਣ ਕੀਤਾ। ਡੱਬੀ ਬਜ਼ਾਰ ਵਿਚ ਬਉਲੀ ਸਾਹਿਬ ਬਣਵਾਈ। ਆਪ ਜੀ ਅੱਠ ਮਹੀਨੇ ਲਾਹੌਰ ਰਹੇ ਅਤੇ ਮੁਰਦੇ ਚੁੱਕਣ ਸਾੜਨ ਜਾਂ ਦਬਾਉਣ ਦਾ ਕੰਮ ਹੱਥੀਂ ਕਰਦੇ ਰਹੇ। ਲਾਹੌਰ ਦੇ ਸਮੂੰਹ ਵਾਸੀ ਆਪ ਜੀ ਦੀ ਮਹਾਨ ਸੇਵਾ ਤੋਂ ਬਹੁਤ ਪ੍ਰਭਾਵਤ ਹੋਏ।

ਅਕਬਰ ਵੀ ਜਦੋਂ ਲਾਹੌਰ ਆਇਆ ਤਾਂ ਗੁਰੂ ਜੀ ਦੀ ਅਜ਼ਮਤ ਦੀਆਂ ਵਾਰਦਾਤਾਂ ਸੁਣੀਆਂ, ਬਹੁਤ ਪ੍ਰਭਾਵਤ ਹੋਇਆ ਅਤੇ ਗੋਇੰਦਵਾਲ ਗੁਰੂ ਜੀ ਦੇ ਦਰਸ਼ਨ ਕਰਨ ਲਈ ਉਚੇਚਾ ਆਇਆ। ਉਹ ਗੁਰੂ ਜੀ ਦੇ ਦਰਸ਼ਨਾਂ ਤੋਂ ਬਹੁਤ ਪ੍ਰਭਾਵਤ ਹੋਇਆ, ਜਾਗੀਰ ਲਾਉਣੀ ਚਾਹੀ ਪਰ ਗੁਰੂ ਜੀ ਨੇ ਨਾਂਹ ਕਰ ਦਿਤੀ ਅਤੇ ਪਰਜਾ ਦੇ ਸੁਖ ਲਈ ਮਾਲੀਆ ਘਟਾਉਣ ਲਈ ਕਿਹਾ। ਅਕਬਰ ਨੇ ਉਸੇ ਸਮੇਂ ਛੇਵਾਂ ਹਿੱਸਾ ਮਾਲੀਆ ਘਟਾਉਣ ਦੇ ਹੁਕਮ ਜਾਰੀ ਕਰ ਦਿਤੇ।

ਹਰਿਮੰਦਰ ਸਾਹਿਬ ਦੀ ਸਥਾਪਨਾ ਨਾਲ ਸਿੱਖ ਭਾਈਚਾਰੇ ਨੂੰ ਇਕ ਸਾਂਝਾ ਧਰਮ ਅਸਥਾਨ ਪ੍ਰਾਪਤ ਹੋਇਆ। ਹੁਣ ਗੁਰੂ ਮਹਾਰਾਜ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਨ ਦਾ ਸੰਕਲਪ ਲਿਆ ਅਤੇ 1601 ਤੋਂ 1604 ਤਕ ਤਿੰਨ ਸਾਲ ਦੀ ਕਰੜੀ ਘਾਲਣਾ, ਦੂਰ ਦ੍ਰਿਸ਼ਟਤਾ ਅਤੇ ਰੂਹਾਨੀ ਅਨੁਭਵ ਤੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਜਿਸ ਵਿਚ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਵੱਖ ਵੱਖ ਜਾਤੀਆਂ ਅਤੇ ਵੱਖ ਵੱਖ ਇਲਾਕਿਆਂ ਦੇ ਪੰਦਰਾਂ ਸੰਤਾਂ ਭਗਤਾਂ, 11 ਭੱਟ ਆਚਾਰੀਆਂ ਦੀ ਰੂਹਾਨੀ ਰਹੱਸਵਾਦੀ ਬਾਣੀ ਇਕੱਤਰ ਕਰਕੇ 31 ਰਾਗਾਂ ਵਿਚ ਅਨੂਠੀ ਤਰਤੀਬ ਨਾਲ ਸ਼ਾਮਲ ਕੀਤਾ। ਇਹ ਕਾਰਜ ਭਾਈ ਗੁਰਦਾਸ ਜੀ ਨੇ ਅਤਿ ਸੂਝ, ਲਗਨ ਅਤੇ ਮਿਹਨਤ ਨਾਲ ਆਪਣੇ ਕਰ ਕਮਲਾਂ ਨਾਲ ਸੰਪੰਨ ਕੀਤਾ। ਇਸ ਆਦਿ ਗ੍ਰੰਥ ਬੀੜ ਦਾ ਪਹਿਲਾ

ਪ੍ਰਕਾਸ਼ 14 ਅਗਸਤ 1604 ਨੂੰ ਹਰਿਮੰਦਰ ਸਾਹਿਬ ਕੀਤਾ ਗਿਆ ਅਤੇ ਗੁਰੂ ਜੀ ਨੇ ਫੁਰਮਾਨ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਗੁਰੂ ਦਾ ਰਿਦਾ ਹੈ ਜੋ ਹਰ ਥਾਂ, ਹਰ ਵੇਲੇ ਦੇਖਿਆ ਪੇਖਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬੀੜ ਬਾਬਾ ਬੁੱਢਾ ਜੀ ਰਾਮਸਰ ਤੋਂ ਆਪਣੇ ਸੀਸ ਤੇ ਸਜਾ ਕੇ ਅਤੇ ਗੁਰੂ ਜੀ ਆਪ ਪਿਛੇ ਪਿਛੇ ਚੌਰ ਕਰਦੇ ਹਰਿਮੰਦਰ ਸਾਹਿਬ ਲਿਆਏ। ਹੁਣ ਸਿੱਖ ਕੇਂਦਰ ਦੇ ਨਾਲ ਹੀ ਸਿੱਖਾਂ ਨੂੰ ਰੂਹਾਨੀਅਤ ਦਾ ਅਮੋਲਕ ਖਜ਼ਾਨਾ ਪੂਜਣਯੋਗ ਗ੍ਰੰਥ ਸਾਹਿਬ ਦੀ ਵੀ ਪ੍ਰਾਪਤੀ ਹੋ ਗਈ ਜੋ ਸਿੱਖ ਸੰਗਠਨ ਦੀ ਅਮੋਲਕ ਵਸਤੂ ਸੀ।

ਸਪਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦੇ 43 ਸਾਲ ਦੇ ਸੰਖੇਪ ਜੀਵਨ ਕਾਲ ਵਿਚ ਸਿੱਖ ਲਹਿਰ ਹਰ ਪੱਖੋਂ ਮਜ਼ਬੂਤ ਹੋਈ ਅਤੇ ਗੁਰੂ ਜੀ ਦੀਆਂ ਪਰਉਪਕਾਰੀ ਭਾਵਨਾਵਾਂ, ਸੇਵਾ ਨਿਮਰਤਾ, ਸੁਹਿਰਦਤਾ, ਸਹਿਨਸ਼ੀਲਤਾ ਅਤੇ ਸਰਬ ਮਨੁੱਖਤਾ ਲਈ ਅਥਾਹ ਪਿਆਰ ਨੇ ਲੋਕ ਮਨਾਂ ਨੂੰ ਕੀਲ ਲਿਆ ਅਤੇ ਹਰ ਵਰਗ, ਹਰ ਮਜ਼੍ਹਬ ਤੋਂ ਲੋਕ ਗੁਰੂ ਜੀ ਦੇ ਪਿਆਰ-ਕੇਂਦਰ ਨਾਲ ਆ ਜੁੜੇ। ਭੱਟ ਕਵੀਆਂ ਨੇ ਗੁਰੂ ਜੀ ਦੇ ਅਜਿਹੇ ਗੁਣਾਂ ਨੂੰ ਦੇਖਦਿਆਂ ਅਨੁਭਵ ਕੀਤਾ ਕਿ ਗੁਰੂ ਅਰਜਨ ਦੇਵ ਜੀ ਦੀ ਪਾਤਸ਼ਾਹੀ ਇੰਜ ਹੈ ਜਿਵੇਂ ਰਾਜਾ ਜਨਕ ਮੁੜ ਸੰਸਾਰ ਉਤੇ ਆਇਆ ਹੈ ਜੋ ਰਾਜ ਵਿਚ ਜੋਗ ਕਮਾਉਣ ਦੇ ਅਸੂਲਾਂ ਉਤੇ ਟੁਰਨ ਲਈ ਲੋਕਾਂ ਨੂੰ ਪ੍ਰੇਰਤ ਕਰ ਰਿਹਾ ਹੈ। ਆਪ ਜੀ ਨੇ ਗੁਰੂ ਦੇ ਸ਼ਬਦ ਨੂੰ ਪ੍ਰਗਟ ਕੀਤਾ ਹੈ -

*ਭਗਤਿ ਜੋਗ ਕੌ ਜੈਤਵਾਰੁ*
*ਹਰਿ ਜਨਕੁ ਉਪਾਯਉ ॥*
*ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥*
*ਪੰਨਾ - 1406*

*ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ॥*
*ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ॥*

ਭੱਟ ਕਲ੍ਹਸਹਾਰਾ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸਖਸ਼ੀਅਤ ਦੈਵੀ ਦੇ ਮਾਲਕ (ਬਿਮਲ ਬੁਧਿ), ਜੂਨਾਂ ਤੋਂ ਰਹਿਤ, ਸੁਤੇ ਪ੍ਰਕਾਸ਼, ਹਰੀ ਦਾ ਰੂਪ (ਆਜੋਨੀ ਸੰਭਵਿਅਉ) ਪਰਾਏ ਦੁਖ ਦੂਰ ਕਰਨ ਵਾਲੇ (ਪਰ ਦੁਖ ਨਿਵਾਰ), ਅਪਾਰ ਗਿਆਨ ਦਾ ਭੰਡਾਰ (ਅਪਾਰੁਅਨੰਭਉ) ਭਰਮ ਅਤੇ ਭਟਕਣਾ ਨੂੰ ਦੂਰ ਕਰਨ ਵਾਲੇ (ਭ੍ਰਮੁ ਭ੍ਰਾਂਤਿ ਦਹਣੁ) ਸੀਤਲ ਤੇ ਸੁਖਦਾਤੇ (ਸੀਤਲਨੁ ਸੁਖਦਾਤਉ), ਧਰਮ ਦੇ ਝੰਡੇ ਵਾਲੇ (ਧਰਮ ਧੁਜਾ), ਹਰੀ ਵਰਗੇ ਉਦਾਰਚਿਤ (ਹਰਿ ਸਮ ਉਦਾਰੁ), ਹਉਮੈ ਨੂੰ ਦੂਰ ਕਰਨ ਵਾਲੇ (ਅਹੰਮੇਵ ਨਿਵਾਰਣੁ), ਮਹਾਂਦਾਨੀ (ਮਹਾਦਾਨਿ), ਰਾਜ ਜੋਗੀ (ਰਾਜ ਜੋਗ ਰਸੁ ਜਾਇਅਉ) ਆਤਮਕ ਅਡੋਲਤਾ ਵਿਚ ਪ੍ਰਭੂ ਨਾਲ ਇਕਮਿਕ (ਸਹਜਿ ਜੋਗੁ ਨਿਜੁ ਪਾਇਯਉ - ਭੱਟ ਕਲ੍ਹਸਹਾਰ ਪੰਨਾ 1406-8)

ਇੰਜ ਹੀ ਮਥੁਰਾ ਭੱਟ ਨੇ ਵੀ ਗੁਰੂ ਅਰਜਨ ਦੇਵ ਜੀ ਦੀ ਸੰਗਤ ਮਾਣੀ ਅਤੇ ਉਨ੍ਹਾਂ ਦੀ ਮਨੋਹਰ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ 7 ਸਵੱਯੇ ਉਚਾਰਨ ਕੀਤੇ। ਆਪ ਜੀ ਲਿਖਦੇ ਹਨ ਕਿ ਜਗਤ ਦੇ ਇਸ ਘੋਰ ਹਨ੍ਹੇਰੇ ਵਿਚ ਗੁਰੂ ਅਰਜਨ ਦੇਵ ਜੀ ਤੋਂ ਬਿਨਾਂ ਕੋਈ ਹੋਰ ਰਾਖਾ ਨਹੀਂ ਹੈ। ਪ੍ਰਮਾਤਮਾ ਨੇ ਆਪ ਹੀ ਇਨ੍ਹਾਂ ਨੂੰ ਅਵਤਾਰ ਬਣਾ ਕੇ ਉਜਾਗਰ ਕੀਤਾ ਹੈ। ਜਿਨ੍ਹਾਂ ਨੇ ਗੁਰੂ ਜੀ ਪਾਸੋਂ ਨਾਮ-ਅੰਮ੍ਰਿਤ ਪੀਤਾ ਹੈ ਉਨ੍ਹਾਂ ਦੇ ਕ੍ਰੋੜਾਂ ਦੁਖ ਦੂਰ ਹੋ ਗਏ ਹਨ। ਗੁਰੂ ਅਰਜਨ ਦੇਵ ਪ੍ਰਤੱਖ ਹਰੀ ਰੂਪ ਹਨ, ਪੂਰਨ ਬ੍ਰਹਮਹਰੀ ਦਾ ਉਨ੍ਹਾਂ ਦੇ ਹਿਰਦੇ ਵਿਚ ਨਿਵਾਸ ਹੈ -

*ਜਗ ਅਉਰੁ ਨ ਯਾਹਿ ਮਹਾ ਤਮ ਮੈ*
*ਅਵਤਾਰੁ ਉਜਾਗਰ ਆਨਿ ਕੀਅਉ ।*
*ਤਿਨ ਕੇ ਦੁਖ ਕੋਟਿਕ ਦੂਰਿ ਗਏ*
*ਮਥੁਰਾ ਜਿਨ ਅੰਮ੍ਰਿਤ ਨਾਮੁ ਪੀਅਉ ।*
*ਇਹ ਪਧਤਿ ਤੇ ਮਤ ਚੂਕਹਿ, ਰੇ ਮਨ*
*ਭੇਦ ਬਿਭੇਦੁ ਨ ਜਾਨ ਬੀਅਉ ।*
*ਪਰਤਛਿ ਰਿਦੈ ਗੁਰ ਅਰਜੁਨ ਕੈ*
*ਹਰਿ ਪੂਰਨ ਬ੍ਰਹਮਿ ਨਿਵਾਸ ਲੀਅਉ ।*
*ਪੰਨਾ - 1409*

ਮਥੁਰਾ ਜੀ ਨੂੰ ਹਰ ਥਾਂ ਧਰਤੀ, ਆਕਾਸ਼ ਨੌਂ ਖੰਡਾਂ ਵਿਚ ਗੁਰੂ ਅਰਜਨ ਦੇਵ ਜੀ ਦੀ ਜੋਤਿ ਹੀ ਵਿਆਪਕ ਦਿਸਦੀ ਹੈ-

*ਧਰਨ ਗਗਨ ਨਵਖੰਡ ਮਹਿ*
*ਜੋਤਿ ਸ੍ਵਰੂਪੀ ਰਹਿਓ ਭਰਿ*
*ਭਨਿ ਮਥਰਾ ਕਛੁ ਭੇਦੁ ਨਹੀ*
*ਗੁਰੁ ਅਰਜੁਨ ਪਰਤਖ੍ ਹਰਿ॥*

ਹਰਿਬੰਸ ਭੱਟ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਸਿਰ ਤੇ ਰੱਬੀ ਚਉਰ ਝੁਲ ਰਿਹਾ ਹੈ, ਜੋ ਪ੍ਰਮੇਸੁਰ ਨੇ ਆਪ ਬਖਸ਼ਿਆ ਹੈ -

*ਅਜੈ ਚਵਰੁ ਸਿਰਿ ਢੁਲੈ*
*ਨਾਮੁ ਅੰਮ੍ਰਿਤ ਮੁਖਿ ਲੀਅਉ ॥*
*ਗੁਰ ਅਰਜੁਨ ਸਿਰਿ ਛਤ੍ਰ*
*ਆਪਿ ਪਰਮੇਸਰਿ ਦੀਅਉ ॥ ਪੰਨਾ - 1409*

ਗੁਰੂ ਨਾਨਕ ਦੇਵ ਦੇ ਚਲਾਏ ਮਿਸ਼ਨ ਨੂੰ ਗੁਰੂ ਅਰਜਨ ਦੇਵ ਜੀ ਨੇ ਪੂਰਨ ਵਿਉਂਤ ਬੰਦੀ ਨਾਲ ਸੰਗਠਤ ਕੀਤਾ। ਗੁਰੂ ਰਾਮਦਾਸ ਜੀ ਵਲੋਂ ਚਲਾਏ ਮਸੰਦ ਸਿਸਟਮ ਨੂੰ ਆਪ ਜੀ ਨੇ ਇਕ ਮਜ਼ਬੂਤ ਜਥੇਬੰਦੀ ਦੀ ਤਰਤੀਬ ਦਿਤੀ। ਗੁਰੂ ਘਰ ਨਾਲ ਜੁੜੇ ਸਿੱਖਾਂ ਦਾ ਪਸਾਰਾ ਸਾਰੇ ਹਿੰਦੁਸਤਾਨ ਵਿਚ ਸੀ। ਮਸੰਦਾਂ ਰਾਹੀਂ ਉਨ੍ਹਾਂ ਦਾ ਗੁਰੂ ਘਰ ਨਾਲ ਜੁੜਨਾ ਸਹਿਲ ਹੋ ਗਿਆ। ਉਹ ਸਿੱਖੀ ਦਾ ਪ੍ਰਚਾਰ ਵੀ ਕਰਦੇ ਸਨ ਅਤੇ ਗੁਰੂ ਘਰ ਲਈ ਦਸਵੰਧ ਦੀ ਰਕਮ ਵੀ ਇਕੱਠੀ ਕਰਦੇ ਸਨ ਜੋ ਦੀਵਾਲੀ ਅਤੇ ਵਿਸਾਖੀ ਦੇ ਮੌਕੇ ਗੁਰੂ ਜੀ ਦੀ ਭੇਂਟ ਕਰਦੇ। ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਦੂਰ ਦੂਰ ਤੋਂ ਸਿੱਖ ਪੁੱਜਦੇ ਅਤੇ ਗੁਰਬਾਣੀ ਕੀਰਤਨ ਨਾਲ ਜੁੜਦੇ। ਥੋੜ੍ਹੇ ਸਮੇਂ ਵਿਚ ਹੀ ਅੰਮ੍ਰਿਤਸਰ ਵਪਾਰ ਦਾ ਵੀ

ਕੇਂਦਰ ਬਣ ਗਿਆ। ਗੁਰੂ ਜੀ ਨੇ ਸਿੱਖਾਂ ਨੂੰ ਤਜਾਰਤ ਲਈ ਪ੍ਰੇਰਤ ਕੀਤਾ ਅਤੇ ਹਰ ਤਰ੍ਹਾਂ ਦੀ ਮਦਦ ਵੀ ਕੀਤੀ। ਗੁਰੂ ਕਾਲ ਵਿਚ ਸਿੱਖ ਘੋੜਿਆਂ ਦੀ ਤਜਾਰਤ ਅਤੇ ਸ਼ਾਹੂਕਾਰਾ ਕਾਰਜਾਂ ਵਿਚ ਬਹੁਤ ਪ੍ਰਸਿੱਧ ਹੋਏ। ਗੁਰੂ ਜੀ ਨੇ ਤੁਰਕਸਤਾਨ ਤੱਕ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਲਈ ਭੇਜਿਆ। ਇਸ ਨਾਲ ਸਿੱਖਾਂ ਦੇ ਇਰਾਦੇ ਅਤੇ ਆਚਰਨ ਵਿਚ ਮਜ਼ਬੂਤੀ ਆਈ ਅਤੇ ਸਿੱਖ ਸਿਪਾਹੀਗੀਰੀ ਲਈ ਤਿਆਰ ਹੋਏ। ਸਿੱਖ ਚੰਗੇ ਘੋੜਿਆਂ ਦੀ ਪਰਖ ਅਤੇ ਸ਼ਾਹਸਵਾਰੀ ਲਈ ਪ੍ਰਸਿੱਧ ਸਨ। ਗੁਰੂ ਜੀ ਦੇ ਪਰਉਪਕਾਰੀ ਕਾਰਜ, ਹਰਮਨ ਪਿਆਰਤਾ ਅਤੇ ਸਿੱਖ ਲਹਿਰ ਦੀ ਮਜ਼ਬੂਤੀ ਹੀ ਗੁਰੂ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ ਬਣੀ। ਗੁਰੂ ਅਰਜਨ ਦੇਵ ਜੀ ਨੇ ਇਹ ਪਹਿਲਾਂ ਹੀ ਅਨੁਭਵ ਕਰ ਲਿਆ ਸੀ –

***ਸਾਡਾ ਲਗਣਾ ਹੈ ਸੀਸ ਏਹ ਨਿਸ਼ਚਾ ਆਇਆ॥***

ਸਿੱਖ ਲਹਿਰ ਦੇ ਮੋਢੀ ਗੁਰੂ ਨਾਨਕ ਦੇਵ ਜਨਤਾ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਵਾ ਕੇ ਆਜ਼ਾਦ ਕਰਵਾਉਣਾ ਚਾਹੁੰਦੇ ਸਨ। ਉਨ੍ਹਾਂ ਨੇ 'ਰਾਜੇ ਸ਼ੀਹ ਮੁਕੱਤਮ ਕੁੱਤੇ' ਕਹਿ ਕੇ ਜ਼ੁਲਮ ਕਰਨ ਵਾਲਿਆਂ ਦੀ ਨਖੇਧੀ ਕੀਤੀ। ਬਾਬਰ ਨੇ ਆਪ ਜੀ ਨੂੰ ਬੰਦੀਖਾਨੇ ਪਾਇਆ ਪਰ ਸੱਚ ਦੀ ਆਵਾਜ਼ ਬੰਦ ਨਾ ਹੋਈ। 1530 ਈ. ਵਿਚ ਬਾਬਰ ਚੜ੍ਹਾਈ ਕਰ ਗਿਆ। ਉਪਰੰਤ ਬਾਬਰ ਦਾ ਪੁੱਤਰ ਹਮਾਯੂੰ ਤਖਤ ਤੇ ਬੈਠਿਆ ਜਿਸਨੂੰ ਚੈਨ ਨਾਲ ਰਾਜ ਕਰਨਾ ਨਸੀਬ ਨਹੀਂ ਹੋਇਆ। ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਜਦ ਉਹ ਖਡੂਰ ਸਾਹਿਬ ਕੋਲੋਂ ਲੰਘਿਆਂ ਤਾਂ ਵਿਸ਼ੇਸ਼ ਆਦਰ ਨਾ ਮਿਲਣ ਤੇ ਗੁਰੂ ਅੰਗਦ ਦੇਵ ਜੀ ਵਿਰੁੱਧ ਤਲਵਾਰ ਉਠਾਈ। ਜਦ ਗੁਰੂ ਜੀ ਨੇ ਸ਼ਾਂਤ ਸੁਭਾਅ ਵਿਚ ਖਰੀਆਂ ਖਰੀਆਂ ਸੁਣਾਈਆਂ ਤਾਂ ਚੁੱਪ ਕਰ ਗਿਆ। ਮੁਸੀਬਤ ਵਿਚ ਫਸਿਆ ਗੁਰੂ ਫਕੀਰ ਦੀ 'ਆਹ' ਤੋਂ ਡਰ ਗਿਆ। 1556 ਈ. ਨੂੰ ਅਕਬਰ ਤਖਤ ਤੇ ਬੈਠਿਆ। ਅਕਬਰ ਸੁਲਹ-ਕੁਲ ਸੀ। ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ ਦੇ ਕਾਲ ਵਿਚ ਕਈ ਵਿਰੋਧੀਆਂ ਨੇ ਗੁਰੂ ਘਰ ਵਿਰੁੱਧ ਸ਼ਿਕਾਇਤਾਂ ਕੀਤੀਆਂ ਪਰ ਅਕਬਰ ਨੇ ਹਰ ਵਾਰੀ ਸ਼ਿਕਾਇਤਾਂ ਨੂੰ ਝੂਠਾ ਆਖਿਆ ਅਤੇ ਗੁਰੂ ਜੀ ਦਾ ਪੂਰਾ ਆਦਰਮਾਨ ਕੀਤਾ। ਗੁਰੂ ਅਰਜਨ ਦੇਵ ਜੀ ਅਕਬਰ ਦੇ ਹੁੰਦਿਆਂ ਹੀ 1581 ਈ. ਵਿਚ ਗੁਰਗੱਦੀ ਤੇ ਬੈਠੇ। ਇਸ ਕਾਲ ਵਿਚ ਵੀ ਵਿਰੋਧੀਆਂ ਨੇ ਬਹੁਤ ਸ਼ਿਕਾਇਤਾਂ ਕੀਤੀਆਂ ਪਰ ਅਕਬਰ ਨੇ ਇਕ ਨਾ ਸੁਣੀ। ਅਕਤੂਬਰ 1605 ਵਿਚ ਅਕਬਰ ਚੜ੍ਹਾਈ ਕਰ ਗਿਆ ਅਤੇ ਉਸ ਦਾ ਲੜਕਾ ਜਹਾਂਗੀਰ (ਸਲੀਮ) ਤਖਤ ਤੇ ਬੈਠਾ। ਜਹਾਂਗੀਰ ਨੇ ਗੱਦੀ ਸੰਭਾਲਦਿਆਂ ਹੀ ਗੈਰ ਮੁਸਲਮਾਨਾਂ ਨੂੰ ਕਾਫਰ ਗਰਦਾਨਿਆਂ ਅਤੇ ਉਨ੍ਹਾਂ ਪ੍ਰਤੀ ਸਖਤੀ ਵਰਤਣੀ ਸ਼ੁਰੂ ਕਰ ਦਿਤੀ। ਉਹ ਸਾਫ ਕਹਿੰਦਾ ਸੀ ਕਿ ਅਕਬਰ ਦੀ ਖੁਲ੍ਹ ਦਿਲੀ ਨਾਲ ਇਸਲਾਮ ਦੇ ਪਾਸਾਰ ਨੂੰ ਧੱਕਾ ਲੱਗਿਆ ਹੈ। ਉਹ ਪੱਕਾ ਮੁਤੱਅਸਬੀ ਸੀ। ਉਸ ਨੂੰ ਸਿੱਖ ਲਹਿਰ ਦੀ ਹਰਮਨ ਪਿਆਰਤਾ ਕਦਾਚਿਤ ਪਸੰਦ ਨਹੀਂ ਸੀ। ਉਹ ਇਸਲਾਮ ਲਈ ਅਤੇ ਹਕੂਮਤ ਲਈ ਇਸਨੂੰ ਇਕ ਖਤਰਾ ਮੰਨਦਾ ਸੀ। ਕਨਿੰਘਮ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਗੁਰੂ ਨਾਨਕ ਦੇਵ ਦੇ ਉਪਦੇਸ਼ਾਂ ਨੇ ਜਨਤਾ ਨੂੰ ਹਲੂਣ ਦਿਤਾ ਸੀ ਅਤੇ ਗੁਰੂ ਅਰਜਨ ਦੇਵ ਜੀ ਵੇਲੇ ਗੁਰੂ ਨਾਨਕ ਦੇਵ ਜੀ ਦੇ ਅਸੂਲਾਂ ਨੇ ਸਿੱਖਾਂ ਸੇਵਕਾਂ ਦੇ ਮਨਾਂ ਵਿਚ ਪੱਕੀ ਥਾਂ ਬਣਾ ਲਈ ਸੀ ਅਤੇ ਸਿੱਖਾਂ ਦੀ ਜਥੇਬੰਦੀ ਮਜ਼ਬੂਤ ਹੋ ਚੁੱਕੀ ਸੀ। ਵਧਦੀ ਹੋਈ ਸਿੱਖ ਲਹਿਰ ਜਹਾਂਗੀਰ ਨੂੰ ਚੁਭਦੀ ਸੀ ਅਤੇ ਉਹ ਇਸ ਨੂੰ ਮਿਟਾਉਣ ਦੀਆਂ ਵਿਉਂਤਾਂ ਬਣਾਉਣ ਲੱਗਾ। ਇਸ ਕਾਰਜ ਵਿਚ ਚੰਦੂ ਦੀ ਗੁਰੂ ਘਰ ਪ੍ਰਤੀ ਦੁਸ਼ਮਣੀ ਉਸ ਲਈ ਸਹਾਇਕ ਸਿੱਧ ਹੋਈ। ਚੰਦੂ ਲਾਹੌਰ ਦਾ ਦੀਵਾਨ ਸੀ। ਚੰਦੂ ਨੇ ਭਰੀ ਸੰਗਤ ਵਿਚ ਗੁਰੂ ਘਰ ਦਾ ਨਿਰਾਦਰ ਕੀਤਾ ਸੀ ਇਸ ਲਈ ਗੁਰੂ ਜੀ ਨੇ ਉਸ ਦੀ ਲੜਕੀ ਦਾ ਰਿਸ਼ਤਾ ਆਪਣੇ ਸਾਹਿਬਜ਼ਾਦੇ ਹਰਿਗੋਬਿੰਦ ਸਾਹਿਬ ਨਾਲ ਕਰਨਾ ਅਪ੍ਰਵਾਨ ਕਰ ਦਿਤਾ ਸੀ। ਸਿੱਖ ਸੰਗਤ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਸੀ, ਇਸ ਅਹੰਕਾਰੀ ਦਾ ਰਿਸ਼ਤਾ ਕਬੂਲ ਨਹੀਂ ਕਰਨਾ। ਚੰਦੂ ਗੁਰੂ ਘਰ ਤੋਂ ਬਦਲਾ ਲੈਣ ਲਈ ਮੌਕੇ ਦੀ ਤਲਾਸ਼ ਵਿਚ ਸੀ। ਉਸ ਨੇ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿਤੇ ਕਿ ਗੁਰੂ ਮਹਾਰਾਜ ਬਹੁਤ ਧੰਨ ਮਾਲ ਅਤੇ ਵੱਡੀ ਰਿਆਸਤ ਦੇ ਮਾਲਕ ਹਨ ਅਤੇ ਹਕੂਮਤ ਲਈ ਕਿਸੇ ਸਮੇਂ ਵੀ ਖਤਰਾ ਬਣ ਸਕਦੇ ਹਨ। ਜਹਾਂਗੀਰ ਆਪਣੇ ਮਨ ਦੀ ਹਾਲਤ ਆਪਣੀ ਲਿਖਤ 'ਤੁਜ਼ਕਿ-ਜਹਾਂਗੀਰੀ' ਵਿਚ ਸਪਸ਼ਟ ਕਰਦਾ ਲਿਖਦਾ ਹੈ ਕਿ ਬੜੇ ਸਮੇਂ ਤੋਂ ਮੇਰੀ ਇੱਛਾ ਸੀ ਕਿ ਇਸ ਝੂਠ ਦੀ ਦੁਕਾਨ (ਗੁਰੂ ਘਰ) ਨੂੰ ਸਦਾ ਲਈ ਬੰਦ ਕਰ ਦੇਵਾਂ ਜਾਂ ਉਸ ਨੂੰ ਇਸਲਾਮ ਵਿਚ ਲੈ ਆਵਾਂ। ਜਹਾਂਗੀਰ ਨੂੰ ਚੱਕਣ ਵਿਚ ਨਕਸ਼ਬੰਦੀਆਂ ਨੇ ਵੀ ਪੂਰਾ ਤਾਣ ਲਾਇਆ। ਉਨ੍ਹਾਂ ਦਾ ਆਗੂ ਮੌਲਾਨਾ ਸ਼ੈਖ ਅਹਿਮਦ ਸਰਹੰਦੀ ਆਪਣੇ ਆਪ ਨੂੰ ਮੁਜੱਦਦ ਅਲਫਸਾਨੀ (ਇਸਲਾਮ ਦਾ ਰਾਖਾ) ਕਹਿੰਦਾ ਸੀ। ਉਹ ਖੁਲ੍ਹੇ ਤੌਰ ਤੇ ਕਹਿੰਦਾ ਸੀ ਕਿ ਇਸਲਾਮ ਦੀ ਇੱਜ਼ਤ ਕੁਫਰ ਤੇ ਕਾਫਰਾਂ ਦੀ ਖਵਾਰੀ ਵਿਚ ਹੈ। ਜਹਾਂਗੀਰ ਮੁਰਤਜ਼ਾ ਪੂਰੀ ਤਰ੍ਹਾਂ ਗ੍ਰਿਫਤ ਵਿਚ ਸੀ। ਇਸਨੂੰ ਹੀ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਭੇਜਿਆ ਸੀ। ਇਨ੍ਹਾਂ ਨੂੰ ਤੱਤਕਾਲੀਨ ਬਹਾਨਾ ਵੀ ਮਿਲ ਗਿਆ। ਸਹਿਜ਼ਾਦਾ ਖੁਸਰੋ ਜਹਾਂਗੀਰ ਦਾ ਛੋਟਾ ਪੁੱਤਰ ਸੀ। 1606 ਵਿਚ ਖੁਸਰੋ ਤੇ ਬਗਾਵਤ ਦਾ ਇਲਜ਼ਾਮ ਲਾ ਕੇ ਜਹਾਂਗੀਰ ਨੇ ਉਸ ਦਾ ਪਿਛਾ ਕੀਤਾ। ਖੁਸਰੋ ਪਹਿਲਾਂ ਵੀ ਅਕਬਰ ਦੇ ਨਾਲ ਗੁਰੂ ਘਰ ਦੇ ਦਰਸ਼ਨ ਕਰਨ ਜਾ ਚੁਕਿਆ ਸੀ। ਉਹ ਤਰਨ ਤਾਰਨ ਪੁੱਜਿਆ। ਗੁਰੂ ਘਰ ਸਭ ਲਈ ਖੁਲ੍ਹਾ ਦਰ ਹੈ। ਦੋਖੀਆਂ ਨੂੰ ਮੌਕਾ ਮਿਲ ਗਿਆ। ਗੁਰੂ ਜੀ ਤੇ ਇਲਜ਼ਾਮ ਲਾਇਆ ਗਿਆ

(ਬਾਕੀ ਪੰਨਾ 52 'ਤੇ)

# ਬੰਦਗੀ ਨਾਮਾ

### ਅਰਥਾਤ

### ਸੱਚ ਦੀ ਪ੍ਰਾਪਤੀ ਦੇ ਸਾਧਨ

*ਭਾਈ ਸਾਹਿਬ ਰਘਬੀਰ ਸਿੰਘ 'ਬੀਰ'*

## ਨਾਮ ਜਪਣ ਦੀਆਂ ਤਿੰਨ ਅਵਸਥਾਵਾਂ ਹਨ

## ਪਹਿਲੀ ਅਵਸਥਾ

ਰਸਨਾ ਨਾਲ ਨਾਮ ਜਪਣਾ - ਪਹਿਲੇ ਪਹਿਲ ਨਾਮ ਰਸਨਾ ਨਾਲ ਜਪਣਾ ਚਾਹੀਦਾ ਹੈ। ਜੇਕਰ ਰਸਨਾ ਨਾਲ ਜਪਿਆਂ ਤਬੀਅਤ ਬਿਲਕੁਲ ਨਾ ਠਹਿਰੇ ਤਾਂ ਨਾਮ ਮਾਲਾ ਦੇ ਮਣਕੇ ਫੇਰਨੇ ਚਾਹੀਦੇ ਹਨ, ਇਸ ਤਰ੍ਹਾਂ ਕੁਝ ਬਿਰਤੀ ਮਾਲਾ ਵਿਚ ਤੇ ਕੁਝ ਸਿਮਰਨ ਵਿਚ ਲੱਗ ਜਾਂਦੀ ਹੈ। ਰਸਨਾ ਨਾਲ ਜਪਿਆਂ ਜੇ ਨਿੰਮ੍ਹੀ ਨਿੰਮ੍ਹੀ ਆਵਾਜ਼ ਆਵੇ ਉਸ ਵੱਲ ਖਿਆਲ ਲਗਾਣਾ ਚਾਹੀਦਾ ਹੈ। ਮਨ ਨੂੰ ਬਾਹਰ ਜਾਣ ਤੋਂ ਰੋਕਣਾ ਚਾਹੀਦਾ ਹੈ ਅਤੇ ਜਦ ਜਾਵੇ ਫਿਰ ਮੁੜ ਕੇ ਸਿਮਰਨ ਵਿਚ ਲਿਆਉਣਾ ਚਾਹੀਦਾ ਹੈ।

ਸ਼ੁਰੂ ਵਿਚ ਮਨ ਬੜਾ ਘਬਰਾਂਦਾ ਤੇ ਇਕ ਥਾਂ ਇਸਥਿਤ ਹੋਣ ਤੋਂ ਝਿਜਕੀਆਂ ਲੈਂਦਾ ਹੈ। ਇਸ ਕਸ਼ਮਕਸ਼ ਵਿਚ ਕਈ ਖਿਆਲ ਆਉਣੇ ਸ਼ੁਰੂ ਹੋ ਜਾਂਦੇ ਹਨ। ਮੈਂ ਕੀ ਬਿਖੇੜਾ ਪਾ ਬੈਠਾ ਹਾਂ? ਮੈਂ ਕਿੱਥੇ ਤੋੜ ਅਪੜਨਾ ਹੈ? ਜਦ ਆਲੇ-ਦੁਆਲੇ ਹੋਰ ਕੋਈ ਨਾਮ ਨਹੀਂ ਜਪਦਾ, ਮੈਨੂੰ ਇਸ ਝੰਜਟ ਵਿਚ ਪੈਣ ਦੀ ਕੀ ਲੋੜ ਹੈ? ਇਸ ਤਰ੍ਹਾਂ ਦੇ ਬੜੇ ਦਿਲ ਢਾਹੁੰਣ ਵਾਲੇ ਖਿਆਲ ਦਿਮਾਗ ਵਿਚ ਚੱਕਰ ਲਗਾਂਦੇ ਹਨ, ਇਨ੍ਹਾਂ ਤੋਂ ਬਿਲਕੁਲ ਘਬਰਾਣਾ ਨਹੀਂ ਚਾਹੀਦਾ।

*ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥* *ਅੰਗ - ੧੮੮*

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* *ਅੰਗ - ੧੨*

ਐਸੇ ਗੁਰਵਾਕ ਅੱਖਾਂ ਸਾਮ੍ਹਣੇ ਰੱਖਣੇ ਚਾਹੀਦੇ ਹਨ। ਜਪਣ ਵਾਸਤੇ ਕੋਈ ਲਫਜ਼ ਆਪਣੇ ਧਰਮ, ਨਿਸ਼ਚੇ ਜਾਂ ਗੁਰੁ ਦੇ ਹੁਕਮ ਅਨੁਸਾਰ ਚੁਣਨਾ ਚਾਹੀਦਾ ਹੈ। ਰੱਬ ਦੇ ਜਿਤਨੇ ਨਾਮ ਹਨ, ਸਭ ਉਤਮ ਹਨ।

*ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥* *ਅੰਗ - ੧੧੬੮*
*ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥*
*ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥ ੧ ॥*
*ਓੁਂ ਨਮੋ ਭਗਵੰਤ ਗੁਸਾਈ ॥*
*ਖਾਲਕੁ ਰਵਿ ਰਹਿਆ ਸਰਬ ਠਾਈ ॥ ੧ ॥ ਰਹਾਉ ॥*
*ਜਗੰਨਾਥ ਜਗਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਅਰਾਧੋ ॥*
*ਰਿਖੀਕੇਸ ਗੋਪਾਲ ਗੋੁਵਿੰਦ ॥ ਪੂਰਨ ਸਰਬਤ੍ਰ ਮੁਕੰਦ ॥ ੨ ॥*
*ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕਾਂਬਰ ਸੇਖ ॥*
*ਦਿਲਾ ਕਾ ਮਾਲਕੁ ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕੁ ॥ ੩ ॥*
*ਨਾਰਾਇਣ ਨਰਹਰ ਦਇਆਲ ॥*
*ਰਮਤ ਰਾਮ ਘਟ ਘਟ ਆਧਾਰ ॥*
*ਬਾਸੁਦੇਵ ਬਸਤ ਸਭ ਠਾਇ ॥*
*ਲੀਲਾ ਕਿਛੁ ਲਖੀ ਨ ਜਾਇ ॥ ੪ ॥*
*ਮਿਹਰ ਦਇਆ ਕਰਿ ਕਰਨੈਹਾਰ ॥*
*ਭਗਤਿ ਬੰਦਗੀ ਦੇਹਿ ਸਿਰਜਣਹਾਰ ॥*
*ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥*
*ਅੰਗ - ੮੯੭*

ਪਰ ਮੈਂ 'ਵਾਹਿਗੁਰੂ' ਸ਼ਬਦ ਦਾ ਜਾਪ ਖੁਦ ਕਰਦਾ ਰਿਹਾ ਹਾਂ ਅਤੇ ਸਾਰੇ ਗੁਰਸਿਖਾਂ ਨੂੰ ਏਸੇ ਹੀ ਸ਼ਬਦ ਦੀ ਸਿਫਾਰਸ਼ ਕਰਾਂਗਾ। ਮੇਰੇ ਖਿਆਲ ਵਿਚ ਹੋਰ ਸਾਰੇ ਨਾਮ ਜਿਹਾ ਕਿ - ਰਾਮ, ਓਮ, ਅੱਲਾ, ਗੋਬਿੰਦ, ਮਾਧੋ ਵਗੈਰਾ ਰੱਬ ਦੇ ਕਿਸੇ ਇਕ ਗੁਣ ਨੂੰ ਜ਼ਾਹਿਰ ਕਰਦੇ ਹਨ ਅਤੇ ਅਭਿਆਸੀ ਨੂੰ ਰੱਬ ਦੇ ਸਰਗੁਣ ਅਤੇ ਨਿਰਗੁਣ ਦੋਹਾਂ ਸਰੂਪਾਂ ਦਾ ਗਿਆਨ ਹੋ ਜਾਵੇ, ਤਾਂ ਉਸ ਵੇਲੇ ਰੱਬ ਨੂੰ ਐਸੇ ਸ਼ਬਦ ਨਾਲ ਯਾਦ ਕਰਨਾ, ਜਿਸ ਤੋਂ ਕੇਵਲ ਇਕ ਗੁਣ ਜ਼ਾਹਿਰ ਹੋਵੇ, ਚੰਗਾ ਨਹੀਂ ਲਗਦਾ। ਸਮੁੰਦਰ ਦਾ ਨਾਮ ਪਿਆਲਾ ਰੱਖਣ ਵਾਲੀ ਗੱਲ ਹੈ ਅਤੇ ਬਿਰਤੀ ਵਿਚ ਫਰਕ ਪਾਂਦਾ ਹੈ। ਅਭਿਆਸੀ ਜਦ ਉਚੀ ਦਸ਼ਾ ਵਿਚ ਪਹੁੰਚ ਜਾਵੇ ਅਤੇ ਅਨੁਭਵ ਦੇ ਨੇਤਰਾਂ ਨਾਲ ਸਾਖਸ਼ਾਤ ਨਿਰੰਜਨੀ ਜੋਤ ਦੇ ਦਰਸ਼ਨ ਕਰੇ, ਤਦ ਵਾਹ! ਵਾਹ! ਆਪ ਮੁਹਾਰੇ ਲੂੰ ਲੂੰ ਵਿਚੋਂ ਨਿਕਲਦੀ ਹੈ ਅਤੇ ਵਿਸਮਾਦ ਦੀ ਹਾਲਤ ਪੈਦਾ ਹੋ ਜਾਂਦੀ ਹੈ। ਇਸ ਵਿਸਮਾਦ ਦੀ ਹਾਲਤ ਵਿਚ ਰੱਬ ਗੁਰੂ ਰੂਪ ਨਜ਼ਰ ਆਉਂਦਾ ਹੈ। ਓਦੋਂ ਵਾਹਿਗੁਰੂ ਸ਼ਬਦ ਦੇ ਗੂੜ੍ਹੇ ਅਤੇ ਅੰਤਰੀਵ ਭਾਵ ਦੀ ਸਮਝ ਪੈਂਦੀ ਹੈ। ਰੱਬ ਨੂੰ ਇਕ ਲਫਜ਼ ਵਿਚ ਮੁਕੰਮਲ ਤੌਰ ਤੇ ਬਿਆਨ ਕਰਨ ਲਈ ਸਿਵਾਏ 'ਗੁਰੂ' ਦੇ ਹੋਰ ਕੋਈ ਯੋਗ ਸ਼ਬਦ ਵਰਤਿਆ ਨਹੀਂ ਜਾ ਸਕਦਾ। ਲਫਜ਼ 'ਗੁਰੂ' ਵਿਚ ਰੱਬ ਦੇ ਸਾਰੇ ਸਰਗੁਣ ਅਤੇ ਨਿਰਗੁਣ ਵਾਲੇ ਲੱਛਣ ਆ ਜਾਂਦੇ ਹਨ ਅਤੇ ਇਨ੍ਹਾਂ ਸਿਫਤਾਂ ਤੋਂ ਇਲਾਵਾ ਵੀ ਬਹੁਤ ਕੁਝ ਇਸ ਲਫਜ਼ ਤੋਂ ਬਿਆਨ ਹੁੰਦਾ ਹੈ। ਇਸ ਵਾਸਤੇ ਵਾਹਿਗੁਰੂ ਸ਼ਬਦ ਦੇ ਸਿਮਰਨ ਦਾ ਮੈਂ ਬੜਾ ਹਾਮੀ ਹਾਂ। ਗੁਰੂ ਘਰ ਵਿਚ ਗੁਰੂ ਤੋਂ ਸਿਰਫ ਦੇਹ-ਧਾਰੀ ਗੁਰੂ ਦੀ ਮੁਰਾਦ ਹੀ ਨਹੀਂ ਹੁੰਦੀ ਬਲਕਿ ਈਸ਼ਵਰ ਅਤੇ ਬ੍ਰਹਮ ਵਾਸਤੇ ਵੀ ਇਹ ਲਫਜ਼ ਵਰਤਿਆ ਗਿਆ ਹੈ।

ਕਵੀ ਸੰਤੋਖ ਸਿੰਘ ਜੀ ਤੇ ਹੋਰ ਪੁਰਾਤਨ ਲੇਖਕਾਂ ਨੇ 'ਵਾਹਿਗੁਰੂ' ਪਦ ਪਰ ਮਨੋਹਰ ਵਿਆਖਿਆ ਕੀਤੀਆਂ ਹਨ ਤੇ ਭਾਈ ਗੁਰਦਾਸ ਜੀ ਦੱਸ ਗਏ ਹਨ ਕਿ ਇਹ ਪਦ ਗੁਰੂ ਨਾਨਕ ਦੇਵ ਜੀ ਨੇ ਰਚਿਆ -

*ਵਾਹਿਗੁਰੂ ਸਚ ਮੰਤ੍ਰ ਸੁਣਾਇਆ।*
*ਭਾਈ ਗੁਰਦਾਸ ਜੀ, ਪਉੜੀ ੩*

ਤੇ ਫੇਰ ਦੱਸਿਆ ਹੈ ਕਿ ਇਹ ਨਾਮ ਗੁਰੂ ਮੰਤ੍ਰ ਅਰਥਾਤ ਸ਼ਰੋਮਣੀ ਨਾਮ ਹੈ ਤੇ ਇਸ ਦਾ ਫਲ ਹੈ ਹਉਮੈ ਦੀ ਨਵਿਰਤੀ-

*ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥*
*ਭਾਈ ਗੁਰਦਾਸ ਜੀ ਵਾਰ ੧੩ ਪਉੜੀ ੨*

ਗੁਰਮਤਿ ਅਨੁਸਾਰ ਜਗਤ ਦਾ ਅਸਲ ਗੁਰੂ ਹੈ ਹੀ 'ਵਾਹਿਗੁਰੂ' ਜਿਸ ਦਾ ਕੋਈ ਸਰੀਰ ਨਹੀਂ -

***ਆਦਿ ਅੰਤ ਏਕੈ ਅਵਤਾਰਾ।***
***ਸੋਈ ਗੁਰੂ ਸਮਝਿਯਹੁ ਹਮਾਰਾ।***
***ਨਮਸਕਾਰ ਤਿਸਹੀ ਕੋ ਹਮਾਰੀ।***
***ਸਕਲ ਪ੍ਰਜਾ ਜਿਨ ਆਪ ਸਵਾਰੀ।*** ***ਚੌਪਈ ਸਾਹਿਬ***

***ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥***
***ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥***
***ਅੰਗ - ੭੫੯***

ਗੁਰੂ ਦੀ ਮੂਰਤ - ਪਹਿਲੇ ਪਹਿਲ ਕਈ ਅਭਿਆਸੀ ਵਾਹਿਗੁਰੂ ਸ਼ਬਦ ਦੇ ਨਾਲ ਅੱਖਾਂ ਅੱਗੇ ਗੁਰੂ ਨਾਨਕ ਸਾਹਿਬ ਜਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਾਂ ਕਿਸੇ ਹੋਰ ਅਵਤਾਰ ਦਾ, ਜਾਂ ਕਿਸੇ ਅਸਥੂਲ ਚੀਜ਼ ਦਾ ਧਿਆਨ ਧਰਦੇ ਹਨ, ਪਰ ਅਖੀਰਲੀਆਂ ਅਵਸਥਾਵਾਂ ਵਿਚ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਮੈਂ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਸਾਮ੍ਹਣੇ ਰੱਖ ਕੇ ਸਿਮਰਨ ਕਰਦਾ ਹੁੰਦਾ ਸਾਂ। ਪਹਿਲੇ ਪਹਿਲ ਮਨ ਦੇ ਟਿਕਾਣੇ ਵਿਚ ਇਸ ਜੁਗਤੀ ਨੇ ਬੜੀ ਮਦਦ ਕੀਤੀ, ਮੇਰਾ ਅਭਿਆਸ ਇਤਨਾ ਵਧਿਆ ਕਿ ਸਿਮਰਨ ਵਿਚ ਬੈਠਿਆਂ, ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵਿਚ ਵੇਖਦਿਆਂ ਵੇਖਦਿਆਂ ਬਿਜਲੀ ਚਮਕਣੀ ਸ਼ੁਰੂ ਹੋ ਜਾਵੇ ਅਤੇ ਫਿਰ ਉਸ ਤਸਵੀਰ ਵਿਚ ਜਾਨ ਪੈ ਜਾਵੇ ਅਤੇ ਗੁਰੂ ਨਾਨਕ ਦੇਵ ਜੀ ਸਾਖਸ਼ਾਤ ਬੈਠੇ ਹੋਏ ਦਿਸਣ। ਪਹਿਲੇ ਤਾਂ ਮੇਰੀ ਖੁਸ਼ੀ ਦੀ ਕੋਈ ਹਦ ਨਹੀਂ ਸੀ ਰਹਿੰਦੀ, ਜਦ ਚਾਹਾਂ ਗੁਰਦੇਵ ਦੇ ਇਸ ਤਰ੍ਹਾਂ ਦਰਸ਼ਨ ਕਰ ਲਵਾਂ। ਹੌਲੀ-ਹੌਲੀ ਅਭਿਆਸ ਇਤਨਾ ਪੱਕਾ ਹੋਇਆ ਕਿ ਇਹ ਤਸਵੀਰ ਮੇਰੇ ਹਿਰਦੇ ਵਿਚ ਰਹਿਣ ਲਗ ਗਈ ਅਤੇ ਜਦ ਜੀਅ ਕਰੇ, ਅੱਖਾਂ ਮੀਟ ਕੇ ਦਰਸ਼ਨ ਕਰ ਲਵਾਂ। ਇਸ ਦਸ਼ਾ ਨੂੰ ਮੈਂ ਇਕ ਵਾਰੀ ਕਵਿਤਾ ਵਿਚ ਇਸ ਪ੍ਰਕਾਰ ਬੰਨ੍ਹਿਆ ਸੀ -

***ਪੂਰੇ ਗੁਰਦੇਵ ਤੇਰਾ ਲੈਂਦਿਆਂ ਹੀ ਨਾਮ,***
***ਇਕ ਅੱਖੀਆਂ ਦੇ ਅੱਗੇ ਤਸਵੀਰ ਖਿਚੀ ਜਾਂਵਦੀ।***
***ਮੀਟ ਲਵਾਂ ਅੱਖੀਆਂ ਕਿ ਕਿਤੇ ਨਜ਼ਰ ਲਗ ਜਾਵੇ,***
***ਅੱਖੀਆਂ ਤੋਂ ਲਹਿ ਕੇ ਦਿਲੇ ਵਿਚ ਜਾ ਸਮਾਂਵਦੀ।***
***ਭੁਲ ਗਈਆਂ ਖੇਡਾਂ ਸਾਨੂੰ ਜਦੋਂ ਦੀ ਏ ਖੇਡ ਲਭੀ,***
***ਪਰ ਹਾਂ ਹੈਰਾਨ ਇਕ ਸਮਝ ਨਹੀਂ ਆਂਵਦੀ।***
***ਤੇਰੇ ਜੇਹੇ ਗੁਰੂ ਬੇਪਰਵਾਹ ਸ਼ਹਿਨਸ਼ਾਹ ਤਾਈਂ,***
***ਮੇਰੇ ਦਿਲ ਜੇਹੀ ਤੰਗ ਜਗ੍ਹਾ ਕਿਵੇਂ ਭਾਂਵਦੀ?***

ਇਸ ਦਸ਼ਾ ਵਿਚ ਪਰਪੱਕ ਹੋ ਜਾਣ ਨਾਲ ਰੱਬ ਦੇ ਨਿਰਗੁਣ ਸਰੂਪ ਦਾ ਧਿਆਨ ਧਰਨਾ ਔਖਾ ਹੋ ਜਾਂਦਾ ਹੈ ਅਤੇ ਨਿਰਗੁਣ ਸਰੂਪ ਦੀ ਸਮਝ ਅਤੇ ਇਸ ਵਿਚ ਲੀਨ ਹੋਣਾ ਹੀ ਭਜਨ ਦੀ ਆਖਰੀ ਮੰਜ਼ਿਲ ਹੈ। ਜਦ ਮੈਂ ਨਿਰਗੁਣ ਸਰੂਪ ਦਾ ਧਿਆਨ ਧਰਨਾ ਚਾਹੁੰਦਾ ਸਾਂ, ਤਦ ਮੇਰੇ ਸਾਮ੍ਹਣੇ ਗੁਰੂ ਸਾਹਿਬ ਦੀ ਸ਼ਕਲ ਆ ਜਾਂਦੀ ਸੀ। ਆਖਰਕਾਰ, ਜਿਤਨੇ ਜਤਨ ਨਾਲ ਇਕ ਤਸਵੀਰ ਦੇ ਹੂ-ਬ-ਹੂ ਦਰਸ਼ਨ ਕਰਨ ਦੀ ਦਸ਼ਾ ਪੈਦਾ ਕੀਤੀ ਸੀ, ਉਸ ਤੋਂ ਵੱਧ ਕੋਸ਼ਿਸ਼ ਨਾਲ ਇਸ ਆਦਤ ਨੂੰ ਤੋੜਨਾ ਪਿਆ ਇਸ ਵਾਸਤੇ ਪਹਿਲੇ ਤੋਂ ਹੀ ਨਿਰਗੁਣ ਸਰੂਪ ਦੀ ਪ੍ਰਾਪਤੀ ਦਾ ਨਿਸ਼ਾਨਾ ਸਾਮ੍ਹਣੇ ਰਖਣਾ ਚਾਹੀਏ। ਅਭਿਆਸ ਕੇਵਲ ਸ਼ਬਦ ਸੁਰਤ ਦਾ ਹੀ ਹੋਣਾ ਚਾਹੀਏ। ਜਿਸ ਅੱਖਰ ਦਾ ਜਾਪ ਕਰੀਏ, ਕੇਵਲ ਉਸੇ ਦੇ ਸੁਣਨ ਵਲ ਧਿਆਨ ਲਗਾਣਾ ਚਾਹੀਏ ਅਤੇ ਵਾਹਿਗੁਰੂ ਜੀ ਨੂੰ ਅੰਗ ਸੰਗ ਮਹਿਸੂਸ ਕਰਨਾ ਚਾਹੀਏ।

## ਦੂਜੀ ਅਵਸਥਾ

ਸੁਰਤ ਵਿਚ ਨਾਮ - ਰਸਨਾ ਨਾਲ ਨਾਮ ਜਪਦਿਆਂ ਜਪਦਿਆਂ ਕਦੇ ਕਦੇ ਐਸੀ ਅਵਸਥਾ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ ਕਿ ਰਸਨਾ ਨਾਲ ਨਾਮ ਜਪਣ ਦੀ ਬਜਾਏ ਸੁਰਤ ਵਿਚ ਆਪ ਨਾਮ ਜਪਣਾ ਸ਼ੁਰੂ ਹੋ ਜਾਂਦਾ ਹੈ। ਰਸਨਾ ਬੰਦ ਹੁੰਦੀ ਹੈ ਪਰ ਸੁਰਤ ਵਿਚ (Mentally) ਨਾਮ ਜਪਦੇ ਰਹੀਦਾ ਹੈ। ਇਸ ਹਾਲਤ ਵਿਚ ਬੜੀ ਸ਼ਾਂਤੀ ਤੇ ਸਵਾਦ ਆਉਂਦੇ ਹਨ। ਅਭਿਆਸ ਦੇ ਵਧਣ ਨਾਲ ਹਰ ਵੇਲੇ ਜਾਂ ਜਦ ਚਾਹੋ ਸੁਰਤ ਵਿਚ ਨਾਮ ਦਾ ਜਾਪ ਹੁੰਦਾ ਰਹਿੰਦਾ ਹੈ। ਰਸਨਾ ਖਾਮੋਸ਼ ਹੁੰਦੀ ਹੈ। ਏਥੇ ਸਿਮਰਨ ਦਾ physical Part ਜਾਂ ਜਿਸਮਾਨੀ ਤੁਅੱਲਕ ਖਤਮ ਹੋ ਜਾਂਦਾ ਹੈ ਅਤੇ ਸੁਰਤ ਦਾ ਸਿਮਰਨ (Mental repetition) ਦਿਨ-ਬ-ਦਿਨ ਵਧਦਾ ਜਾਂਦਾ ਹੈ। ਹੁਣ ਸੁਰਤ ਪਕਣੀ ਸ਼ੁਰੂ ਹੋ ਜਾਂਦੀ ਹੈ। ਮਨ ਬਾਹਰਲੀਆਂ ਬਿਰਤੀਆਂ ਤੋਂ ਛੁਟਕਾਰਾ ਪਾ ਕੇ ਆਪਣੀ ਸੁਰਤ ਵਿਚ ਇਕਾਗਰ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨ ਦੀ ਸਾਰੀ ਤਾਕਤ, ਜਿਹੜੀ ਪਹਿਲੇ ਬਾਹਰਲੀਆਂ ਚੀਜ਼ਾਂ ਵਿਚ ਖਿੰਡੀ ਰਹਿੰਦੀ ਸੀ, ਹੁਣ ਸਿਮਰਨ ਦੀ ਨਿੰਮ੍ਹੀ ਨਿੰਮ੍ਹੀ (Mental) ਆਵਾਜ਼ ਵਿਚ ਇਕੱਠੀ ਰਹਿਣੀ ਸ਼ੁਰੂ ਹੋ ਜਾਂਦੀ ਹੈ। ਅਭਿਆਸੀ ਆਪਣੇ ਅੰਦਰ ਸ਼ਾਂਤੀ ਦਾ ਹੜ੍ਹ ਵਗਦਾ ਮਹਿਸੂਸ ਕਰਦਾ ਹੈ, ਤਬੀਅਤ ਟਿਕੀ ਰਹਿੰਦੀ ਹੈ, ਰਸਨਾ ਬੰਦ ਹੁੰਦੀ ਹੈ, ਪਰ ਜਾਪ ਸੁਰਤ ਵਿਚ ਜਾਰੀ ਰਹਿੰਦਾ ਹੈ।

ਗੁਰਬਾਣੀ ਦੇ ਨੇਮੀ ਵੀ ਕਦੀ ਕਦੀ ਇਸ ਅਵਸਥਾ ਦਾ ਗੁਰਬਾਣੀ ਦੇ ਪਾਠ ਨਾਲ ਹੀ ਸਵਾਦ ਰਖ ਲੈਂਦੇ ਹਨ। ਰਸਨਾ ਦੇ ਹਿੱਲਣ ਤੋਂ ਬਗੈਰ ਬਾਣੀ ਸੁਰਤ ਵਿਚ ਪੜ੍ਹੀ ਜਾਂਦੇ ਹਨ, ਪਰ ਨਾਮ ਦੇ ਜ਼ਰੀਏ ਏਸ ਅਵਸਥਾ ਵਿਚ ਪਹੁੰਚਣਾ ਜ਼ਿਆਦਾ ਵਿਗਿਆਨਕ (Scientific) ਅਤੇ ਅਗਲੀਆਂ ਹਾਲਤਾਂ ਵਾਸਤੇ ਜ਼ਿਆਦਾ ਲਾਭਦਾਇਕ ਹੁੰਦਾ ਹੈ। ਮੈਂ ਕਈ ਚੰਗੇ ਮਹਾਤਮਾਵਾਂ ਨੂੰ ਇਸ ਔਕੜ ਵਿਚ ਫਸਿਆ ਦੇਖਿਆ ਹੈ। ਬਾਣੀ ਦਾ ਪਾਠ ਤੇ ਸੁਰਤ ਵਿਚ ਕਰ ਸਕਦੇ ਹਨ ਪਰ ਜਦ ਨਾਮ ਵਿਚ ਬੈਠਦੇ ਹਨ ਤਾਂ ਚਿਤ ਜਲਦੀ ਉਚਾਟ ਹੋ ਜਾਂਦਾ ਹੈ।

ਸਵਾਸਾਂ ਨਾਲ ਨਾਮ - ਏਸ ਅਵਸਥਾ ਵਿਚ ਜੇ ਸਵਾਸਾਂ ਨਾਲ ਨਾਮ ਜਪਣ ਦੀ ਆਦਤ ਪਾ ਲਈਏ ਤਾਂ ਵੀ ਬੜਾ ਸਵਾਦ ਆਉਂਦਾ ਹੈ। ਸਵਾਸ ਅੰਦਰ ਲੈਣ ਲੱਗੇ 'ਵਾਹ' ਤੇ ਬਾਹਰ ਕੱਢਣ ਲੱਗੇ 'ਗੁਰੂ' ਦਾ ਅਭਿਆਸ ਕੀਤਿਆਂ ਹੌਲੀ-ਹੌਲੀ ਹੁੰਦੇ ਜਾਂਦੇ ਹਨ। ਕਿਸੇ ਵੇਲੇ ਸਵਾਸ ਆਪੇ-ਬਗੈਰ ਤਕਲੀਫ ਜਾਂ ਕੋਸ਼ਿਸ਼ ਦੇ ਰੁਕ ਰੁਕ ਕੇ ਠਹਿਰ ਠਹਿਰ ਕੇ ਆਉਂਦੇ ਹਨ ਅਤੇ ਰਸ, ਸ਼ਾਂਤੀ ਤੇ ਅਨੰਦ ਦੀਆਂ ਠਾਠਾਂ ਵਜਦੀਆਂ ਹਨ। ਇਹ ਵੀ (Mental repetition) ਹੀ ਹੁੰਦਾ ਹੈ। ਸੁਰਤ ਵਿਚ ਨਾਮ ਜਪਣ ਦੀ ਬਜਾਏ ਸਵਾਸਾਂ ਦੇ ਆਉਣ-ਜਾਣ ਨਾਲ ਨਾਮ ਜਪਦੇ ਰਹੀਦਾ ਹੈ। ਇਹ ਹਾਲਤ ਦੂਜੀ ਅਵਸਥਾ ਦੀ ਹੀ ਹੈ।

## ਤੀਜੀ ਅਵਸਥਾ

ਤੀਜੀ ਅਵਸਥਾ ਦੀਆਂ ਨਿਸ਼ਾਨੀਆਂ - ਨਾਮ ਦੀ ਤੀਜੀ ਅਵਸਥਾ ਬੜੀ ਅਜੀਬ ਹੈ। ਸੁਰਤ ਵਿਚ ਨਾਮ ਜਪਦਿਆਂ ਮਨ ਐਡਾ ਇਕਾਗਰ ਹੋ ਜਾਂਦਾ ਹੈ ਕਿ ਨਾਮ ਜਪਣ ਤੋਂ ਜਿਹੜੀ ਸੁਰਤ ਵਿਚ ਬੇਮਾਮੂਲੀ ਆਵਾਜ਼ ਆਉਂਦੀ ਸੀ, ਉਹ ਕਾਫੀ ਉਚੀ ਭਾਸਦੀ ਹੈ। ਦੁਨੀਆਂ ਦੀਆਂ ਹੋਰ ਸਭ ਅਵਾਜ਼ਾਂ ਆਉਣੀਆਂ ਬੰਦ ਹੋ ਜਾਂਦੀਆ ਹਨ, ਕੇਵਲ ਸਿਮਰਨ ਦੀ ਧੁਨੀ ਹੀ ਸੁਣਾਈ ਦਿੰਦੀ ਹੈ ਅਤੇ ਉਹ ਵੀ ਬੜੀ ਉਚੀ ਉਚੀ ਲਗਦੀ ਹੈ। ਇਸ ਅਵਸਥਾ ਦੀ ਇਹ ਹਾਲਤ ਹੈ ਕਿ ਜੇ ਰੇਲਵੇ ਟਰੇਨ ਵਿਚ ਸਫਰ ਕਰ ਰਹੇ ਹੋਈਏ ਅਤੇ ਗੱਡੀ ਪੂਰੀ ਰਫਤਾਰ ਨਾਲ ਚਲ ਰਹੀ ਹੋਵੇ ਤਾਂ ਅਭਿਆਸ ਵਿਚ ਬੈਠਿਆਂ ਹੋਇਆਂ ਆਪਣੇ ਅੰਦਰਲੇ ਸਿਮਰਨ ਦੀ ਹੀ ਆਵਾਜ਼ ਸੁਣਾਈ ਦਿੰਦੀ ਹੈ। ਰੇਲ ਦੇ ਪਹੀਆਂ ਦੀ ਖੜ ਖੜ ਸੁਣਾਈ ਨਹੀਂ ਦਿੰਦੀ। ਜਦ ਮਨ ਦੀ ਤਾਰ ਜੁੜ ਜਾਵੇ ਤਦ ਸਿਮਰਨ ਦੀ ਆਵਾਜ਼ ਆਉਂਦੀ ਹੈ।

ਸਹਿਜ ਅਵਸਥਾ - ਹੌਲੀ ਹੌਲੀ ਇਹ ਅਵਸਥਾ ਐਸੀ ਵਧਦੀ ਹੈ ਕਿ ਮਨ ਸਿਮਰਨ ਦੀ ਆਵਾਜ਼ ਨੂੰ ਸੁਰਤ ਉਤੇ ਬੋਝ ਸਮਝਦਾ ਹੈ ਅਤੇ ਚਾਹੁੰਦਾ ਹੈ ਕਿ ਇਹ ਬੋਝ ਵੀ ਲੱਥ ਜਾਵੇ। ਸਿਮਰਨ ਬੰਦ ਹੋ ਜਾਂਦਾ ਹੈ ਪਰ ਮਨ ਅਡੋਲ ਇਕ ਤਾਰ ਵਿਚ ਪਰੋਤਾ ਜੁੜਿਆ ਖੜਾ ਰਹਿੰਦਾ ਹੈ। ਹੁਣ ਸਿਮਰਨ ਦੀਆਂ ਜਿਸਮਾਨੀ ਤੇ ਖਿਆਲੀ (Physical Mantal) ਦੋਵੇਂ ਅਵਸਥਾ ਖਤਮ ਹੋ ਚੁਕਦੀਆਂ ਹਨ ਅਤੇ ਮਨ ਅਡੋਲ ਆਪਣੇ ਆਪੇ ਵਿਚ ਟਿਕਿਆ ਰਹਿੰਦਾ ਹੈ। ਇਸਨੂੰ ਨਾਮ ਦੀ ਸਹਿਜ ਅਵਸਥਾ ਵੀ ਆਖਦੇ ਹਨ। ਇਸ ਹਾਲਤ ਦਾ ਅਨੰਦ, ਖੁਸ਼ੀ ਤੇ ਖੇੜਾ ਗਿਆਨ ਤੋਂ ਬਾਹਰ ਹੈ। ਇਸ ਵੇਲੇ ਦਿਲ ਆਖਦਾ ਹੈ -

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥ ਅੰਗ - ੪੫●***

ਨਾਮ ਦੇ ਮਹਾਂ ਰਸ ਦਾ ਸਵਾਦ ਇਸ ਅਵਸਥਾ ਵਿਚ ਆਉਂਦਾ ਹੈ। ਮਨ ਹਰ ਵਕਤ ਮਤਵਾਲਾ ਜਿਹਾ ਹੋਇਆ ਰਹਿੰਦਾ ਹੈ। ਮਨ ਨੂੰ ਆਪਣੇ ਆਪੇ ਵਿਚੋਂ ਸਰੂਰ ਆਉਂਦਾ ਹੈ ਕਿ ਦੁਨਿਆਵੀ ਤਜਰਬੇ ਵਿਚ ਅੱਗੇ ਆਏ ਸਭ ਰਸ ਫਿੱਕੇ ਲਗਦੇ ਹਨ। ਮਨ ਐਸਾ ਮਹਿਸੂਸ ਕਰਦਾ ਹੈ ਜਿਵੇਂ ਉਸਨੂੰ ਕੋਈ ਡਾਢੀ ਦੁਰਲੱਭ ਚੀਜ਼ ਲੱਭ ਪਈ ਹੈ।

ਜਦ ਮਨ ਇਸ ਅਵਸਥਾ ਵਿਚੋਂ ਉਖੜਦਾ ਹੈ, ਫੇਰ ਸੁਰਤ (Mental) ਵਿਚ ਸਿਮਰਨ ਸ਼ੁਰੂ ਹੋ ਜਾਂਦਾ ਹੈ ਅਤੇ ਉਥੋਂ ਫਿਰ ਇਸ ਅਡੋਲ ਸਹਿਜ ਅਵਸਥਾ ਵਿਚ ਪਹੁੰਚ ਜਾਂਦਾ ਹੈ।

**ਪਹਿਲਾ ਟਪਲਾ -** ਮੈਨੂੰ ਪਹਿਲੇ ਪਹਿਲ ਇਸ ਅਵਸਥਾ ਵਿਚ ਪਹੁੰਚ ਕੇ ਬੜਾ ਟਪਲਾ ਲੱਗਾ। ਮੈਂ ਸਮਝਾਂ ਕਿ ਭਾਵੇਂ ਅਨੰਦ ਦੀ ਕੋਈ ਹੱਦ ਨਹੀਂ, ਪਰ ਸਿਮਰਨ ਤਾਂ ਬੰਦ ਹੋ ਗਿਆ ਹੈ, ਇਸ ਵਾਸਤੇ ਏਸ ਅਵਸਥਾ ਵਿਚ ਬਗੈਰ ਸਿਮਰਨ ਦੇ ਬੈਠੇ ਰਹਿਣਾ ਬੰਦਗੀ ਵਿਚ ਸ਼ਾਮਲ ਨਹੀਂ। ਮੈਂ ਬੰਦਗੀ ਨੂੰ ਪਹਿਲੇ ਕੇਵਲ ਰਸਨਾ ਨਾਲ ਨਾਮ ਜਪਣਾ ਹੀ ਸਮਝਦਾ ਸਾਂ, ਫੇਰ ਸੁਰਤ ਵਿਚ ਨਾਮ ਜਪਣ ਨੂੰ ਬੰਦਗੀ ਸਮਝਦਾ ਸਾਂ, ਹੁਣ ਮੈਂ ਆਖਾਂ ਕਿ ਸਿਮਰਨ ਬਿਲਕੁਲ ਬੰਦ ਹੈ, ਇਸ ਵਾਸਤੇ ਅਡੋਲ ਹਾਲਤ ਵਿਚ ਟਿਕੇ ਰਹਿਣਾ ਸ਼ਾਇਦ ਬੰਦਗੀ ਵਿਚ ਦਾਖਲ ਨਹੀਂ, ਐਵੇਂ ਸਮਾਂ ਜ਼ਾਇਆ ਕਰਨਾ ਹੈ। ਕਈ ਸਾਲ ਇਸ ਭਟਕਣ ਵਿਚ ਰਹਿਣ ਮਗਰੋਂ ਆਖਰ ਮੈਂ ਮਹਾਤਮਾ ਨੂੰ ਮਿਲ ਕੇ ਆਪਣਾ ਸ਼ੱਕ ਦੂਰ ਕਰਨ ਦਾ ਯਤਨ ਕੀਤਾ। ਪਹਿਲੇ ਮੈਂ ਸ੍ਰੀ ਮਾਨ ਬਾਬਾ ਅਤਰ ਸਿੰਘ ਜੀ ਮਿਲਿਆ। ਆਪ ਨੇ ਮੇਰੀ ਸਾਰੀ ਅਵਸਥਾ ਸੁਣ ਕੇ ਆਖਿਆ - ਕਾਕਾ, ਇਹ ਅਵਸਥਾ ਤੇਰੀਆਂ ਪਹਿਲੀਆਂ ਅਵਸਥਾਵਾਂ ਨਾਲੋਂ ਵੀ ਉਤਮ ਹੈ, ਸਿਮਰਨ ਦਾ ਮੁਖ ਮੰਤਵ ਹੀ ਇਹ ਅਡੋਲ ਅਵਸਥਾ ਪੈਦਾ ਕਰਨਾ ਹੁੰਦਾ ਹੈ।

ਫਿਰ ਕੁਝ ਸਾਲ ਮਗਰੋਂ ਮੈਂ ਡਾਕਟਰ ਚੰਨਣ ਸਿੰਘ ਜਗਰਾਉਂ ਵਾਲਿਆਂ ਦੀ (ਜੋ ਖੁਦ ਵੀ ਅਭਿਆਸੀ ਪੁਰਸ਼ ਹਨ) ਰਾਹੀਂ ਗੁਰਮੁਖ ਪਿਆਰੇ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਪਾਸ ਪਹੁੰਚਿਆ। ਆਪ ਜੀ ਨੇ ਵੀ ਮੇਰੀ ਕਹਾਣੀ ਸੁਣ ਕੇ ਫੁਰਮਾਇਆ - ਸਿਮਰਨ ਦੀਆਂ ਪਹਿਲੀਆਂ ਅਵਸਥਾਵਾਂ ਵਿਚ ਜੀਭ ਦਾ ਤੇ ਸੁਰਤ ਦਾ ਸਿਮਰਨ ਹੁੰਦਾ ਹੈ ਅਤੇ ਇਸ ਦੇ ਮਗਰੋਂ ਸਿਮਰਨ ਅਡੋਲ-ਪੁਣੇ ਤੇ ਟਿਕਾਉ ਵਿਚ ਹੀ ਹੈ। ਆਪ ਨੇ ਫੁਰਮਾਇਆ - ਜਦ ਜੀਵ ਰਸਨਾ ਜਾਂ ਸੁਰਤ ਨਾਲ ਸਿਮਰਨ ਕਰਦਾ ਹੈ ਤਾਂ ਪ੍ਰਮਾਤਮਾ ਨਾਲੋਂ ਵੱਖ ਹੁੰਦਾ ਹੈ ਅਤੇ ਮਾਲਕ ਦੀ ਅਰਾਧਨਾ ਕਰਦਾ ਹੈ, ਪਰ ਜਿਉਂ-ਜਿਉਂ ਵਾਹਿਗੁਰੂ ਦੇ ਨੇੜੇ ਆਉਂਦਾ ਜਾਂਦਾ ਹੈ, ਤਿਉਂ-ਤਿਉਂ ਸਿਮਰਨ ਬੰਦ ਹੁੰਦਾ ਜਾਂਦਾ ਹੈ ਅਤੇ ਮਿਲਾਪ ਦੀ ਅਵਸਥਾ ਪੈਦਾ ਹੁੰਦੀ ਜਾਂਦੀ ਹੈ, ਮਨ ਰਸ ਵਿਚ ਲੀਨ ਹੋ ਜਾਂਦਾ ਹੈ। ਆਪ ਨੇ ਫੇਰ ਕੁਝ ਚਿਰ ਠਹਿਰ ਕੇ ਫੁਰਮਾਇਆ, ਦੋ ਲੋਹੇ ਦੇ ਟੁਕੜੇ ਪਹਿਲੋਂ ਅਲਹਿਦਾ ਅਲਹਿਦਾ ਹੁੰਦੇ ਹਨ, ਪਰ ਜਦ ਇਕ ਦੂਸਰੇ ਨਾਲ ਜੋੜ ਕੇ ਟਾਂਕਾ ਲਗਾਇਆ ਜਾਵੇ ਤਾਂ ਫਿਰ ਉਹ ਇਕ ਹੋ ਜਾਂਦੇ ਹਨ, ਇਸੇ ਤਰ੍ਹਾਂ ਸਿਮਰਨ ਟਾਂਕਾ ਹੈ, ਜੀਵ ਨੂੰ ਵਾਹਿਗੁਰੂ ਨਾਲ ਜੋੜ ਕੇ ਇਕ ਕਰ ਦਿੰਦਾ ਹੈ, ਇਸ ਦੇ ਮਗਰੋਂ ਆਪ ਨੇ ਅੱਖਾਂ ਮੀਟ ਲਈਆਂ ਅਤੇ ਮੈਂ ਮਹਿਸੂਸ ਕਰ ਰਿਹਾ ਸਾਂ ਕਿ ਹਜ਼ੂਰ ਖੁਦ ਇਸ ਅਵਸਥਾ ਵਿਚ ਚਲੇ ਗਏ ਹਨ। ਜਦ ਆਪ ਨੇ ਅੱਖਾਂ ਖੋਲ੍ਹੀਆਂ ਤਾਂ ਮੈਂ ਹੱਥ ਜੋੜ ਕੇ ਪੁਛਿਆ - ਮਹਾਰਾਜ! ਮਨ ਇਸ ਅਵਸਥਾ ਵਿਚ ਹਰ ਵੇਲੇ ਨਹੀਂ ਰਹਿੰਦਾ, ਇਸਨੂੰ ਹਰ ਵਕਤ ਇਸ ਅਵਸਥਾ ਵਿਚ ਰੱਖਣ ਦਾ ਕੀ ਉਪਾਉ ਹੈ? ਆਪ ਨੇ ਫੁਰਮਾਇਆ ਕਿ ਜਦ ਤਕ ਏਸ ਅਵਸਥਾ ਵਿਚ ਮਨ ਟਿਕੇ, ਟਿਕੇ ਰਹਿਣ ਦੇਣਾ ਚਾਹੀਦਾ ਹੈ, ਜਦ ਇਸ ਅਵਸਥਾ ਤੋਂ ਮਨ ਡਿਗੇ, ਸਿਮਰਨ ਵਿਚ ਪਾ ਦੇਣਾ ਚਾਹੀਦਾ ਹੈ। ਸਿਮਰਨ ਵਿਚੋਂ ਫੇਰ ਇਸ ਅਵਸਥਾ ਵਿਚ ਆਪੇ ਹੀ ਮਨ ਆ ਜਾਵੇਗਾ। ਫੇਰ ਜਦ ਤਕ ਟਿਕੇ, ਟਿਕੇ ਰਹਿਣ ਦੇਣਾ ਚਾਹੀਦਾ ਹੈ, ਇਸੇ ਤਰ੍ਹਾਂ ਦੇ ਅਭਿਆਸ ਨਾਲ ਕੋਈ ਵਕਤ ਆਏਗਾ ਕਿ ਮਨ ਆਪਣੇ ਨਿਜ ਰੂਪ ਵਿਚ ਹੀ ਹਰ ਘੜੀ ਟਿਕਿਆ ਰਹੇਗਾ।

**ਦੂਜਾ ਟਪਲਾ -** ਨਾਮ ਦੀ ਇਸ ਸਹਿਜ ਅਵਸਥਾ ਵਿਚ ਅਭਿਆਸੀ ਨੂੰ ਇਕ ਹੋਰ ਬੜਾ ਟਪਲਾ ਲਗਦਾ ਹੈ। ਇਸ ਅਵਸਥਾ ਵਿਚ ਬੈਠੇ-ਬੈਠੇ ਉਹ ਕਦੀ ਸੁਖ-ਨੀਂਦਰੇ ਦੀ ਅਵਸਥਾ ਵਿਚ, ਜਿਸ ਨੂੰ ਜੋਗੀ ਤਾਂਦਰਾ ਦੀ ਅਵਸਥਾ ਆਖਦੇ ਹਨ, ਚਲਿਆ ਜਾਂਦਾ ਹੈ। ਇਸ ਅਵਸਥਾ ਵਿਚ ਬਗੈਰ ਸੁਪਨੇ ਜਾਂ ਕਿਸੇ ਫੁਰਨੇ ਦੇ ਬੜੀ ਮਿੱਠੀ ਨੀਂਦਰ ਆਉਂਦੀ ਹੈ। ਇਸ ਤੋਂ ਅਭਿਆਸੀ

ਨੂੰ ਖਬਰਦਾਰ ਰਹਿਣਾ ਚਾਹੀਦਾ ਹੈ। ਇਸ ਸੁਖ-ਨੀਂਦਰੇ ਦੀ ਅਵਸਥਾ ਤੋਂ ਬਚ ਕੇ, ਸਾਵਧਾਨ ਰਹਿੰਦੇ ਹੋਏ ਸਹਿਜ-ਨਾਮ ਦੀ ਅਵਸਥਾ ਜਾਂ ਟਿਕਾਓ ਦੀ ਹਾਲਤ ਵਿਚ ਮਨ ਨੂੰ ਰਖਣਾ ਚਾਹੀਦਾ ਹੈ। ਇਸ ਨੀਂਦਰ ਦੀ ਅਵਸਥਾ ਵਿਚ ਅਭਿਆਸੀ ਦੀ ਅਗਲੀ ਤਰੱਕੀ ਬੰਦ ਹੋ ਜਾਂਦੀ ਹੈ ਅਤੇ ਉਹ ਕਈ ਵਾਰੀ ਇਸ ਅਵਸਥਾ ਨੂੰ ਆਖਰੀ ਮੰਜ਼ਿਲ ਸਮਝਣ ਲਗ ਜਾਂਦਾ ਹੈ। ਮੈਂ ਇਸ ਅਵਸਥਾ ਵਿਚ ਬੜਾ ਚਿਰ ਭਟਕਿਆ ਹੋਇਆ ਹਾਂ। ਮੇਰੀ ਆਤਮਾ ਦੀ ਆਵਾਜ਼ ਮੈਨੂੰ ਆਖੇ ਕਿ ਇਹ ਆਖਰੀ ਮੰਜ਼ਿਲ ਨਹੀਂ, ਅਜੇ ਅੱਗੇ ਅਤੇ ਦੂਰ ਚਲਣਾ ਹੈ, ਪਰ ਮੈਨੂੰ ਅੱਗੇ ਵਾਸਤੇ ਕੋਈ ਰਸਤਾ ਨਾ ਲੱਭੇ। ਜਦ ਮਨ ਨੇ ਆ ਕੇ ਇਕਾਗਰ ਹੋਣਾ, ਥੋੜ੍ਹੇ ਸਮੇਂ ਮਗਰੋਂ ਸੁਖ-ਨੀਂਦਰੇ ਦੀ ਅਵਸਥਾ ਛਾ ਜਾਣੀ, ਆਖਰ ਇਕ ਅੰਗਰੇਜ਼ੀ ਦੀ ਕਿਤਾਬ A visit to a Gyani by Edward Carpenter, ਮੈਨੂੰ ਕਬਾੜੀਏ ਦੀ ਦੁਕਾਨ ਤੋਂ ਸੁਤੇ ਸਿਧ ਮਿਲ ਗਈ, ਜਿਸ ਦੇ ਪੜ੍ਹਨ ਨਾਲ ਮੁਦਤਾਂ ਦਾ ਸ਼ੰਕਾ ਨਵਿਰਤ ਹੋਇਆ ਤੇ ਅੱਗੇ ਵਲ ਤਰੱਕੀ ਮੁੜ ਸ਼ੁਰੂ ਹੋਈ। ਇਸ ਕਿਤਾਬ 'ਚ ਇਕ ਥਾਂ ਲਿਖਿਆ ਸੀ -

"Then when success seems to be coming and thought is dwindling, Oblivion the twin foe appears and must also be conquered. For if thought merely gives place to sleep, what is there gained. After months but more probably years of intermitent practice, the power of control grows, curious but distinct psychological changes take place. One day the student finds that Thought has gone, he stands for a moment in Oblivion, then that veil lifts and there streams through his being a vast and illumined consciousness, glorious that fills and overflows him, surrounding him so that he is like a pot in water which has the liquid within and without. In this consciousness there is knowledge but no Thought.

ਉਲਥਾ - ਤਦ ਜਦ ਕਿ ਕਾਮਯਾਬੀ ਆਉਂਦੀ ਖਤਮ ਹੁੰਦੀ ਹੈ ਅਤੇ ਫੁਰਨੇ ਬੰਦ ਹੋਏ ਜਾਪਦੇ ਹਨ, ਬੇਹੋਸ਼ੀ ਦੂਜਾ ਦੁਸ਼ਮਣ ਆਣ ਦਿਖਾਈ ਦਿੰਦੀ ਹੈ। ਇਸ ਨੂੰ ਵੀ ਜਿੱਤਣਾ ਲਾਜ਼ਮੀ ਹੁੰਦਾ ਹੈ ਕਿਉਂਕਿ ਜੇ ਫੁਰਨੇ ਦੀ ਜਗ੍ਹਾ ਕੇਵਲ ਨੀਂਦਰ ਜਾਂ ਬੇਹੋਸ਼ੀ ਹੀ ਮੱਲ ਲਵੇ, ਤਾਂ ਹਾਸਲ ਕੀ ਹੋਇਆ? ਮਹੀਨਿਆਂ, ਬਲਕਿ ਵਰ੍ਹਿਆਂ ਦੇ ਲਗਾਤਾਰ ਅਭਿਆਸ ਨਾਲ ਕਾਬੀ ਦੀ ਸ਼ਕਤੀ ਉਤਪੰਨ ਹੁੰਦੀ ਹੈ, ਤਦ ਅਜੀਬ ਪਰ ਪ੍ਰਤੱਖ ਆਤਮਕ ਤਬਦੀਲੀਆਂ ਵਾਕਿਆ ਹੁੰਦੀਆਂ ਹਨ। ਕਦੀ ਅਭਿਆਸੀ ਦੇਖਦਾ ਹੈ ਕਿ ਫੁਰਨਾ ਮਰ ਗਿਆ ਹੈ, ਕੁਝ ਸਮੇਂ ਲਈ ਅਭਿਆਸੀ ਬੇਹੋਸ਼ੀ ਦੀ ਅਵਸਥਾ ਵਿਚ ਟਿਕਿਆ ਰਹਿੰਦਾ ਹੈ, ਤਦ ਇਹ ਪਰਦਾ ਵੀ ਉਠਦਾ ਹੈ ਅਤੇ ਉਹ ਆਪਣੇ ਸਰੀਰ ਵਿਚ ਅਥਾਹ ਅਨੰਤ, ਰੌਸ਼ਨੀ, ਅਨੁਭਵੀ ਗਿਆਨ ਤੇ ਜਲਾਲ ਠਾਠਾਂ ਮਾਰਦਾ ਪ੍ਰਤੀਤ ਕਰਦਾ ਹੈ, ਜੋ ਕਿ ਉਸ ਦੇ ਅੰਦਰ ਬਾਹਰ ਭਰਪੂਰ ਭਾਸਦਾ ਹੈ। ਉਹ ਆਪਣੇ ਆਪ ਨੂੰ ਇਕ ਪਾਣੀ ਵਿਚ ਪਏ ਘੜੇ ਵਾਂਗ, ਜਿਸ ਦੇ ਅੰਦਰ-ਬਾਹਰ ਚੌਤਰਫੀ ਪਾਣੀ ਹੋਵੇ, ਮਹਿਸੂਸ ਕਰਦਾ ਹੈ। ਇਸ ਅਨੁਭਵੀ ਗਿਆਨ ਵਿਚ ਆਤਮਕ ਹੋਸ਼ ਹੁੰਦੀ ਹੈ, ਫੁਰਨਾ ਨਹੀਂ ਹੁੰਦਾ।

ਇਸੇ ਸਬੰਧ ਵਿਚ ਪਾਂਡੀਚਰੀ ਵਾਲੇ ਸ੍ਰੀ ਅਰਬਿੰਦੋ ਘੋਸ਼ ਦੇ ਆਸ਼ਰਮ ਦੇ ਇੰਚਾਰਜ ਮਾਤਾ ਮੀਰਾ (ਫਰਾਂਸੀਸੀ ਲੇਡੀ ਮੇਰੀ ਰਿਚਰਡ) ਲਿਖਦੇ ਹਨ -

Generally when you have what you call dreamless sleep, it is one of two things, either you do not remember what you dream or you fall into absolute unconciousness which is almost death-a taste of death. But there is the possibility of a sleep in which you enter into an absolute silence immobility and peace in all parts of your being and your conciousness merges into Sachidanda. You can hardly call it sleep, for it is extremely conscious in that condition even if you remain for a few minutes, these few minutes give you more rest and refreshment than hours of ordinary sleep. You cannot have it by chance, it requires a long training.

ਆਮ ਤੌਰ ਤੇ ਜਿਸਨੂੰ ਤੁਸੀਂ ਸੁਫਨੇ-ਰਹਿਤ ਨੀਂਦਰ ਆਖਦੇ ਹੋ, ਉਸ ਵਿਚ ਦੋ ਗੱਲਾਂ ਹੁੰਦੀਆ ਹਨ। ਜਾਂ ਤੇ ਤੁਹਾਨੂੰ ਆਏ ਸੁਫਨੇ ਯਾਦ ਨਹੀਂ ਹੁੰਦੇ ਤੇ ਜਾਂ ਤੁਸੀਂ ਮੌਤ ਬਰਾਬਰ ਘੂਕ ਬੇਹੋਸ਼ੀ ਵਿਚ ਸੌਂ ਰਹੇ ਹੁੰਦੇ ਹੋ। ਐਪਰ ਇਕ ਹੋਰ ਕਿਸਮ ਦੀ ਨੀਂਦਰ ਵੀ ਹੋ ਸਕਦੀ ਹੈ। ਜਦ ਤੁਸੀਂ ਪੂਰਨ ਖਾਮੋਸ਼ੀ, ਅਡੋਲਤਾ ਅਤੇ ਸ਼ਾਂਤੀ ਦੀ ਅਵਸਥਾ ਵਿਚ ਆਪਣੀ ਸੁਰਤ ਨੂੰ ਸਤਿ-ਚਿਤ-ਅਨੰਦ ਪਾਰਬ੍ਰਹਮ ਵਿਚ ਲੀਨ ਕਰ ਦੇਵੋ। ਇਸ ਅਵਸਥਾ ਨੂੰ ਨੀਂਦਰ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਵਿਚ ਚੇਤਨਤਾ ਕਾਇਮ ਰਹਿੰਦੀ ਹੈ। ਇਸ ਅਵਸਥਾ ਵਿਚ ਕੁਝ ਮਿੰਟ ਰਹਿ ਕੇ ਕਈ ਘੰਟਿਆਂ ਦੀ ਨੀਂਦਰ ਨਾਲੋਂ ਵਧੇਰੇ ਆਰਾਮ ਤੇ ਤਾਜ਼ਗੀ ਹਾਸਲ ਹੁੰਦੀ ਹੈ। ਇਹ ਅਵਸਥਾ ਚਾਂਸ ਨਾਲ ਨਹੀਂ, ਮੁਦਤਾਂ ਦੇ ਅਭਿਆਸ ਨਾਲ ਪੈਦਾ ਹੁੰਦੀ ਹੈ।

ਇਸ ਸਹਿਜ ਅਵਸਥਾ ਦਾ ਅਭਿਆਸੀ ਹਰ ਵਕਤ ਇਸੇ ਅਵਸਥਾ ਵਿਚ ਮੁੜ-ਮੁੜ ਪਹੁੰਚਣਾ ਚਾਹੁੰਦਾ ਹੈ, ਪਰ ਆਪਣੀ ਅਵਸਥਾ ਅਤੇ ਦੁਨਿਆਵੀ ਫਰਜ਼ਾਂ ਦਾ ਖਿਆਲ ਰਖਦੇ ਹੋਏ ਇਸ ਅਵਸਥਾ ਨੂੰ ਓਦੋਂ ਹੀ ਵਧਾਣਾ ਚਾਹੀਦਾ ਹੈ ਜਦ ਕਿ ਸਭ ਪਾਸਿਆਂ ਤੋਂ ਇਸ ਅਵਸਥਾ ਦੇ ਯੋਗ ਹੋ ਜਾਈਏ।

ਲਾਲਚ ਬੰਦਗੀ ਵਿਚ ਹੀ ਨਹੀਂ ਕਰਨਾ ਚਾਹੀਦੀ। ਉਤਾਵਲੇ ਵੀ ਨਹੀਂ ਹੋਣਾ ਚਾਹੀਦਾ। ਸਬਰ, ਸ਼ੁਕਰ ਉਤੇ ਸਹਾਰਾ ਰਖਣਾ ਚਾਹੀਦਾ ਹੈ। ਇਹ ਅਵਸਥਾ ਜਲਦੀ ਨਹੀਂ ਪੱਕਦੀ। ਮੈਨੂੰ ਇਹ

ਅਵਸਥਾ ਪਹਿਲੀ ਵੇਰ ਆਉਣ ਦੇ ਪਿਛੋਂ ਕਈ ਸਾਲ ਤਕ ਨਾ ਆਈ। ਇਸ ਦਾ ਅਨੰਦ ਮੈਨੂੰ ਸੁਫਨੇ ਵਾਂਗ ਜਾਪਦਾ ਸੀ, ਪਰ ਕਈ ਸਾਲਾਂ ਮਗਰੋਂ ਇਹ ਅਵਸਥਾ ਆਉਣੀ ਸ਼ੁਰੂ ਹੋਈ ਅਤੇ ਜਲਦੀ-ਜਲਦੀ ਆਉਣ ਲੱਗ ਪਈ। ਇਕ ਨਾਮਧਾਰੀ ਮਹਾਤਮਾ ਕੋਲੋਂ ਜਦ ਮੈਂ ਇਸ ਅਵਸਥਾ ਸਬੰਧੀ ਪੁਛਿਆ ਤਾਂ ਆਪ ਆਪਣੀ ਸਿਧੀ ਸਾਦੀ ਅਦਾ ਵਿਚ ਬੋਲੇ - ਮੈਂ ਆਪ ਬੜਾ ਹੈਰਾਨ ਹਾਂ, ਕਈ ਵਾਰੀ ਤੇ ਥੋੜ੍ਹੀਆਂ ਵਾਜਾਂ ਮਾਰਿਆਂ ਹੀ ਸੁਣ ਲੈਂਦਾ ਹਾਂ ਅਤੇ ਇਹ ਅਵਸਥਾ ਪੈਦਾ ਹੋ ਜਾਂਦੀ ਹੈ, ਕਈ ਵਾਰ ਟਾਹਰਾਂ ਮਾਰ ਮਾਰ ਥੱਕ ਜਾਂਦਾ ਹਾਂ, ਰੱਬ ਕੰਨਾਂ ਵਿਚ ਰੂੰ ਦੇ ਛੱਡਦਾ ਹੈ, ਸੁਣਦਾ ਹੀ ਨਹੀਂ। (ਆਵਾਜ਼ ਮਾਰਨ ਤੋਂ ਉਨ੍ਹਾਂ ਦੀ ਮੁਰਾਦ ਸਿਮਰਨ ਤੇ ਅਰਾਧਨਾ ਸੀ)

ਸਹਿਜ ਅਵਸਥਾ ਦਾ ਫਲ - ਇਸ ਅਵਸਥਾ ਵਿਚ ਅਭਿਆਸੀ ਐਸਾ ਮਹਿਸੂਸ ਕਰਦਾ ਹੈ, ਜਿਵੇਂ ਕਿਸੇ ਬਿਜਲੀ ਦੀ ਤਾਰ ਨਾਲ ਉਸ ਦਾ ਜੋੜ ਹੋ ਗਿਆ ਹੈ, ਅਤੇ ਖੁਸ਼ੀ ਤੇ ਅਨੰਦ ਦੀਆਂ ਲਹਿਰਾਂ ਉਸ ਵਿੱਚ ਦਾਖਲ ਹੋ ਰਹੀਆਂ ਹਨ। ਅਜਬ ਝਰਨਾਹਟ ਹੁੰਦੀ ਹੈ, ਖੁਸ਼ੀ ਤੇ ਅਨੰਦ ਸੰਭਾਲਿਆ ਨਹੀਂ ਜਾਂਦਾ, ਖੀਵੇ ਹੋ ਹੋ ਜਾਈਦਾ ਹੈ, ਬੇ-ਖੁਦੀ ਤੇ ਮਸਤੀ ਤਾਰੀ ਹੁੰਦੀ ਜਾਂਦੀ ਹੈ। ਇਸ ਅਵਸਥਾ ਦੇ ਅਭਿਆਸੀ ਨੂੰ ਜਦ ਉਹ ਸੁਰਤ ਕੰਨ ਵਲ ਲਿਆਵੇ ਤਾਂ ਬੜੀਆਂ ਸੁਰੀਲੀਆਂ ਆਵਾਜ਼ਾਂ ਬ੍ਰਹਿਮੰਡ 'ਚੋਂ ਨਿਕਲਦੀਆਂ ਸੁਣਾਈ ਦਿੰਦੀਆਂ ਹਨ, ਦਸਮ ਦਵਾਰ ਵਿੱਚ ਟਲੀਆਂ ਤੇ ਸੁਰੀਲੇ ਸ਼ਬਦ ਸੁਣੀਦੇ ਹਨ, ਜਦ ਅਭਿਆਸ ਸੁਰਤ ਨੂੰ ਆਪਣੇ ਨੱਕ ਨਾਲ ਜੋੜੇ ਤਾਂ ਹਵਾ ਵਿਚੋਂ ਮਿੱਠੀਆਂ ਤੇ ਭਿੰਨੀਆਂ ਖੁਸ਼ਬੋਆਂ ਸੁਗੰਧੀਆਂ ਆਉਂਦੀਆਂ ਹਨ, ਜਦ ਅੱਖਾਂ ਖੋਲ੍ਹੇ ਤਾਂ ਸਾਰੇ ਬ੍ਰਹਿਮੰਡ ਦਾ ਇਕ ਅਟੁੱਟ ਰਿਸ਼ਤਾ ਮਹਿਸੂਸ ਕਰਦਾ ਹੋਇਆ ਦੇਖਦਾ ਹੈ, ਜਿਸ ਦਾ ਜ਼ਿਕਰ ਗਿਆਨ ਦੇ ਕਾਂਡ ਵਿਚ ਹੋਵੇਗਾ।

**ਸੁਰਤੀ ਦੇ ਕੇਂਦਰ** - ਇਸ ਅਵਸਥਾ ਵਿਚ ਬੈਠਿਆਂ ਇਨਸਾਨ ਆਪਣੇ ਅੰਦਰ ਸੁਰਤ ਠਹਿਰਾਨ ਦੇ ਕਈ ਕੇਂਦਰ ਜਾਂ Centres ਪ੍ਰਤੀਤ ਕਰਦਾ ਹੈ ਅਤੇ ਇਨ੍ਹਾਂ ਨਾਲ ਆਪਣੀ ਸੁਰਤ ਜੋੜਨ ਨਾਲ ਮਹਾਂ ਅਨੰਦ ਜਾਂ ਰਸ ਲੈਂਦਾ ਹੈ। ਇਸ ਮਹਾਂ ਰਸ ਦੇ ਸਾਮ੍ਹਣੇ ਦੁਨਿਆਵੀ ਮਾਣੇ ਹੋਏ ਰਸ ਤੁਛ ਮਾਲੂਮ ਹੁੰਦੇ ਹਨ। ਦੁਨੀਆਂ ਵਿਚ ਇਸਤ੍ਰੀ ਪੁਰਸ਼ ਦੇ ਪ੍ਰੇਮ ਅਤੇ ਭੋਗ ਬਿਲਾਸ ਨੂੰ ਬੜਾ ਰਸ ਮੰਨਿਆ ਗਿਆ ਹੈ, ਪਰ ਬੰਦਗੀ ਵਾਲੇ ਪੁਰਸ਼ ਨੂੰ ਬੰਦਗੀ ਵਿਚੋਂ ਉਹ ਮਹਾਂ ਰਸ ਆਉਂਦਾ ਹੈ, ਕਿ ਗੁੰਗੇ ਦੀ ਮਠਿਆਈ ਵਾਂਗ ਉਹ ਉਸਨੂੰ ਇਨਸਾਨੀ ਬੋਲੀ ਵਿਚ ਦੱਸ ਹੀ ਨਹੀਂ ਸਕਦਾ। ਭਜਨ ਦਾ ਮਹਾਂਰਸ ਭੋਗ ਬਿਲਾਸ ਅਤੇ ਹੋਰ ਵਿਸ਼ਿਆਂ ਦੇ ਰਸਾਂ ਤੋਂ ਡੂੰਘਿਆਈ (Intensive) ਵਿਚ ਵੀ ਅਤੇ ਵਿਸ਼ੇਸ਼ਤਾ ਵਿਚ ਵੀ ਜ਼ਿਆਦਾ ਹੁੰਦਾ ਹੈ ਅਤੇ ਇਸ ਦੇ ਪਿਛਲੇ ਅਸਰ (after effects) ਵਿਸ਼ਿਆਂ ਵਾਂਗ ਕਮਜ਼ੋਰ, ਸੁਸਤ, ਨਿਰਾਸ ਬਨਾਣ ਵਾਲੇ ਤੇ ਹਾਨੀਕਾਰਕ ਨਹੀਂ ਹੁੰਦੇ, ਸਗੋਂ ਸਿਹਤ ਵਾਸਤੇ ਡਾਢੇ ਲਾਭਵੰਦ, ਮਨ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਵਾਲੇ ਤੇ ਸੁਖਦਾਈ ਹੁੰਦੇ ਹਨ। ਮਨ ਪਹਿਲੇ ਪਹਿਲ ਇਸ ਗੱਲ ਨੂੰ ਨਹੀਂ ਸਮਝਦਾ ਅਤੇ ਭਜਨ ਕਰਦਿਆਂ ਵੀ ਸਰੀਰਕ ਸੁਖਾਂ ਵਲ ਤਾਂਘਦਾ ਰਹਿੰਦਾ ਹੈ, ਐਪਰ ਹੌਲੀ-ਹੌਲੀ ਬੰਦਗੀ ਦੇ ਮਹਾਂਰਸ ਦਾ ਦੁਨਿਆਵੀ ਰਸਾਂ ਨਾਲ ਮੁਕਾਬਲਾ ਵੀ ਕਰਦਾ ਰਹਿੰਦਾ ਹੈ। ਆਖਰ ਉਸ ਦਾ ਇਨਸਾਫ ਉਸਨੂੰ ਮੰਨਣ ਵਾਸਤੇ ਮਜ਼ਬੂਰ ਕਰ ਦਿੰਦਾ ਹੈ ਕਿ ਦੁਨੀਆਂ ਦੇ ਵੱਡੇ ਤੋਂ ਵੱਡੇ ਰਸ ਨਾਮ ਦੇ ਮਹਾਂ ਰਸ ਦੀ ਬਰਾਬਰੀ ਨਹੀਂ ਕਰ ਸਕਦੇ। ਅਸਲ ਵਿਚ ਦੁਨੀਆਂ ਦੇ ਰਸ ਛੁਟਦੇ ਹੀ ਤਦ ਹਨ, ਜਦ ਮਨ ਨੂੰ ਭਜਨ ਦਾ ਮਹਾਂ ਰਸ ਪ੍ਰਾਪਤ ਹੋ ਜਾਵੇ ਅਤੇ ਉਹ ਉਸ ਰਸ ਦੇ ਸਾਮ੍ਹਣੇ ਦੁਨਿਆਵੀ ਰਸਾਂ ਨੂੰ ਫਿੱਕਾ ਤੇ ਤੁਛ ਪ੍ਰਤੀਤ ਕਰ ਲਵੇ। ਮਨ ਅਸਲ ਅਰਥਾਂ ਵਿਚ ਕਿਸੇ ਸਵਾਦ ਨੂੰ ਉਦੋਂ ਹੀ ਛੱਡਦਾ ਹੈ, ਜਦੋਂ ਉਸ ਤੋਂ ਚੰਗਾ ਸਵਾਦ ਕਿਸੇ ਹੋਰ ਪਾਸਿਓਂ ਉਸ ਨੂੰ ਮਿਲ ਜਾਵੇ। ਜਦ ਆਦਮੀ ਨੂੰ ਸਿਮਰਨ ਦਾ ਮਹਾਂਰਸ ਆ ਜਾਵੇ, ਤਬੀਅਤ ਤ੍ਰਿਪਤ ਤੇ ਮਨ ਸ਼ਾਂਤ ਹੋ ਜਾਂਦਾ ਹੈ, ਉਸਨੂੰ ਹੌਲੀ-ਹੌਲੀ ਕਿਸੇ ਦੁਨਿਆਵੀ ਰਸ ਦੀ ਇਛਿਆ ਨਹੀਂ ਰਹਿੰਦੀ, ਕਿਉਂਕਿ ਸਿਮਰਨ ਦੇ ਮਹਾਂਰਸ ਵਿਚ ਦੁਨਿਆਵੀ ਸਾਰੇ ਰਸਾਂ ਦਾ ਮਜਮੂਆ (Sum total) ਬਲਕਿ ਹੋਰ ਵਧੇਰੇ ਸਵਾਦ ਹੁੰਦਾ ਹੈ।

***ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ ਅੰਗ - ੩੪੨***

ਇਸ ਗੁਰਵਾਕ ਦੀ ਭਜਨੀਕ ਪੁਰਸ਼ ਨੂੰ ਹੀ ਸਮਝ ਆ ਸਕਦੀ ਹੈ। ਐਵੇਂ ਭਾਵੇਂ ਕਈ ਜਨਮ ਇਸ ਗੁਰਵਾਕ ਨੂੰ ਪਏ ਪੜ੍ਹੋ, ਇਸ ਵਿਚ ਲੁਕੀ ਸਚਾਈ ਨੂੰ ਬੰਦਗੀ ਕਰਨ ਵਾਲਾ ਹੀ ਸਮਝ ਸਕਦਾ ਹੈ।

**ਦਸਮ ਦੁਆਰ** - ਸੁਰਤ ਠਹਿਰਾਣ ਦੇ ਕੇਂਦਰ ਛੇ ਹੁੰਦੇ ਹਨ - ਧੁੰਨੀ ਤੋਂ ਹੇਠਾਂ, ਧੁੰਨੀ, ਹਿਰਦਾ, ਗਲਾ, ਨੱਕ ਤੇ ਅੱਖਾਂ ਦੇ ਵਿਚਕਾਰਲੀ ਜਗ੍ਹਾ ਅਤੇ ਸਿਰ ਦਾ ਉਤਲਾ ਹਿੱਸਾ, ਜਿਥੇ ਹਿੰਦੂ ਬੋਦੀ ਰਖਦੇ ਹਨ ਅਤੇ ਸਿੱਖ ਆਮ ਤੌਰ ਤੇ ਜੂੜਾ ਕਰਦੇ ਹਨ। ਸਿਰ ਜਾਂ ਤਾਲੂ ਕੇਂਦਰ ਵਿਚ ਸੁਰਤ ਜੋੜਨ ਨਾਲ ਅਨੰਦ ਤੇ ਰਸ ਦੀ ਕੋਈ ਹੱਦ ਨਹੀਂ ਰਹਿੰਦੀ। ਮਨ ਮਤਵਾਲਾ ਤੇ ਬੇਹੋਸ਼ ਹੋ ਜਾਂਦਾ ਹੈ। ਗੁਰਬਾਣੀ ਵਿਚ ਇਸ ਅਸਥਾਨ ਨੂੰ ਦਸਵਾ ਦੁਆਰ ਲਿਖਿਆ ਹੈ। ਇਸ ਅਸਥਾਨ ਦੀ ਅਸਚਰਜ ਉਪਮਾ ਹੈ, ਪਰ ਇਥੇ ਪਹੁੰਚਣ ਵਾਸਤੇ ਕਾਹਲੀ ਨਹੀਂ ਕਰਨੀ ਚਾਹੀਦੀ। ਮੈਂ ਕਾਹਲੀ ਦੇ ਨਤੀਜੇ ਖਰਾਬ ਦੇਖੇ ਹਨ। ਇਹ ਐਸਾ ਰਸਦਾਇਕ ਅਸਥਾਨ ਹੈ ਕਿ ਇਥੋਂ ਮੁੜਨ ਤੇ ਚਿਤ ਕਰਦਾ ਹੀ ਨਹੀਂ। ਇਸ ਅਸਥਾਨ ਵਿਚ ਸਮਾਧੀ ਪੈਦਾ ਹੋ ਜਾਂਦੀ ਹੈ, ਸੁਰਤ ਬੇਹੋਸ਼ ਹੋ ਜਾਂਦੀ ਹੈ ਅਤੇ ਮਹਾਤਮਾ ਲੋਕ ਇਸ ਅਸਥਾਨ ਵਿਚ ਸਮਾ ਜਾਂਦੇ ਹਨ। ਇਸ ਅਵਸਥਾ ਦੇ ਰਸੀਏ ਦੀ ਦੁਨਿਆਵੀ ਜ਼ਿੰਦਗੀ ਵਿਚ ਬਹੁਤ ਘੱਟ ਦਿਲਚਸਪੀ ਰਹਿ ਜਾਂਦੀ ਹੈ। ਮੈਂ ਜਦ ਇਸ ਅਸਥਾਨ ਤੋਂ ਮੁੜ ਵਾਪਸ ਉਤਰਦਾ ਹਾਂ, ਤਾਂ ਸਾਰੀ ਦੁਨੀਆਂ ਓਪਰੀ, ਬੇਗਾਨੀ, ਭੁਲੀ ਭਟਕਦੀ ਅਤੇ ਡਾਵਾਂਡੋਲ ਨਜ਼ਰ ਆਉਂਦੀ ਹੈ। ਇਸ ਅਵਸਥਾ ਦੇ ਮਗਰੋਂ ਕਈ ਕਈ ਦਿਨ ਇਸ ਮਾਤਲੋਕ ਵਿਚ ਰਹਿਣ ਨੂੰ ਦਿਲ ਨਹੀਂ ਕਰਦਾ। ਮੈਨੂੰ ਆਪਣੇ ਮਨ ਨੂੰ ਇਥੋਂ ਦੀਓਂ ਦਿਲਚਸਪੀਆਂ ਤੇ ਮੋਹਣੀਆਂ ਗੱਲਾਂ ਇਥੋਂ ਦੇ ਰਸ ਯਾਦ ਕਰਾਣੇ ਪੈਂਦੇ ਹਨ ਅਤੇ ਦੁਨੀਆਂ ਵਿਚ ਦਿਲ ਲਗਾਣ ਦੇ ਕਈ ਯਤਨ ਕਰਨੇ ਪੈਂਦੇ ਹਨ। ਇਕ ਮਹਾਤਮਾ ਆਖਦੇ ਹੁੰਦੇ ਸਨ - ਦੁਨੀਆਂਦਾਰਾਂ ਨੂੰ ਇਸ ਅਵਸਥਾ ਵਿਚ ਜ਼ਿਆਦਾ ਨਹੀਂ ਜਾਣਾ ਚਾਹੀਦਾ, ਕਿਉਂਕਿ ਉਹ ਦੁਨੀਆਂ ਦੇ ਕੰਮ ਦੇ ਲਾਇਕ ਨਹੀਂ ਰਹਿੰਦੇ, ਕਿਸੇ ਕੰਮ ਵਿਚ ਜੀਅ ਖੋਭ ਕੇ ਮਿਹਨਤ ਨਹੀਂ ਕਰ

ਸਕਦੇ, ਉਨ੍ਹਾਂ ਨੂੰ ਇਸ ਅਸਥਾਨ ਦੀ ਮਿੱਠੀ ਯਾਦ ਸੁਫਨੇ ਵਿਚ ਪਾਤਸ਼ਾਹੀ ਭੋਗਣ ਵਾਂਗ ਰਹਿ ਰਹਿ ਕੇ ਆਉਂਦੀ ਰਹਿੰਦੀ ਹੈ। ਅਭਿਆਸੀਆਂ ਨੂੰ ਇਸ ਅਵਸਥਾ ਵਿਚ ਜ਼ਿਆਦਾ ਅਭਿਆਸ ਉਦੋਂ ਕਰਨਾ ਚਾਹੀਦਾ ਹੈ, ਜਦੋਂ ਪ੍ਰਚਾਰ, ਪਰਉਪਕਾਰ ਦਾ ਕੰਮ ਖਤਮ ਕਰ ਚੁੱਕੇ ਹੋਣ, ਕਿਉਂਕਿ ਇਸ ਅਵਸਥਾ ਵਿਚ ਪਹੁੰਚ ਕੇ ਫਿਰ ਸਰੀਰਕ ਜੀਵਨ ਦੀ ਇਛਿਆ ਘਟਦੀ ਅਤੇ ਸੱਚ ਵਿੱਚ ਸਮਾ ਜਾਣ ਦੀ ਇਛਿਆ ਤੀਬਰ ਹੁੰਦੀ ਜਾਂਦੀ ਹੈ। ਇਸ ਅਵਸਥਾ ਦਾ ਜ਼ਿਆਦਾ ਅਭਿਆਸ ਉਹੀ ਕਰਨ, ਜਿਹੜੇ ਆਪਣੇ ਆਪ ਨੂੰ ਇਸ ਲਾਇਕ ਅਤੇ ਇਸ ਲਈ ਤਿਆਰ ਸਮਝਣ।

ਗੁਰਬਾਣੀ ਵਿਚ ਇਸ ਅਸਥਾਨ ਦੀ ਬਾਬਤ ਕਈ ਜਗ੍ਹਾ ਜ਼ਿਕਰ ਆਇਆ ਹੈ -

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਅੰਗ - ੧੪੧੪*

*ਝੁਨਤਕਾਰ ਅਨਹਦ ਘਨਘੋਰੰ।*
*ਤ੍ਰਿਕੁਟੀ ਭੀਤਰ ਅਤਿ ਛਬਿ ਜੋਰੰ।* *(ਪੈਂਤੀਸ ਅਖਰੀ)*
*ਪੰਚ ਸਬਦ ਤਹ ਪੂਰਨ ਨਾਦ ॥*
*ਅਨਹਦ ਬਾਜੇ ਅਚਰਜ ਬਿਸਮਾਦ ॥*
*ਕੇਲ ਕਰਹਿ ਸੰਤ ਹਰਿ ਲੋਗ ॥*
*ਪਾਰਬ੍ਰਹਮ ਪੂਰਨ ਨਿਰਜੋਗ ॥ ੧ ॥*
*ਸੁਖ ਸਹਜ ਆਨੰਦ ਭਵਨ ॥*
*ਸਾਧਸੰਗਿ ਬੈਸਿ ਗੁਣ ਗਾਵਹਿ*
*ਤਹ ਰੋਗ ਸੋਗ ਨਹੀ ਜਨਮ ਮਰਨ ॥ ੧ ॥ ਰਹਾਉ ॥*
*ਊਹਾ ਸਿਮਰਹਿ ਕੇਵਲ ਨਾਮੁ ॥*
*ਬਿਰਲੇ ਪਾਵਹਿ ਓਹੁ ਬਿਸ੍ਰਾਮੁ ॥*
*ਭੋਜਨੁ ਭਾਉ ਕੀਤਨ ਆਧਾਰੁ ॥*
*ਨਿਹਚਲ ਆਸਨੁ ਬੇਸੁਮਾਰੁ ॥ ੨ ॥*
*ਡਿਗਿ ਨ ਡੋਲੈ ਕਤਹੂ ਨ ਧਾਵੈ ॥*
*ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ ॥* *ਅੰਗ - ੮੯੯*

*ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰੁ ਤਹਾ ਬਸੈ ਨਿਰੰਕਾਰਾ ॥*
*ਅੰਗ - ੪੮੪*

ਦਸਮ ਦੁਆਰ ਤੋਂ ਹੇਠਾਂ ਦੇ ਕੇਂਦਰ ਵੀ ਸੁਰਤ ਟਿਕਾਣ ਨਾਲ ਵਿਸਮਾਦ ਦੀ ਹਾਲਤ ਪੈਦਾ ਕਰਦੇ ਹਨ। ਬੜਾ ਮਹਾਂ ਰਸ ਉਪਜਦਾ ਹੈ। ਅਭਿਆਸ ਦੇ ਸ਼ੁਰੂ ਵਿੱਚ ਹੇਠਲੇ ਕੇਂਦਰਾਂ ਵਿਚ ਹੀ ਸੁਰਤ ਦਾ ਟਿਕਾਅ ਰੱਖਣਾ ਚਾਹੀਦਾ ਹੈ। ਜਿਉਂ-ਜਿਉਂ ਅਭਿਆਸ ਵਧਾ ਅਤੇ ਆਪਣੇ ਆਪ ਤੇ ਕਾਬੂ ਜ਼ਿਆਦਾ ਹੁੰਦਾ ਜਾਵੇ, ਉਤਲੇ ਕੇਂਦਰਾਂ ਵਲ ਹੌਲੀ-ਹੌਲੀ ਵਧਣਾ ਚਾਹੀਦਾ ਹੇ।

ਭਾਵੇਂ ਅੱਜਕੱਲ੍ਹ ਅਭਿਆਸੀ ਮਹਾਤਮਾ ਵਿਰਲੇ ਨਜ਼ਰ ਆਉਂਦੇ ਹਨ ਅਤੇ ਜੇ ਹੋਣ ਵੀ ਤਾਂ ਲੁਕ ਕੇ ਰਹਿਣਾ ਪਸੰਦ ਕਰਦੇ ਹਨ, ਪਰ ਫੇਰ ਵੀ ਜੇ ਕਿਸੇ ਅਭਿਆਸੀ ਪੁਰਸ਼ ਦੀ ਨਿਗਰਾਨੀ ਜਾਂ ਸੰਗਤ ਵਿਚ ਅਭਿਆਸ ਕਮਾਈ ਕੀਤੀ ਜਾਵੇ ਤਾਂ ਬੜੀ ਲਾਭਦਾਇਕ ਗੱਲ ਹੈ। ਹਰ ਇਕ ਸ਼ਖਸ ਦੀਆਂ ਵੱਖੋ-ਵੱਖਰੀਆਂ ਔਕੜਾਂ ਹੋ ਸਕਦੀਆਂ ਹਨ, ਜਿਨ੍ਹਾਂ ਨੂੰ ਸਮਝਣ ਵਾਲੇ ਦੀ ਮੌਕੇ ਦੀ ਮਦਦ ਤੇ ਸਲਾਹ ਬੜੇ ਗੁਣਕਾਰੀ ਸਾਬਤ ਹੁੰਦੀ ਹੈ।

ਅਫਸੋਸ ਹੈ ਕਿ ਖਾਲਸਾ ਕੌਮ ਦੇ ਕਾਲਜ, ਸਕੂਲ, ਜਿਥੇ ਦੁਨੀਆਂਦਾਰੀ ਦੀ ਵਿਦਿਆ ਮਿਲੇ, ਬਥੇਰੇ ਹਨ, ਪਰ ਐਸਾ ਕੋਈ ਖਾਸ ਆਸ਼ਰਮ ਨਹੀਂ, ਜਿਥੇ ਨਾਮ ਅਭਿਆਸ ਕਮਾਈ ਸਬੰਧੀ ਅਭਿਲਾਸ਼ੀ ਲੋਕਾਂ ਨੂੰ ਸਹਾਇਤਾ ਤੇ ਸਲਾਹ ਮਸ਼ਵਰਾ ਮਿਲ ਸਕੇ। ਸਿਮਰਨ ਦੇ ਮਾਰਗ ਸਬੰਧੀ ਕੋਈ ਤਸੱਲੀਬਖਸ਼ ਪ੍ਰਬੰਧ ਨਾ ਹੋਣ ਕਰਕੇ ਬੜੇ ਖਾਹਸ਼ਮੰਦ ਲੋਕਾਂ ਨੂੰ ਵੀ ਮੇਰੇ ਵਾਂਗ ਵਾਜੇ ਵੇਲੇ ਵਰ੍ਹਿਆਂ ਬੱਧੀ ਇਕ ਅਵਸਥਾ ਤੋਂ ਦੂਜੀ ਅਵਸਥਾ ਵਿਚ ਪਹੁੰਚਣ ਲਈ ਉਡੀਕਣਾ ਪੈਂਦਾ ਹੈ।

ਸਿਮਰਨ ਵਿਚ ਬੈਠਿਆਂ ਕਈ ਵਾਰੀ ਸਿਰ ਵਿਚੋਂ ਪੋਲੇ ਪੋਲੇ ਕੜਾਕੇ ਨਿਕਲਦੇ ਹਨ, ਜਿਨ੍ਹਾਂ ਤੋਂ ਡਰਨਾ, ਘਬਰਾਣਾ ਨਹੀਂ ਚਾਹੀਦਾ। ਸਗੋਂ ਇਸ ਮਾਰਗ ਦੀ ਨਿਸ਼ਾਨੀ ਹੈ। ਇਨ੍ਹਾਂ ਕੜਾਕਿਆਂ ਦਾ ਪਿਛੋਂ ਬੜਾ ਸਵਾਦ ਆਉਂਦਾ ਹੈ। ਹਰ ਕੜਾਕੇ ਮਗਰੋਂ ਸ਼ਾਂਤੀ ਦੀ ਲਹਿਰ ਉਠਦੀ ਹੈ, ਨਾੜਾਂ ਆਪਣੀ ਅਸਲੀ ਹਾਲਤ ਵਿਚ ਆਉਂਦੀਆਂ ਹਨ। ਸ੍ਰੀ ਮਾਨ ਭਾਈ ਸਾਹਿਬ ਗੁਰਬਖਸ਼ ਸਿੰਘ ਜੀ ਜਬੋਵਾਲ (ਅੰਮ੍ਰਿਤਸਰ) ਵਾਲਿਆਂ ਨੇ ਜਦ ਪਹਿਲੇ ਮੈਨੂੰ ਇਹ ਗੱਲ ਦੱਸੀ, ਤਾਂ ਮੈਂ ਚੁੱਪ ਕਰ ਕੇ ਸੁਣ ਛੱਡੀ ਪਰ ਪਿਛੋਂ ਜਦੋਂ ਮੇਰੇ ਵਿਚੋਂ ਕੜਾਕੇ ਨਿਕਲਣ ਅਤੇ ਅਨੰਦ ਆਵੇ, ਮੈਂ ਉਨ੍ਹਾਂ ਨੂੰ ਬੜਾ ਯਾਦ ਕਰਿਆ ਕਰਦਾ ਸਾਂ। ਆਪ ਉਚ ਅਵਸਥਾ ਦੇ ਮਹਾਤਮਾ ਸਨ ਤੇ ਨਾਮ ਕਮਾਈ ਤੇ ਪ੍ਰਚਾਰ ਦਾ ਜੀਵਨ ਬਤੀਤ ਕਰਦੇ ਸਨ। ਜਦੋਂ ਮੈਂ ਆਪ ਨੂੰ ੧੯੧੮ ਵਿਚ ਪਹਿਲੇ ਪਹਿਲ ਮਿਲਿਆ, ਤਾਂ ਬੀ.ਏ. ਦਾ ਇਮਤਿਹਾਨ ਦੇ ਕੇ ਹਟਿਆ ਸੀ। ਇਕ ਦਿਨ ਆਪ ਨੇ ਮੈਨੂੰ ਬੁਲਾ ਕੇ ਆਖਿਆ ਇਮਤਿਹਾਨ ਦਾ ਫਿਕਰ ਨਾ ਕਰਿਆ ਕਰ ਤੂੰ ਪਾਸ ਹੋ ਜਾਣਾ ਹੈ, ਨਾਮ ਸਿਮਰਨ ਦਾ ਅਭਿਆਸ ਕਰੀ ਜਾ, ਕਿਸੇ ਦਿਨ ਇਸ ਦਾ ਪਰਤੱਖ ਫਲ ਦੇਖੇਂਗਾ। ਪਾਸ ਹੋ ਜਾਣ ਮਗਰੋਂ ਮੈਂ ਮਹਾਤਮਾ ਜੀ ਦੇ ਨਾਮ ਸਿਮਰਨ ਦੇ ਉਪਦੇਸ਼ ਨੂੰ ਯਾਦ ਕਰ ਕੇ ਉਤਸ਼ਾਹ ਤੇ ਦ੍ਰਿੜ੍ਹਤਾ ਹਾਸਲ ਕਰਦਾ ਰਿਹਾ ਹਾਂ। ਮੇਰੇ ਜੀਵਨ ਵਿਚ ਸ਼ਾਇਦ ਇਹ ਪਹਿਲੇ ਮਹਾਂਪੁਰਸ਼ ਸਨ ਜਿਨ੍ਹਾਂ ਨਾਲ ਸਿਮਰਨ ਬਾਰੇ ਗੱਲਬਾਤ ਕਰਨ ਦਾ ਮੈਨੂੰ ਕੁਦਰਤ ਵਲੋਂ ਮੌਕਾ ਬਖਸ਼ਿਆ ਗਿਆ।

## ਗਿਆਨ

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥ ਨਾਨਕ*
*ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥* *ਅੰਗ - ੨੫੧*

*ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥*
*ਅੰਗ - ੪੨੬*

*ਫਲ ਕਾਰਨ ਫੂਲੀ ਬਨਰਾਇ ॥*
*ਫਲੁ ਲਾਗਾ ਤਬ ਫੂਲੁ ਬਿਲਾਇ ॥*
*ਗਿਆਨੈ ਕਾਰਨ ਕਰਮ ਅਭਿਆਸੁ ॥*
*ਗਿਆਨੁ ਭਇਆ ਤਹ ਕਰਮਹ ਨਾਸੁ ॥* *ਅੰਗ - ੧੧੬੭*

ਸਿਮਰਨ ਦੀ ਤੀਜੀ ਅਵਸਥਾ ਵਿਚ ਜਿਸ ਦਾ ਜ਼ਿਕਰ ਸਿਮਰਨ ਦੇ ਕਾਂਡ ਵਿਚ ਆ ਚੁੱਕਾ ਹੈ, ਗਿਆਨ ਅਸਲੀ ਅਰਥਾਂ ਵਿਚ ਪੈਦਾ ਹੋਣਾ ਸ਼ੁਰੂ ਹੁੰਦਾ ਹੈ। ਮੈਂ ਇਸ ਅਵਸਥਾ ਵਿਚੋਂ ਅਨੁਭਵ ਕੀਤੇ ਗਿਆਨ ਨੂੰ ਅਸਲ ਅਤੇ ਸੱਚਾ ਗਿਆਨ ਸਮਝਦਾ ਹਾਂ। ਧਰਮ ਪੁਸਤਕਾਂ ਜਾਂ ਗੁਰੂ ਗ੍ਰੰਥ ਸਾਹਿਬ ਪੜ੍ਹਨ ਨਾਲ ਗਿਆਨ

ਦੀਆਂ ਤਸਵੀਰਾਂ ਅੱਖਾਂ ਅੱਗੇ ਜ਼ਰੂਰ ਆਉਂਦੀਆਂ ਹਨ, ਪਰ ਗਿਆਨ ਪ੍ਰਾਪਤ ਹਰਗਿਜ਼ ਨਹੀਂ ਹੋ ਸਕਦਾ। ਜਿਸ ਤਰ੍ਹਾਂ ਸਾਇੰਸ ਦੀਆਂ ਥਿਊਰੀਆਂ, ਕਿਤਾਬਾਂ ਦੇ ਪੜ੍ਹਨ ਅਤੇ ਪ੍ਰੋਫੈਸਰਾਂ ਦੇ ਸੁਣਨ ਦੇ ਮਗਰੋਂ ਲੈਬੋਰੇਟਰੀਆਂ ਵਿਚ ਤਜਰਬਾ ਕਰ ਕੇ ਵੇਖੇ ਬਿਨਾਂ ਸਮਝ ਵਿਚ ਨਹੀਂ ਬੈਠ ਸਕਦੀਆਂ, ਯਕੀਨ ਦਾ ਦਰਜਾ ਹਾਸਲ ਨਹੀਂ ਕਰ ਸਕਦੀਆਂ, ਇਸੇ ਤਰ੍ਹਾਂ ਸਿਮਰਨ ਦੀ ਤੀਜੀ ਫੁਰਨੇ ਤੋਂ ਰਹਿਤ ਅਵਸਥਾ ਵਿਚ, ਅਨੁਭਵ ਤੇ ਨੇਤਰਾਂ ਨਾਲ ਹਰ ਇਕ ਆਤਮਕ ਅਸੂਲ ਜਾਂ ਗੁਰਵਾਕ ਦੀ ਸੱਚਾਈ ਪਰਤੱਖ ਦੇਖੇ ਬਿਨਾਂ ਗਿਆਨ ਅਸਲੀ ਤੌਰ ਤੇ ਪ੍ਰਾਪਤ ਨਹੀਂ ਹੋ ਸਕਦਾ। ਗਿਆਨ ਅਕਲ ਨਾਲ ਸਮਝਣ ਤੋਂ ਇਲਾਵਾ, ਹਰ ਰੋਜ਼ ਦੀ ਜ਼ਿੰਦਗੀ ਵਿਚ ਵਰਤੇ ਅਮਲ ਵਿਚ ਲਿਆਏ ਬਿਨਾਂ, ਨਿਸ਼ਚੇ ਵਿਚ ਨਹੀਂ ਖੁਭਦਾ।

***ਙੰਙਾ ਙਿਆਨੁ ਨਹੀ ਮੁਖ ਬਾਤਉ ॥***
***ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥***
***ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥***
***ਕਹਤ ਸੁਨਤ ਕਛੁ ਜੋਗੁ ਨ ਹੋਊ ॥*** ***ਅੰਗ - ੨੫੧***

***ਨਾਮ ਬਿਨਾ ਕਿਆ ਗਿਆਨ ਧਿਆਨੁ ॥*** ***ਅੰਗ - ੯੦੫***

***ਜਉ ਨਾ ਦੇਖਉ ਅਪਨੀ ਨੈਨੀ।***
***ਤਉ ਨ ਪਤੀਜਉ ਗੁਰ ਕੀ ਬੈਨੀ।***

ਕੋਈ ਥਿਊਰੀ ਉਦੋਂ ਤਕ ਮੰਨੀ-ਪ੍ਰਮੰਨੀ ਸੱਚਾਈ ਦਾ ਦਰਜਾ ਹਾਸਲ ਨਹੀਂ ਕਰ ਸਕਦੀ, ਜਦ ਤਕ ਅਮਲ ਵਿਚ ਲਿਆ ਕੇ ਤਜਰਬਾ ਕਰਕੇ ਉਸ ਦੇ ਹਰ ਇਕ ਅੰਗ ਨੂੰ ਸੋਲ੍ਹਾਂ ਆਨੇ ਪੂਰਾ ਨਾ ਵੇਖਿਆ ਜਾਵੇ। ਮੈਂ ਇਹ ਮੰਨਦਾ ਹਾਂ ਕਿ ਆਤਮਕ ਅਸੂਲ ਛੇਤੀ ਸਮਝ ਵਿੱਚ ਨਹੀਂ ਆਉਂਦੇ, ਕਿਉਂਕਿ ਇਹ ਬਹੁਤ ਸੂਖਸ਼ਮ ਹੁੰਦੇ ਹਨ, ਪਰ ਮੇਰਾ ਵਿਸ਼ਵਾਸ਼ ਹੇ ਕਿ ਪਦਾਰਥਕ ਅਸੂਲਾਂ ਦੀ ਤਰ੍ਹਾਂ ਆਤਮਕ ਅਸੂਲ ਵੀ ਅਟੱਲ ਹਨ, ਅਮਲ ਵਿਚ ਲਿਆਏ ਜਾ ਸਕਦੇ ਹਨ, ਅਜ਼ਮੈਸ਼ ਦੀ ਕਸੌਟੀ ਤੇ ਪੂਰੇ ਉਤਰ ਸਕਦੇ ਹਨ। ਇਨ੍ਹਾਂ ਉਤੇ ਇਤਨਾ ਭਰੋਸਾ ਹੋ ਸਕਦਾ ਹੈ, ਜਿਤਨਾ ਬਿਜਲੀ ਦੇ ਅਸੂਲਾਂ ਜਾਂ ਕਸ਼ਸ਼ ਦੇ ਅਸੂਲਾਂ ਉਤੇ।

ਇਸ ਵਿਚਾਰ ਦਾ ਭਾਵ ਹਰਗਿਜ਼ ਨਹੀਂ ਕਿ ਜਦ ਤਕ ਕਿਸੇ ਆਤਮਕ ਅਸੂਲ ਨੂੰ ਪਰਤੱਖ ਅਜ਼ਮਾ ਕੇ ਨਾ ਵੇਖ ਲਈਏ ਉਦੋਂ ਤਕ ਉਸਨੂੰ ਗਲਤ ਸਮਝੀਏ, ਇਹ ਭੁੱਲ ਹੋਵੇਗੀ। ਮੈਨੂੰ ਸਿਤਾਰਿਆਂ ਦੇ ਇਲਮ ਸਬੰਧੀ ਕੁਝ ਪਤਾ ਨਹੀਂ, ਪਰ ਜਦ ਜੰਤਰੀ ਵਿਚ ਸੂਰਜ ਜਾਂ ਚੰਦ ਗ੍ਰਹਿਣ ਜਾਂ ਹੋਰ ਸਿਤਾਰਿਆਂ ਸਬੰਧੀ ਕੀਤੀਆਂ ਪੇਸ਼ੀਨਗੋਈਆਂ ਦੇਖਦਾ ਹਾਂ, ਤਾਂ ਉਨ੍ਹਾਂ ਨੂੰ ਸੱਚ ਸਮਝਦਾ ਹਾਂ ਅਤੇ ਸਿਤਾਰਿਆਂ ਦੇ ਇਲਮ ਦੇ ਖੋਜੀਆਂ ਤੇ ਵਿਦਵਾਨਾਂ ਦਾ ਪੂਰਾ ਸਤਿਕਾਰ ਰਖਦਾ ਹਾਂ। ਏਸੇ ਤਰ੍ਹਾਂ ਮੈਂ ਸ਼ੁਰੂ ਤੋਂ ਆਤਮਕ ਥਿਊਰੀਆਂ ਨੂੰ ਜਦ ਨਹੀਂ ਵੀ ਸਮਝਦਾ ਸਾਂ, ਤਦ ਵੀ ਧਾਰਮਕ ਆਗੂਆਂ, ਗੁਰੂਆਂ ਅਤੇ ਮਹਾਤਮਾਵਾਂ ਸਬੰਧੀ ਬੜਾ ਸਤਿਕਾਰ ਰਖਦਾ ਸਾਂ। ਮੇਰੀ ਖੋਜ ਦਾ ਇਹ ਬੜਾ ਭਾਰਾ ਭੇਤ ਹੈ ਕਿ ਮੈਂ ਆਪਣੇ ਗੁਰਦੇਵ, ਗੁਰੂ ਨਾਨਕ ਦੀ ਕਹੀ ਹੋਈ ਹਰ ਗੱਲ ਸੋਲਾਂ ਆਨੇ ਸੱਚ ਮੰਨਦਾ ਸਾਂ। ਜੇ ਮੈਨੂੰ ਸਮਝ ਨਹੀਂ ਸੀ ਆਉਂਦੀ ਤਦ ਸਮਝ ਵਾਸਤੇ ਪ੍ਰਾਰਥਨਾ ਕਰਦਾ ਅਤੇ ਪ੍ਰਾਰਥਨਾ ਦੇ ਨਤੀਜੇ ਨੂੰ ਸਬਰ ਨਾਲ ਉਡੀਕਦਾ ਸਾਂ। ਸਮਝ ਆਏ ਬਿਨਾਂ ਮੈਂ ਆਪਣੀ ਖੋਜ ਛੱਡਦਾ ਨਹੀਂ ਸਾਂ, ਨਾ ਉਡੀਕ ਤੋਂ ਕਾਹਲਾ ਪੈਂਦਾ ਸਾਂ। ਧਰਮ ਖੋਜੀਆਂ ਲਈ ਇਹ ਸਪਿਰਟ ਬੜੀ ਹੀ ਜ਼ਰੂਰੀ ਹੈ। ਇਸ ਮਾਰਗ ਵਿਚ ਅੱਖਾਂ ਖੋਲ੍ਹ ਕੇ ਜ਼ਰੂਰ ਚਲਣਾ ਚਾਹੀਦਾ ਹੈ, ਪਰ ਨਾਲ ਹੀ ਹੱਥ ਜੋੜੇ ਹੋਏ ਤੇ ਦਿਲ ਅਦਬ ਨਾਲ ਭਰਪੂਰ ਹੋਣਾ ਵੀ ਜ਼ਰੂਰੀ ਹੈ। ਆਤਮਕ ਖੋਜ ਵਿਚ ਪੂਰਬ ਦਾ ਅਦਬ ਤੇ ਪੱਛਮ ਦੀ ਦਿਮਾਗੀ ਸੁਤੰਤਰਤਾ ਨੂੰ ਹੱਥ ਵਿਚ ਫੜ ਕੇ ਤੁਰਨਾ ਚਾਹੀਦਾ ਹੈ। ਰੱਬ ਵਲ ਮੁਖ ਉਤਾਂਹਾਂ ਚੁੱਕ ਕੇ ਤੁਰਿਆਂ ਕਦਮ ਕਦਮ ਤੇ ਠੇਡੇ ਲਗਦੇ ਹਨ। ਨਿਰਮਾਣਤਾ ਇਸ ਰਸਤੇ ਦਾ ਟਟਹਿਣਾ ਹੈ, ਜਿਸ ਦੀ ਰੌਸ਼ਨੀ ਹਨ੍ਹੇਰੇ ਵਿਚ ਡਿਗਣੋਂ ਬਚਾਂਦੀ ਰਹਿੰਦੀ ਹੈ।

***ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ***
***ਹਸਤੀਂ ਚੁਨਿਓ ਨ ਜਾਈ ॥***
***ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ***
***ਚੀਟੀ ਹੋਇ ਚੁਨਿ ਖਾਈ ॥*** ***ਅੰਗ - ੯੭੨***

---

(ਪੰਨਾ 45 ਦੀ ਬਾਕੀ)

ਕਿ ਇਨ੍ਹਾਂ ਨੇ ਬਾਗੀ ਖੁਸਰੋ ਦੀ ਸਹਾਇਤਾ ਕੀਤੀ ਹੈ, ਮੱਥੇ ਤੇ ਤਿਲਕ ਲਾਇਆ ਹੈ ਅਤੇ ਉਸ ਦੇ ਨਾਪਾਕ ਇਰਾਦਿਆਂ ਦੀ ਸਫਲਤਾ ਲਈ ਦੁਆ ਕੀਤੀ ਹੈ। ਜਹਾਂਗੀਰ ਤਾਂ ਪਹਿਲਾਂ ਹੀ ਮੌਕੇ ਦੀ ਤਲਾਸ਼ ਵਿਚ ਸੀ। ਕੋਈ ਤਫਤੀਸ਼ ਨਹੀਂ ਕੀਤੀ, ਸਿੱਧਾ ਹੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿਤਾ ਅਤੇ ਕਿਹਾ ਕਿ ਯਾਸਾ ਦੇ ਕਾਨੂੰਨ ਅਧੀਨ ਉਨ੍ਹਾਂ ਨੂੰ ਤਸੀਹੇ ਦੇ ਕੇ ਕਤਲ ਕਰ ਦਿਤਾ ਜਾਵੇ। ਅਸਲੀਅਤ ਇਹ ਸੀ ਕਿ ਉਹ ਆਜ਼ਾਦੀ ਲਈ ਜ਼ੋਰ ਪਕੜ ਰਹੀ ਹਰਮਨ ਪਿਆਰੀ ਹੋ ਰਹੀ ਸਿੱਖ ਲਹਿਰ ਨੂੰ ਖਤਮ ਕਰਨਾ ਚਾਹੁੰਦਾ ਸੀ। ਸਤਿਗੁਰੂ ਬੜੀ ਸਹਿਨਸ਼ੀਲਤਾ ਨਾਲ ਲੋਕਾਂ ਦੀਆਂ ਮੁਸ਼ਕਲਾਂ ਦੂਰ ਕਰਦੇ, ਸਹਾਇਤਾ ਕਰਦੇ, ਝਗੜਿਆਂ ਦਾ ਤੁਰੰਤ ਨਿਪਟਾਰਾ ਕਰਦੇ, ਸਾਂਝੀ ਸੰਗਤ, ਸਾਂਝੀ ਪੰਗਤ ਵਿਚ ਸਭ ਨੂੰ ਆਦਰ ਮਾਣ ਮਿਲਦਾ ਅਤੇ ਲੋਕ ਆਪ ਨੂੰ ਸੱਚਾ ਪਾਤਸ਼ਾਹ ਕਹਿ ਕੇ ਦਿਲੋਂ ਸਤਿਕਾਰ ਕਰਦੇ ਜੋ ਜਹਾਂਗੀਰ ਅਤੇ ਮੁਤੱਸਬੀ ਅਹਿਲਕਾਰਾਂ ਨੂੰ ਕਦਾਚਿਤ ਪਸੰਦ ਨਹੀਂ ਸੀ। ਗੁਰੂ ਜੀ ਨੂੰ ਸਰੀਰਕ ਤਸੀਹੇ ਦੇਣ ਵਿਚ ਦੀਵਾਨ ਚੰਦੂ ਨੇ ਦ੍ਵੈਤ ਭਾਵਨਾਵਾਂ ਅਧੀਨ ਮਨ ਦੀ ਭੜਾਸ ਕੱਢੀ ਪਰ ਗੁਰੂ ਮਹਾਰਾਜ ਸ਼ਾਂਤ ਚਿਤ, ਅਡੋਲ, ਸਹਿਜ ਵਿਚ ਬਿਰਾਜਦੇ ਰਹੇ। ਸਾਂਈ ਮੀਆਂ ਮੀਰ ਸ਼ਾਂਤੀ ਪੁੰਜ ਗੁਰੂ ਜੀ ਨੂੰ ਤੱਤੀ ਤਵੀ ਤੇ ਬਿਰਾਜਮਾਨ ਵੇਖ ਦਰੱਵ ਗਿਆ ਅਤੇ ਕੁਝ ਕਰਨ ਦੀ ਆਗਿਆ ਮੰਗੀ ਪਰ ਗੁਰੂ ਜੀ ਨੇ ਸ਼ਾਂਤ ਰਹਿਣ ਦਾ ਇਸ਼ਾਰਾ ਕੀਤਾ। ਅਨੇਕ ਪ੍ਰਕਾਰ ਦੇ ਤਸੀਹੇ ਝੱਲ ਕੇ ਸਰੀਰ ਨੂੰ ਰਾਵੀ ਦਰਿਆ ਨੂੰ ਸੌਂਪ ਕੇ ਆਪ ਜੀ ਬ੍ਰਹਮਲੀਨ ਹੋ ਗਏ। ਕਿਸੇ ਨੂੰ ਮੰਦਾ ਨਹੀਂ ਕਿਹਾ, ਕਿਸੇ ਨੂੰ ਉਲਾਹਮਾ ਨਹੀਂ ਦਿਤਾ ਕਿਉਂਕਿ ਆਪ ਜੀ ਦਾ ਫੁਰਮਾਨ ਹੈ -

***ਉਲਾਹਨੋ ਮੈ ਕਾਹੂ ਨ ਦੀਓ॥***
***ਮਨ ਮੀਠ ਤੁਹਾਰੋ ਕੀਓ॥*** ***ਪੰਨਾ - 978***

ਗੁਰੂ ਜੀ ਦੀ ਮਹਾਨ ਸ਼ਹਾਦਤ ਨਾਲ ਸਿੱਖ ਲਹਿਰ ਨੇ ਨਵਾਂ ਮੋੜ ਕੱਟਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖਾਂ ਨੂੰ ਸੰਤ-ਸਿਪਾਹੀ ਸਰੂਪ ਵਿਚ ਢਾਲ ਕੇ ਭਗਤੀ ਅਤੇ ਸ਼ਕਤੀ ਨੂੰ ਇਕੱਠਾ ਕਰ ਦਿਤਾ।

(---------)

# ਸਤਵੰਤ ਕੌਰ

***ਭਾਈ ਸਾਹਿਬ ਭਾਈ ਵੀਰ ਸਿੰਘ***

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ - 54)*

ਆਗਾ ਖਾਂ ਨੇ ਪੁੱਛਿਆ ਕਿ ਫੇਰ ਕੀ ਫੈਸਲਾ ਹੋਇਆ ਹੈ?

ਸਿੱਖ - ਜੁਰਮ ਸਾਬਤ ਹੋ ਗਿਆ ਹੈ ਅਰ ਸਿੱਖ ਨੇ ਮੰਨ ਲਿਆ ਹੈ, ਇਸ ਲਈ ਤਨਖਾਹ ਇਹ ਤਜਵੀਜ਼ ਹੋਈ ਹੈ ਕਿ ਗੁਰੂ ਕੀ ਗੋਲਕ ਵਿਚ ਦੇਵੇ ਤੇ ਪੰਜ ਪਾਠ ਜਪੁਜੀ ਸਾਹਿਬ ਦੇ ਕਰੇ, ਫੇਰ ਆਪਣੇ ਘਰ ਸਿੱਖਾਂ ਦਾ ਪ੍ਰਸ਼ਾਦ ਕਰੇ। ਜਿਸ ਸਿੱਖ ਭਰਾ ਦੀ ਨਿੰਦਾ ਕੀਤੀ ਹੈ ਉਸਨੂੰ ਆਪ ਸੱਦਣ ਜਾਵੇ ਤੇ ਪ੍ਰਸ਼ਾਦ ਵਾਲੇ ਦਿਨ ਸਾਰੇ ਭਰਾ ਇਕੱਠੇ ਬੈਠਣ ਤੇ ਪ੍ਰਸ਼ਾਦ ਛਕਣ। ਇਸ ਤੋਂ ਪਿੱਛੋਂ ਜਿਸ ਭਰਾ ਦੀ ਨਿੰਦਾ ਹੋਈ ਹੈ ਉਸਦੇ ਘਰ ਸਾਰੇ ਪ੍ਰਸ਼ਾਦ ਛਕਣ। ਹੁਣ ਗੱਲ ਕੇਵਲ ਇੰਨੀ ਹੋ ਰਹੀ ਹੈ ਕਿ ਗ੍ਰੰਥੀ ਸਿੰਘ ਜੀ ਉਸਨੂੰ ਸਮਝਾ ਰਹੇ ਹਨ ਕਿ ਆਪਣੇ ਭਰਾ ਤੋਂ ਬਦਲਾ ਲੈਣ ਵਾਸਤੇ ਤੂੰ ਪਠਾਣ ਦੀ ਸ਼ਰਨ ਲੈਣ ਵਿਚ ਜੋ ਭੁੱਲ ਕੀਤੀ ਸੋ ਬੜੀ ਹਾਨੀਕਾਰਕ ਸੀ।

ਖਾਂ ਸਾਹਿਬ! ਤੁਸਾਂ ਖਫੇ ਨਹੀਂ ਹੋਣਾ, ਸਾਡੇ ਖੇਲ੍ਹ ਵਿੱਚ ਇਹੋ ਤਰੀਕਾ ਹੈ ਕਿ ਚਾਹੇ ਕਿੰਨਾ ਮਿੱਤਰ ਹੋਵੇ ਜੋ ਸਿੱਖ ਨਹੀਂ ਉਸ ਦੀ ਮਦਦ ਸਿੱਖ ਦੇ ਬਰਖਿਲਾਫ ਕਦੇ ਨਹੀਂ ਲੈਣੀ। ਸਿੱਖ ਲੜੇ ਹੋਏ ਬੀ ਆਪੋ ਵਿਚ 'ਨਾ ਸਿੱਖ' ਕੋਲੋਂ ਨੇੜੇ ਦੇ ਸਾਕੇਦਾਰ ਹਨ।

ਇਸ ਪ੍ਰਕਾਰ ਦੀਆਂ ਗੱਲਾਂ ਸੁਣ ਕੇ ਆਗਾ ਖਾਂ ਆਪਣੇ ਡੇਰੇ ਆ ਗਿਆ ਅਰ ਸ਼ਾਮਾਂ ਨੂੰ ਉਸ ਨੇ ਇਹ ਸਾਰਾ ਮਾਜਰਾ ਜਸਵੰਤ ਤੇ ਸਾਂਈਂ ਨੂੰ ਸੁਣਾਇਆ ਅਰ ਆਪਣੇ ਪੰਥ ਵਿਚ ਇਸ ਅਲੌਕਿਕ ਰਵੱਯੇ ਦੀ ਮਹਿਮਾ ਕੀਤੀ ਤੇ ਕਿਹਾ ਕਿ ਪੰਜਾਬ ਵਿੱਚ ਤੁਰਕ ਰਾਜ ਜ਼ਰੂਰ ਤਬਾਹ ਹੋਵੇਗਾ ਅਰ ਸਿੱਖ ਜ਼ਰੂਰ ਰਾਜ ਕਰਨਗੇ।

ਇਸ ਪ੍ਰਕਾਰ ਸਫਰ ਮੁਕਦਾ ਰਿਹਾ। ਲੰਡੀ ਕੋਤਲ (ਖੈਬਰ ਦੇ ਪਹਾੜਾਂ ਵਿਚ ਜਮਰੌਦ ਤੋਂ 20 ਕੁ ਮੀਲ ਅੱਗੇ ਇਹ ਨਿੱਕੀ ਪੱਧਰੀ ਜੇਹੀ ਸੁਹਾਵਣੀ ਥਾਂ ਹੈ। ਜਮਰੌਦ ਹੁੰਦੇ ਹੋਏ ਪਿਸ਼ਾਵਰ ਅੱਪੜੇ। ਸਭ ਨੇ ਆਪਣੇ ਆਪਣੇ ਟਿਕਾਣੇ ਕੀਤੇ। ਆਗਾ ਖਾਂ ਪਿਸ਼ਾਵਰ ਦੇ ਖਾਨ ਦਾ ਮਹਿਮਾਨ ਹੋਇਆ। ਸਾਰੇ ਪ੍ਰਬੰਧ ਕਰਕੇ ਹੁਣ ਇਹ ਵਿਉਂਤ ਠਹਿਰੀ ਕਿ ਜਸਵੰਤ ਸਿੰਘ ਜੀ ਨੂੰ ਤੇ ਹੋਰ ਵਪਾਰੀਆਂ ਨੂੰ ਜੋ ਯੂਸਫ-ਜ਼ਈ ਦੇ ਇਲਾਕੇ ਦੇ ਰਸਤੇ ਹੋਤੀ ਜਾਣਾ ਚਾਹੁੰਦੇ ਸਨ, ਕੁਛ ਜੁਆਨ ਨਾਲ ਜਾ ਕੇ ਪਹੁੰਚਾ ਆਉਣ। ਪਿਸ਼ੌਰ ਤੋਂ ਇਕ ਕਾਫਲਾ ਕਾਬਲ ਜਾਣ ਲਈ ਤਿਆਰ ਸੀ, ਪਰ ਇਸ ਕਾਫਲੇ ਦੀ ਅਗੁਵਾਨੀ ਬੀ ਆਗਾ ਖਾਂ ਕਰੇ। ਕਿਉਂਕਿ ਖਾਨ ਨੂੰ ਹਸਨ ਖਾਂ ਵਲੋਂ ਸੰਦੇਸ਼ਾ ਪੁੱਜ ਚੁੱਕਾ ਸੀ ਕਿ ਆਗਾ ਖਾਂ ਦੀ ਖਾਤਰ ਕਰੇ ਤੇ ਉਸਨੂੰ ਛੇਤੀ ਵਾਪਸ ਕਰੇ, ਉਹ ਬੱਚਾ ਹੈ ਤੇ ਉਸਦਾ ਇਹ ਪਹਿਲਾ ਸਫਰ ਹੈ। ਸੋ ਆਪਣੇ ਜੱਥੇ ਨੂੰ ਪਿਸ਼ਾਵਰ ਛੱਡ ਕੇ ਕੁਛ ਸਿਪਾਹੀਆਂ ਨੂੰ ਨਾਲ ਲੈ ਹੋਤੀ ਅਪੜਨ ਵਾਲੇ ਵਪਾਰੀਆਂ ਸਣੇ ਆਗਾ ਹੋਤੀ ਆਇਆ। ਏਥੇ ਪਿਸ਼ਾਵਰ ਦੇ ਖਾਨ ਦਾ ਮਹਿਮਾਨ ਰਿਹਾ। ਜਸਵੰਤ ਸਿੰਘ ਤੇ ਸਾਥੀਆਂ ਨੇ ਧਰਮਸਾਲੇ ਡੇਰੇ ਕੀਤੇ ਤੇ ਅੱਗੇ ਟੁਰਨ ਦੇ ਪ੍ਰਬੰਧ ਸੋਚਣ ਲੱਗੇ। ਖਾਨ ਤੇ ਇਕ ਦਿਨ ਆਗਾ ਖਾਂ ਨੂੰ ਸ਼ਿਕਾਰ ਖਿਡਾਯਾ। ਸ਼ਿਕਾਰ ਖੇਡਦੇ ਇਹ ਤਖਤਬਾਹੀ ਦੀ ਪਹਾੜੀ ਤੇ ਜਾ ਚੜ੍ਹੇ। ਉਪਰ ਜਾ ਕੇ ਤੇ ਖੰਡਰ ਖੋਲੇ ਵੇਖ ਕੇ ਆਗਾ ਖਾਂ ਨੂੰ ਪਤਾ ਲੱਗਾ ਕਿ ਇਸ ਪਹਾੜੀ ਉਤੇ ਕਦੇ ਕਾਫਰਾਂ (ਬੋਧੀਆਂ) ਦੇ ਬੜੇ ਮੰਦਰ ਤੇ ਮਦਰੱਸੇ ਸਨ। ਮਿੱਟੀਆਂ ਹੇਠ ਸਭ ਕੁਛ ਦਬ ਰਿਹਾ ਸੀ, ਪਰ ਕਿਤੇ ਕਿਤੇ ਕੁਛ ਨੰਗਾ ਬੀ ਸੀ। ਟੁੱਟੇ ਬੁੱਤਾਂ ਦੇ ਟੁਕੜੇ, ਨੱਕ ਕੱਟ ਦਿੱਤੇ ਹੋਏ, ਕਈ ਇਮਾਰਤਾਂ ਦੀਆਂ ਕੰਧਾਂ ਤੇ ਚੂਨੇ ਨਜ਼ਰ ਆਏ, ਦੇਖ ਕੇ ਉਸਨੇ ਹਾਉਕਾ ਲਿਤਾ ਤੇ ਆਖਿਆ ਕਿ ਕਮਜ਼ੋਰ ਕੌਮਾਂ ਦੇ ਐਸ੍ਵਰਜ ਜ਼ਬਰਦਸਤ ਕੌਮਾਂ ਤਬਾਹ ਕਰਦੀਆਂ ਹਨ। ਫੇਰ ਡੇਰੇ ਆ ਕੇ ਉਸਨੇ ਓਸ ਥਾਵੇਂ ਇਕੱਲਿਆਂ ਫੇਰਾ ਪਾਇਆ ਜੋ ਕਲਪਾਣੀ ਨਦੀ ਦੇ ਕਿਨਾਰੇ ਜਸਵੰਤ ਸਿੰਘ ਨਾਲ ਮਿਲਣੇ ਦਾ ਠਾਣ ਰੱਖਿਆ ਸੀ। ਇਥੇ ਗੱਲਾਂ ਕਰਦਿਆਂ ਉਸਨੇ ਜਸਵੰਤ ਤੋਂ ਪੁੱਛਿਆ ਕਿ ਸਿੱਖ ਬੀ ਬੁੱਤਪ੍ਰਸਤ ਨਹੀਂ ਹਨ, ਪਰ ਕਦੇ ਉਨ੍ਹਾਂ ਨੇ ਹਿੰਦੂਆਂ ਦੇ ਬੁਤਖਾਨੇ ਗਿਰਾਏ ਹਨ?

ਜਸਵੰਤ ਸਿੰਘ - ਕਦੇ ਨਹੀਂ! ਤੇ ਸਿੱਖ ਨਿਰੇ ਨਾ-ਬੁਤਪ੍ਰਸਤ ਹੀ ਨਹੀਂ ਹਨ, ਸਗੋਂ ਬੁੱਤ ਸ਼ਿਕਨ ਬੀ ਹਨ, ਪਰ ਉਹ ਬੁੱਤ ਜਬਰੀ ਹਥੌੜੇ ਨਾਲ ਨਹੀਂ ਤੋੜਦੇ; ਉਹ ਆਪਣੇ ਉਪਦੇਸ਼ਾਂ ਨਾਲ, ਪਵਿੱਤਰ ਤੇ ਕਣੀ ਵਾਲੇ ਜੀਵਨ ਨਾਲ, ਲੋਕਾਂ ਦੇ ਦਿਲਾਂ ਵਿਚੋਂ ਬੁੱਤਾਂ ਦੇ ਡੇਰੇ ਉਠਾ ਕੇ ਵਾਹਿਗੁਰੂ ਦਾ ਨਿਵਾਸ ਕਰਾ ਦਿੰਦੇ ਤੇ ਬੁੱਤ ਤੁੜਵਾ ਦਿੰਦੇ ਹਨ। ਬੁੱਤ ਸ਼ਿਕਨ ਤਾਂ ਆਪਣੇ ਇੰਦੀਏ ਵਿੱਚ ਨਾ-ਕਾਮਯਾਬ ਰਹਿੰਦਾ ਹੈ, ਕਿਉਂਕਿ ਉਸ ਨੇ ਜਦ ਮੰਦਰ ਤੇ ਬੁੱਤ ਤਾਕਤ ਨਾਲ ਤੋੜ ਲਏ, ਤਦੋਂ ਬੀ ਲੋਕਾਂ ਦੇ ਦਿਲਾਂ ਵਿੱਚ ਬੁੱਤ ਵੱਸਦੇ ਰਹਿੰਦੇ ਹਨ, ਸਮਾਂ ਪਾ ਕੇ ਦਿਲਾਂ ਦੇ ਬੁੱਤ ਫਿਰ ਮਿੱਟੀਆਂ ਪੱਥਰਾਂ ਦੇ ਬੁੱਤ ਘੜ ਲੈਂਦੇ ਹਨ। ਫਿਰ ਜੋ ਜ਼ਬਰਦਸਤੀ ਦੀਨ ਦੀ ਈਨ ਮਨਾ ਕੇ ਆਪਣੇ ਮਜ਼ਹਬ ਵਿਚ ਲੋਕਾਂ ਨੂੰ ਮਿਲਾ ਲੈਂਦੇ ਹਨ, ਉਹ ਬੀ ਇਕ ਭੁੱਲ ਕਰਦੇ ਹਨ, ਕਿਉਂਕਿ ਇਹ ਭਾਰੀ ਅੰਨਯਾਇ ਹੈ ਤੇ ਤਾਕਤ ਦੇ ਅੱਗੇ ਉੱਚੇ ਮਨਾਂ ਵਾਲੇ ਤੇ ਸ਼ਰੀਫ ਦਿਲਾਂ ਵਾਲੇ ਝੁਕਦੇ ਨਹੀਂ, ਉਹ ਤਾਂ ਮੌਤ ਕਬੂਲ ਕਰਦੇ ਹਨ, ਬਾਕੀ ਕਮਜ਼ੋਰ, ਕਾਇਰ ਤੇ ਕਮੀਨੇ ਦਿਲ ਜ਼ੋਰ ਤੇ ਲਾਲਚ ਅੱਗੇ ਝੁਕ ਕੇ ਦੀਨ ਕਬੂਲਦੇ ਹਨ, ਐਸੇ ਲੋਕਾਂ ਦੇ ਦੀਨ ਵਿੱਚ ਆ ਜਾਣ ਨਾਲ ਦੀਨ ਦੀ ਇਖਲਾਕੀ ਸੁਰ ਨੀਵੀਂ ਪੈਣ ਲੱਗ ਜਾਂਦੀ ਹੈ। ਕਿਸੇ ਇਨਸਾਨੀ ਖਿਆਨ ਨੂੰ ਮੋੜਾ ਦੇਣ ਲਈ ਪ੍ਰੇਰਨਾ ਹੀ ਠੀਕ ਤਰੀਕਾ ਹੈ, ਜਬਰ ਨਾਲ ਲੋਕਾਂ ਨੂੰ ਗੁਲਾਮ ਬਨਾਉਣ ਵਾਲੀ ਕੌਮ ਸਮਾਂ ਪਾ ਕੇ ਉਸੇ ਆਪਣੇ ਜ਼ੁਲਮ ਦੇ ਵਤੀਰੇ ਕਾਰਨ ਇਹੋ ਜਿਹੀਆਂ ਗਲਤੀਆਂ ਕਰ ਕਰਕੇ ਇਖਲਾਕ ਵਿਚ

ਗਿਰ ਜਾਂਦੀ ਹੈ। ਨਿਰੇ ਬੁੱਤ ਹੀ ਬੁੱਤ ਨਹੀਂ, ਇਹ ਬੁਤਖਾਨਾ ਇਨਸਾਨ ਦੇ ਦਿਲ ਵਿੱਚ ਬੀ ਹੈ। ਸਿੱਖ ਦਿਲਾਂ ਦੇ ਬੁੱਤਾਂ ਨੂੰ ਬੀ ਢਾਉਂਦੇ ਹਨ। ਵਾਹਿਗੁਰੂ ਤੋਂ ਵਧੀਕ ਆਪਣੇ ਦਿਲ ਵਿਚ ਜਾਨ, ਮਾਲ, ਇੱਜ਼ਤ, ਪੁੱਤ੍ਰ, ਇਸਤ੍ਰੀ ਕਿਸੇ ਹੀ ਹੋਰ ਨੂੰ ਪਿਆਰ ਕਰਨਾ ਇਕ ਵੱਡੀ ਬੁੱਤਪ੍ਰਸਤੀ ਹੈ, ਜੋ ਮੋਮਨ ਤੇ ਬੁੱਤ ਸ਼ਿਕਨ ਲੋਕ ਆਪ ਵੀ ਕਰਦੇ ਹਨ, ਸਿੱਖ ਇਸ ਬੁੱਤਪ੍ਰਸਤੀ ਦਾ ਦਾਰੂ ਵੀ ਸਿਖਾਲਦੇ ਹਨ।

ਕੁਛ ਦਿਨ ਇਹੋ ਗੱਲ ਰਹੀ ਕਿ ਤੜਕਸਾਰ ਕਲਪਾਣੀ ਨਦੀ ਦੇ ਕਿਨਾਰੇ ਆਗਾ ਖਾਂ, ਜਸਵੰਤ ਸਿੰਘ ਤੇ ਸਾਂਈਂ ਨੇ ਮਿਲ ਗਿਲ ਲੈਣਾ ਤੇ ਪੰਜਾਬ ਦੇ ਸਫਰ ਦੀ ਤਿਆਰੀ ਗਿਣ ਗੱਠ ਲੈਣੀ ਤੇ ਹੋਰ ਮਾਮਲੇ ਵਿਚਾਰ ਲੈਣੇ। ਅੰਤ ਪਿਸ਼ਾਵਰ ਦਾ ਕਾਫਲਾ ਆ ਗਿਆ, ਕੁਛ ਲੋਕ ਹੋਤੀ ਤੋਨ ਨਾਲ ਰਲੇ, ਕਾਬਲ ਨੂੰ ਕੂਚ ਦੀ ਤਿਆਰੀ ਹੋਈ। ਹੁਣ ਆਗਾ ਖਾਂ ਤਿੰਨ ਦਿਨ ਜਸਵੰਤ ਸਿੰਘ ਨੂੰ ਨਹੀਂ ਮਿਲ ਸਕਿਆ। ਇਧਰ ਇਸ ਨੇ ਇਹ ਪ੍ਰਬੰਧ ਕੀਤਾ ਕਿ ਆਪਣਾ ਇਕ ਨਾਇਬ ਜੱਥੇਦਾਰ ਥਾਪ ਕੇ ਰੁਪਿਆ ਤੇ ਸਾਮਾਨ ਉਸ ਦੀ ਸਪੁਰਦੀ ਵਿਚ ਦੇ ਕੇ ਕਾਫਲੇ ਨੂੰ ਫੌਜ ਦੇ ਦਸਤੇ ਸਮੇਤ ਮਾਲਾਕਾਂਦ ਟੋਰਿਆ ਤੇ ਆਖਿਆ ਕਿ ਤੁਸੀਂ ਦਰਗਈ ਡੇਰੇ ਪਾਓ ਤੇ ਮੈਂ ਏਥੇ ਖਾਨ ਹੋਤੀ ਪਾਸ ਦੋ ਚਾਰ ਦਿਨ ਠਹਿਰਨਾ ਹੈ, ਤੁਸੀਂ ਚੱਲੋ ਤੇ ਮੈਂ ਮਗਰੇ ਅੱਪੜਾਂਗਾ। ਸੋ ਆਗਾ ਇਨ੍ਹਾਂ ਨੂੰ ਟੋਰ ਕੇ ਆਪ ਖਾਨ ਦਾ ਮਹਿਮਾਨ ਰਿਹਾ।

ਆਗਾ ਤੇ ਜਸਵੰਤ ਸਿੰਘ ਸੰਝ ਨੂੰ ਜਦ ਮਿਲੇ ਤਾਂ ਆਗਾ ਖਾਂ ਨੇ ਆਪਣੇ ਦਸਤੇ ਨੂੰ ਮਾਲਾਕਾਂਦ ਵੱਲ ਅੱਗੇ ਟੋਰ ਦੇਣ ਦਾ ਹਾਲ ਦੱਸਿਆ, ਤਾਂ ਜਸਵੰਤ ਸਿੰਘ ਨੇ ਕਿਹਾ ਕਿ ਤੁਸਾਂ ਜੋ ਦਸਤੇ ਨੂੰ ਕਿਹਾ ਹੈ ਕਿ ਤੁਸੀਂ ਫਲਾਣੀ ਥਾਂ ਡੇਰੇ ਕਰੋ ਤੇ ਮੈਂ ਦੋ ਚਾਰ ਦਿਨਾਂ ਨੂੰ ਆ ਮਿਲਾਂਗਾ, ਇਹ ਹੈ ਦੁਨਿਆਵੀ ਨੀਤੀ, ਪਰ ਸਿੱਖਾਂ ਵਿਚ ਰਵਾ ਨਹੀਂ, ਸਿੱਖ ਆਪਣੀ ਨੀਤੀ ਦੀ ਨੀਂਹ ਬੀ ਸੱਚ ਉਤੇ ਧਰਦਾ ਹੈ, ਝੂਠ ਨਹੀਂ ਬੋਲਦਾ। ਮੈਨੂੰ ਬੀ ਦਿੱਸਦਾ ਹੈ ਕਿ ਦਸਤੇ ਤੋਂ ਛੁੱਟਣਾ ਕਠਨ ਕੰਮ ਹੈ ਸੀ, ਪਰ ਸਿੱਖ ਦੀ ਰਸਨਾ ਝੂਠ ਨਾਲ ਵਾਕਫੀ ਨਹੀਂ ਰੱਖਦੀ। ਸਿੱਖ ਨੂੰ ਜਦ ਨੀਤੀ ਦਾ ਵੇਲਾ ਆਵੇ ਤਾਂ ਉੱਚੀ ਅਕਲ ਨਾਲ ਮਾਮਲੇ ਨਜਿੱਠਦਾ ਹੈ। ਪਰ ਇਹ ਤੁਹਾਡਾ ਕਸੂਰ ਨਹੀਂ, ਤੁਸੀਂ ਆਪਣੀ ਕੌਮ ਵਿਚ ਜੰਮੇ ਪਲੇ ਨਹੀਂ ਤੇ ਤੁਹਾਨੂੰ ਆਪਣੀ ਕੌਮ ਦੇ ਹਾਲ ਦਾ ਪਤਾ ਨਹੀਂ।

ਆਗਾ ਖਾਂ - ਜਦੋਂ ਵੀਰ ਜੀ, ਸਾਡਾ ਵੈਰੀ ਝੂਠ ਹੋਵੇ, ਚਾਲਾਕ ਤੇ ਰਿੰਦ ਹੋਵੇ, ਸਾਨੂੰ ਦਾਉ ਘਾਉ, ਫਰੇਬ ਛਲ ਨਾਲ, ਜਿਸਨੂੰ ਉਹ ਨੀਤੀ ਆਖੇ, ਮਾਰੇ ਤਦ ਉਸਦੇ ਮਾਰਨ ਲਈ ਬੀ ਝੂਠ, ਛਲ, ਫਰੇਬ ਅਰਥਾਤ ਉਸੇ ਵਰਗੀ ਨੀਤੀ ਰਵਾ ਨਹੀਂ?

ਜਸਵੰਤ ਸਿੰਘ - ਮੈਨੂੰ ਬੀ ਦੇਸੋਂ ਨਿਖੜਿਆਂ ਮੁੱਦਤ ਬੀਤ ਚੁੱਕੀ ਹੈ, ਪਰ ਜੋ ਦਾਤਾ ਸਿੱਖ ਜੀ ਕਾਬਲ ਵਿਚ ਮੈਨੂੰ ਰੱਬ ਦੇ ਰਸਤੇ ਪਾ ਗਏ ਹਨ ਉਹ ਦਸਦੇ ਸਨ ਕਿ ਸਿੱਖ ਕਿਸੇ ਵੇਲੇ ਝੂਠ ਦੇ ਰਸਤੇ ਨਹੀਂ ਪੈਂਦੇ, ਕਿਉਂਕਿ ਸਿੱਖ ਭੁੱਲ ਵੱਲ ਰੁੱਖ ਰੱਖਣ ਵਾਲਾ ਜੀਵ ਨਹੀਂ, ਸਿੱਖ 'ਯਾਦ' ਵਿਚ ਵੱਸਦਾ ਹੈ, ਇਸ ਕਰਕੇ ਜੀਉਂਦਾ ਹੈ। ਉਹ ਸੱਚ ਤੇ ਖੜੋ ਕੇ ਹੀ ਆਪਣੇ ਪੈਰਾਂ ਤੇ ਘੁੰਮ ਕੇ ਸਾਰੇ ਜਹਾਨ ਨੂੰ ਚੱਕਰ ਦੇ ਲੈਂਦਾ ਹੈ। ਝੂਠੇ ਬੰਦੇ ਕਦੇ ਕੌਮ ਦਾ ਕੁਝ ਨਹੀਂ ਸਾਰ ਸਕਦੇ। ਝੂਠ ਤਾਂ ਪਰਵਿਰਤ ਹੀ ਤਦੋਂ ਬਹੁਤਾ ਹੋ ਸਕਦਾ ਹੈ, ਜਦੋਂ ਖੁਦਗਰਜ਼ ਲੋਕ ਕਿਸੇ ਖੁਦਗਰਜ਼ੀ ਦੇ ਹਾਣ ਲਾਭ ਲਈ ਇਕੱਠੇ ਹੋਣ। ਉਹ ਝੂਠ ਦੀ ਮਦਦ ਲੈ ਕੇ ਜਦ ਸਾਂਝੇ ਵੈਰੀ ਨੂੰ ਮਾਰ ਲੈਂਦੇ ਹਨ ਤਾਂ ਫੇਰ ਪਿੱਛੋਂ ਆਪੋ ਵਿੱਚ ਝੂਠ ਦੇ ਵਰਤਾਉ ਕਰਕੇ ਬੇਵਸਾਹੀ ਦੇ ਕਾਰਨ ਪਾਟਦੇ ਹਨ। ਸਾਂਈਂ ਵੱਲ ਰੁਖ ਰੱਖਣ ਵਾਲੇ, ਬੀਰ ਰਸੀਏ ਬਾਂਕੁਰੇ, ਸੱਚ ਤੇ ਖੜ੍ਹੇ ਹੋ ਕੇ ਸੱਚੀ ਸੂਰਮਗਤੀ ਵਿਚ ਵਰਤਦੇ ਹਨ। ਸਾਡੇ ਗੁਰਾਂ ਦਾ ਵਾਕ ਹੈ, 'ਹਰਿ ਨਾਮੈ ਕੇ ਹੋਵਹੁ ਜੋੜੀ' ਕਿ ਵਾਹਿਗੁਰੂ ਦੇ ਨਾਮ ਵਾਲੇ ਹੋ ਕੇ ਜੁੜੋ। ਜਥੇਬੰਦੀ ਹਰਿਨਾਮ ਵਾਲਿਆਂ ਦੀ ਹੈ, ਜਿਨ੍ਹਾਂ ਵਿਚ ਦੁਬਿਧਾ ਨਹੀਂ ਪੈਂਦੀ। ਸਭਾ ਅਰਥਾਤ ਜਥੇਬੰਦੀ ਗੁਰਮੁਖਾਂ ਦੀ ਹੈ ਅਸਲੀ, ਜਿਸ ਵਿਚ ਵੈਰ ਨਹੀਂ ਹੁੰਦਾ।

ਇਸ ਵਿਚਾਰ ਦੇ ਮਗਰੋਂ ਹੁਣ ਵਿਚਾਰ ਇਸ ਪਾਸੇ ਪਈ ਕਿ ਅੰਮ੍ਰਿਤਸਰ ਕਿਕੂੰ ਅੱਪੜੀਏ? ਖਤਰੇ ਤੋਂ ਖਾਲੀ ਸਫਰ ਕਿਸੇ ਭੇਸ ਵਿਚ ਨਹੀਂ ਸੀ। ਹਿੰਦੂ ਵੇਸ ਲਈ ਮੁਸਲਮਾਨਾਂ ਦਾ ਡਰ ਸੀ ਤੇ ਮੁਸਲਮਾਨ ਵੇਸ ਲਈ ਜਗ੍ਹਾ ਜਗ੍ਹਾ ਫਿਰ ਨਿਕਲੇ ਮਰਹੱਟੇ ਦਸਤਿਆਂ ਦਾ ਡਰ। ਸਿੱਖ ਵੇਸ ਵਿਚ ਦੋਹਾਂ ਦਾ ਡਰ। ਆਖਰ ਇਸੇ ਸਿੱਟੇ ਤੇ ਅੱਪੜੇ ਕਿ ਪੰਜਾਬੀ ਮੁਸਲਮਾਨ ਦੇ ਵੇਸ ਵਿੱਚ ਖਤਰਾ ਘੱਟ ਹੈ। ਆਗਾ ਖਾਂ ਦੀ ਮਰਜ਼ੀ ਕੁਛ ਹੋਰ ਠਹਿਰਨ ਦੀ ਸੀ, ਪਰ ਜਸਵੰਤ ਨੇ ਕਾਹਲੀ ਚੰਗੀ ਸਮਝੀ। ਸੋ ਅਗਲੇ ਹੀ ਦਿਨ ਤੜਕਸਾਰ ਕੂਚ ਹੋ ਗਈ। ਲਿਬਾਸ ਸਭ ਦੇ ਪੋਠੋਹਾਰੀ ਮੁਸਲਮਾਨਾਂ ਦੇ ਸਨ, ਸਵਾਰੀ ਘੋੜਿਆਂ ਦੀ, ਨਾਲ ਲੋੜ ਜੋਗਾ ਲਟਾਪਟਾ ਖੱਚਰਾਂ ਉਤੇ ਸੀ। ਜੱਥੇ ਵਿਚ ਸਨ - ਆਗਾ ਖਾਂ, ਜਸਵੰਤ ਸਿੰਘ ਤੇ ਸਾਂਈਂ ਜੀ, ਲੱਧਾ ਸਿੰਘ ਤੇ ਲੱਧਾ ਸਿੰਘ ਦਾ ਉਮਰਾਂ ਦਾ ਇਤਬਾਰੀ ਨੌਕਰ। ਆਪੋ ਵਿੱਚ ਭੇਤ ਖੁਲ੍ਹ ਚੁੱਕੇ ਤੇ ਪਿਆਰ ਪੈ ਚੁੱਕੇ ਸਨ ਪਰ ਦਾਨੀ ਸਤਵੰਤ ਕੌਰ ਦਾ ਭੇਤ ਕਿ ਇਹ ਇਕ ਕੰਨਿਆ ਹੈ ਅਰ ਗੱਭਰੂ ਸਿੱਖ ਨਹੀਂ ਅਜੇ ਤੱਕ ਸਰਬੰਦ ਭੇਤ ਸੀ। ਹੋਤੀ ਤੋਂ ਤੁਰ ਕੇ ਇਹ ਸ਼ਾਹਬਾਜ਼ ਗੜ੍ਹੇ ਅੱਪੜੇ। ਇਹ ਇਲਾਕਾ ਪਹਾੜੀਆਂ ਟਿਲਿਆਂ ਨਾਲ ਸ਼ਸੋਭਤ, ਫੇਰ ਪੱਧਰਾਂ ਤੇ ਹਰਿਆ ਭਰਿਆ ਬੜਾ ਸੁੰਦਰ ਹੈ।

ਇਹ ਉਹ ਧਰਤੀ ਹੈ ਜੋ ਸਤਵੰਤ ਕੌਰ ਵਾਂਗੂੰ ਬੜੇ ਦੁੱਖੜੇ ਭੋਗ ਚੁੱਕੀ ਹੈ। ਕਦੇ ਸਮਾਂ ਸੀ ਕਿ ਇਥੇ ਆਰਯਾ ਕੁਲ ਦੇ ਵੱਡਿਆਂ ਪੈਰ ਪਾਏ ਸਨ ਤੇ ਸਹਿਜੇ ਸਹਿਜੇ ਇਕ ਸਭਯ ਮਾਲਦਾਰ ਤੇ ਜ਼ੋਰਦਾਰ ਕੌਮ ਬਣ ਗਏ ਸਨ। ਜਿਸਨੂੰ ਅੱਜਕੱਲ੍ਹ ਪਿਸ਼ੌਰ ਦਾ ਇਲਾਕਾ ਆਖਦੇ ਹਨ, ਇਸ ਸਾਰੇ ਤੇ ਹੋਰ ਗਿਰਦ ਦੇ ਇਲਾਕੇ ਦਾ ਨਾਮ ਤਦੋਂ 'ਗਾਂਧਾਰ' ਰਾਜ ਸੀ। ਬੜੇ ਬੜੇ ਬਲੀ ਰਾਜੇ ਮਹਾਰਾਜੇ ਏਥੇ ਰਾਜ ਕਰ ਗਏ ਹਨ। ਇਥੋਂ ਪਿਸ਼ੋਰ ਜਿਸ ਦਾ ਹੁਣ ਵਾਲਾ ਨਾਮ 'ਪੇਸ਼ਾਵਰ' ਅਕਬਰ ਨੇ ਬਦਲਿਆ ਸੀ, ਰਾਜਾ 'ਪੋਰਸ' ਦੀ ਵਸਾਈ ਰਾਜਧਾਨੀ ਸੀ, ਜਿਸਨੂੰ ਉਸਨੇ 'ਪੋਰਸ਼ ਪੁਰਾ' ਦਾ ਨਾਮ ਦਿੱਤਾ ਸੀ। ਅੱਜ ਤੋਂ ਬਾਰਾਂ ਚੌਦਾਂ ਸੌ ਬਰਸ ਪਹਿਲੇ ਜੋ ਚੀਨੀ ਮੁਸਾਫਿਰ ਆਏ, ਉਹ ਲੋਕ ਬੀ ਏਸ ਰਾਜਧਾਨੀ

(ਪਿਸ਼ੌਰ) ਦਾ ਨਾਮ, 'ਪੋਰੁਸ਼ਾ ਪੁਰਾ' ਦੇ ਲਗਭੱਗ ਹੀ ਲਿਖਦੇ ਹਨ। ਏਥੇ ਪਹਿਲੇ ਹਿੰਦੂ ਧਰਮ ਦਾ ਹੀ ਜ਼ੋਰ ਸੀ। 'ਪਾਣਨੀਯ' ਵਰਗੇ ਪੰਡਤ ਇਸੇ ਧਰਤੀ ਵਿਚ ਪੈਦਾ ਹੋਏ। ਜਿਥੇ ਅੱਜਕੱਲ੍ਹ 'ਲਹੌਰ' ਨਾਮੇ ਪਿੰਡ ਹੈ, ਇਥੇ ਪੁਰਾਣੇ ਨਗਰ 'ਸਾਲਤੂਰਾ' ਦੇ ਖੰਡਰਾਤ ਢੇਰੀ ਹੋਏ ਪਏ ਹਨ, ਇਸ ਨਗਰੀ ਨੇ ਸੰਸਕ੍ਰਿਤ ਦੇ ਪ੍ਰਸਿੱਧ ਵਯਾਕਰਣੀ ਪੰਡਤ ਪਾਣਨੀਯ ਨੂੰ ਜਨਮ ਦਿੱਤਾ ਸੀ।

ਫੇਰ ਇਹ ਸਾਰਾ ਦੇਸ਼ ਬੋਧੀ ਹੋ ਗਿਆ ਤੇ ਬੋਧੀ ਮੰਦਰ, ਬੁੱਤ ਤੇ ਕਾਰੀਗਰੀ ਦਾ ਭਾਰੀ ਟਿਕਾਣਾ ਹੋਇਆ। ਪੁਰਾਣੇ ਨਗਰ 'ਊਦਾਬੰਧ' ਤੇ ਅੱਜਕੱਲ੍ਹ ਦੇ ਉਂਦ ਤੇ ਬਾਬਰ ਦੇ ਦੱਸੇ, 'ਦ੍ਵਾਰਹਿੰਦ' ਨਾਮੇ ਪਿੰਡ ਤੋਂ ਇਹ ਥਾਂ ਸੱਤ ਅੱਠ ਮੀਲ ਦੇ ਫਾਸਲੇ ਤੇ ਹੈ। ਇਸੇ ਧਰਤੀ ਤੇ ਯੂਨਾਨੀ 'ਸਿਕੰਦਰ' ਵਰਗੇ ਆਏ ਤੇ ਇਸਦੀ ਵਸੋਂ ਤੇ ਪ੍ਰਤਾਪ ਦੀ ਮਹਿਮਾ ਕਰਦੇ ਗਏ। ਚੰਦਰ ਗੁਪਤ ਤੇ ਅਸ਼ੋਕ ਵਰਗੇ ਮਹਾਂਬਲੀ ਦੀ ਮਹਿਮਾ ਕਰਦੇ ਗਏ। ਚੰਦਰ ਗੁਪਤ ਤੇ ਅਸ਼ੋਕ ਵਰਗੇ ਮਹਾਂਬਲੀ ਦਾ ਡੰਕਾ ਇਥੇ ਗੱਜ ਚੁੱਕਾ ਹੈ। ਇਸ ਤੋਂ ਮਗਰੋਂ ਪੱਛਮੀ ਤੇ ਹਿੰਦੀ ਮਿਲਵੇਂ ਲੋਕਾਂ ਦੇ ਪ੍ਰਤਾਪ ਦਾ ਇਹ ਪੰਘੂੜਾ ਝੂਟਦਾ ਰਿਹਾ ਸਿਥੀਅਨ ਯੂਨਾਨੀ ਤੇ ਦੋਵੇਂ ਰਲ ਮਿਲ ਕੇ ਬਣੇ ਹਿੰਦੀ ਰਾਜੇ ਰਾਜ ਕਰਦੇ ਰਹੇ। ਕਨਿਸ਼ਕ ਵਰਗੇ ਮਹਾਰਾਜ ਏਥੇ ਰਾਜ ਕਰ ਗਏ ਸਨ। ਚੀਨੀ ਮੁਸਾਫਰ ਦੱਸਦੇ ਹਨ ਕਿ ਇਹ ਗਾਂਧਾਰ ਦੇਸ਼ ਆਪਣੀ ਸਬਜ਼ੀ, ਫੁੱਲਾਂ, ਫਲਾਂ, ਪੈਦਾਵਾਰ, ਜੰਗਲਾਂ, ਬਾਗਾਂ, ਰਿਸ਼ੀਆਂ, ਚਸ਼ਮਿਆਂ, ਠੰਢੀਆਂ ਛਾਵਾਂ ਕਰਕੇ ਅਤਿਅੰਤ ਸੁੰਦਰ ਦੇਸ਼ ਹੈ। ਭਾਵੇਂ ਅੱਜਕੱਲ੍ਹ ਭੀ ਭੂਮੀ ਧਨ ਉਪਜਾਊ ਹੈ, ਪਰ ਨਾ ਉਹ ਜੰਗਲ ਹਨ, ਨਾ ਉਹ ਬਾਗਾਤ, ਨਾ ਉਹ ਚਸ਼ਮੇ ਤੇ ਨਾ ਉਹ ਕੁਦਰਤੀ ਰੰਗ। ਮਹਿਮੂਦ ਗਜ਼ਨਵੀ ਨੇ ਏਸ ਇਲਾਕੇ ਨੂੰ ਤਬਾਹ ਕੀਤਾ। ਕੋਮਲ ਉਨਰਾਂ ਦੇ ਬਣੇ ਮੰਦਰ, ਖੂਬਸੂਰਤ ਟੋਪੇ, ਬੋਧੀ ਵਿਹਾਰੇ ਢਾਹ ਢੇਰੀ ਕਰ ਦਿੱਤੇ। ਕੁਛ ਸਮੇਂ ਤੱਕ ਤਾਂ ਹਿੰਦੂ ਦੁਖ ਜ਼ੁਲਮ ਕਤਲਾਂ ਝੱਲਦੇ ਨਿਭਦੇ ਰਹੇ ਪਰ ਫੇਰ ਕਈ ਪਠਾਣੀ ਕੌਮਾਂ ਨੇ ਜ਼ਿੰਮੀਦਾਰੀ ਖੋਹਣੀ ਸ਼ੁਰੂ ਕੀਤੀ। ਸਹਿਜੇ ਸਹਿਜੇ ਸਭ ਹਿੰਦੂ ਤੇ ਬੁੱਧ ਨਿਸ਼ਾਨ ਗੁੰਮ ਹੋ ਗਏ, ਹਿੰਦੁਸਤਾਨੀ ਕਤਲ ਹੋ ਗਏ, ਮੁਸਲਮਾਨ ਹੋ ਗਏ ਯਾ ਅਟਕੋਂ ਉਰਾਰ ਟੁਰ ਆਏ। ਕੇਵਲ ਪਿੰਡ ਦਾ ਹਟਵਾਣੀਆਂ ਮੁਸਲਮਾਨਾਂ ਵਿਚ ਰਹਿ ਗਿਆ, ਯਾ ਮਗਰੋਂ ਫੇਰ ਕੋਈ ਜਾ ਵਸਿਆ। ਹੁਣ ਸਾਰਾ ਇਲਾਕਾ ਪਠਾਣੀ ਹੈ, ਹਿੰਦੂ ਸਿੱਖ ਵਸੋਂ ਬੜੀ ਘੱਟ ਹੈ। ਸਿੱਖਾਂ ਦੇ ਅਹਿਦ ਵੇਲੇ ਕੁਝ ਦੌਰ ਪਰਤਿਆ ਸੀ, ਪਰ ਉਹ ਰਾਜ ਛੇਤੀ ਹੀ ਸੁਪਨਾ ਹੋ ਗਿਆ। ਕੁਦਰਤ ਦੇ ਰੰਗ ਦੇਖੋ ਯਾ ਇਤਿਹਾਸ ਤੋਂ ਸਿੱਖ ਮਤ ਲਵੋ ਤਾਂ ਵਿਚਾਰ ਉਪਜਦੀ ਹੈ ਕਿ ਜਦ ਗਾਂਧਾਰ ਦੇ ਰਸਮ ਪ੍ਰਸਤ ਲੋਕੀਂ ਆਪੋ ਵਿੱਚ ਫਟ ਗਏ ਤਦ ਸਨੇ ਸਨੇ ਪ੍ਰਤਾਪਸ਼ਲਿ ਹਿੰਦੂ ਤੇ ਬੋਧੀ ਵਾਸੀਆਂ ਦਾ ਪਾਣਨੀਯ ਵਰਗਿਆਂ ਨੂੰ ਜਨਮ ਦੇਣ ਵਾਲਾ ਇਲਾਕਾ ਬੋਧੀਆਂ ਦੀ ਭੀਮ ਦੇਵੀ, ਬੁੱਧ ਜੀ ਦੀ ਸਮਾਧ, ਤਖਤ ਬਾਹੀ ਦੇ ਵਿਦਿਆ ਆਸ਼ਰਮਾਂ, ਪੋਰੁਸ਼ਪੁਰਾ, ਪੁਸ਼ਕ੍ਰਾਵਤੀ, ਪੋਲੂਸ਼ੂ ਤੇ ਊਦਾਬੰਧ ਵਰਗੇ ਪ੍ਰਤਾਪਸ਼ੀਲ ਸ਼ਹਿਰਾਂ ਤੇ ਭਾਰੀਆਂ ਮੰਡੀਆਂ ਵਾਲਾ ਦੇਸ਼ ਫਿਰ ਹਸਤ ਨਗਰ ਵਰਗੇ ਅੱਠ ਘੁੱਗ ਵਸਦੇ ਨਗਰਾਂ ਤੇ ਹਜ਼ਾਰਾਂ ਟੋਪਾਂ ਤੇ ਮੰਦਰਾਂ ਵਾਲਾ ਇਲਾਕਾ ਉਨ੍ਹਾਂ ਲਈ ਪਰਦੇਸ਼ ਤੇ ਯਵਨਭੂਮੀ ਹੋ ਗਿਆ। ਜਿਥੇ ਸਾਰੇ ਹਿੰਦ ਦੇ ਲੋਕ ਤੀਰਥ ਯਾਤਰਾ ਨੂੰ ਜਾਇਆ ਕਰਦੇ ਸਨ, ਓਥੇ ਜਾਣਾ ਹਿੰਦੂਆਂ ਨੇ ਕਹਿ ਦਿਤਾ ਕਿ ਮੁਸਲਾਮਨ ਹੋਣ ਤੁੱਲ ਹੈ, 'ਅਟਕ ਪਾਰ ਗਿਆ ਸੋ ਹਿੰਦੂ ਨਾ ਰਿਹਾ।' ਫਿਰ ਇਸ ਹਿੰਦੁਸਤਾਨੀ ਖਮੀਰ ਦੀ ਗਾਫਲਤਾਈ ਦੇ ਦਲਿੱਦਰ ਵਲ ਤੱਕੋ ਕਿ ਅੱਜ ਕਿਸੇ ਨੂੰ ਸੁਪਨੇ ਮਾਤਰ ਚੇਤਾ ਨਹੀਂ ਹੈ ਕਿ ਇਹ ਧਰਤੀ ਕੀਹ ਸੀ ਤੇ ਕੀਹ ਹੋ ਗਈ। ਜਿਸ ਕੌਮ ਵਿਚ ਕੌਮੀ ਪਿਆਰ ਨਹੀਂ ਰਹਿੰਦਾ ਤੇ ਫੁੱਟ ਆ ਵਸਦੀ ਹੈ ਉਸ ਦਾ ਅੰਤ ਇਹੀ ਹੁੰਦਾ ਹੈ।

ਪਾਠਕ ਜੀ! ਕੀਹ ਤੁਸਾਨੂੰ ਪਤਾ ਹੈ ਕਿ ਜਿਥੇ ਇਸ ਵੇਲੇ ਚਾਰਸੱਦਾ ਤੋਂ ਪ੍ਰਾਗ ਦੋ ਪਿੰਡ ਹਨ ਇੱਥੇ 'ਪੁਸ਼ਕ੍ਰਾਵਤੀ' ਨਾਮੀ ਭਾਰੀ ਨਗਰ ਹੁੰਦਾ ਸੀ। ਕੀਹ ਆਪ ਨੂੰ ਪਤਾ ਹੈ ਕਿ ਜਿਥੇ ਅੱਜਕੱਲ੍ਹ ਸ਼ਾਹਬਾਜ਼ਗੜ੍ਹੀ ਹੈ ਤੇ ਅਸ਼ੋਕ ਦਾ ਭਾਰੀ ਪੱਥਰ ਪਿਆ ਹੈ, ਇਸਦਾ ਨਾਮ ਕਦੇ 'ਵਰਸ਼ਾ ਪੁਰਾ' ਤੇ 'ਪੋਲੁਸ਼ੁ' ਸੀ। ਇਸ ਦੇ ਲਾਗੇ ਦੇ ਟਿੱਲੇ ਉਤੇ ਮੰਦਰ ਸਨ ਤੇ ਰਾਜਕੁਮਾਰ 'ਵਿਸ਼ਵਾਤਰ' ਦੇ ਆਪਣੇ ਦੇਸ਼ ਨਿਕਾਲੇ ਦੇ ਦਿਨ ਕੱਟਣ ਦੀ ਇੱਥੇ ਕੰਦਰਾ ਹੈਸੀ। ਇਥੇ ਹੀ ਇਸ ਰਾਜਾ ਨੇ ਚਿੱਟਾ ਹਾਥੀ ਦਾਨ ਕਰ ਦਿੱਤਾ, ਫੇਰ ਰਥ ਦਾਨ ਕਰ ਦਿਤਾ ਫੇਰ ਪੁੱਤਰ ਦਾਨ ਕਰ ਦਿੱਤੇ ਤੇ ਨਿਰਦਈ ਬ੍ਰਾਹਮਣ ਜੋ ਇਹ ਤਸੀਹੇ ਦੇ ਰਿਹਾ ਸੀ, ਉਨ੍ਹਾਂ ਬੱਚਿਆਂ ਨੂੰ ਮਾਰਦਾ ਹੈ ਤੇ ਖੂਨ ਟਪਕ ਕੇ ਧਰਤੀ ਲਾਲ ਹੋ ਜਾਂਦੀ ਹੈ। ਇਨ੍ਹਾਂ ਘਟਨਾਵਾਂ ਦੇ ਧਰਤੀ ਵਿਚੋਂ ਨਿਕਲੇ ਪੱਥਰਾਂ ਉਤੇ ਉੱਕਰੇ ਚਿੱਤ੍ਰ ਬ੍ਰਿਟਿਸ਼ ਅਜੈਸ ਘਰ ਵਿਚ ਪਏ ਹਨ ਤੇ ਉਸ ਦਾ ਉਤਾਰਾ ਕਲਕੱਤੇ ਦੇ ਅਜੈਬ ਘਰ ਵਿਚ ਪਿਆ ਹੈ। ਕਿਆ ਆਪ ਨੂੰ ਯਾਦ ਹੈ ਕਿ ਇਹ ਸ਼ਾਹਬਾਜ਼ਗੜੀ ਕਦੇ, ਜਦੋਂ ਆਪਣਾ ਨਾਮ 'ਪੋਲੂਸ਼ੁ' ਸਦਾਉਂਦੀ ਸੀ, ਐਸੀ ਸੁੰਦਰ ਤੇ ਰਮਣੀਕ ਜਗ੍ਹਾ ਸੀ ਕਿ ਚੀਨੀ ਮੁਸਾਫਿਰ ਸ਼ੌਂਗਯੁਨ ਅੱਖੀਂ ਦੇਖ ਕੇ ਐਉਂ ਲਿਖਦਾ ਹੈ -

"ਖੁਸ਼ਨੁਮਾ ਚਸ਼ਮੇ ਤੇ ਸੁਆਦੀ ਫਲ ਏਥੇ ਉਹ ਹਨ ਜੋ ਧਰਮ ਪੁਸਤਕਾਂ ਵਿਚ ਲਿਖੇ ਹਨ। ਵਾਦੀਆਂ ਸੁਹਾਵਣੀਆਂ ਗਰਮ ਹਨ ਤੇ ਦਰਖਤ ਸਿਆਲੇ ਬੀ ਹਰੇ ਰਹਿੰਦੇ ਹਨ। ਠੰਢੀ ਹਵਾ ਝੁੱਲਦੀ ਹੈ, ਪੰਛੀ ਗਾਉਂਦੇ ਹਨ ਤੇ ਤਿਤ੍ਰੀਆਂ ਫੁੱਲਾਂ ਦੇ ਫਰਸ਼ਾਂ ਤੇ ਝੂੰਮਦੀਆਂ ਹਨ।"

ਕੀਹ ਤੁਸਾਂ ਨੂੰ ਯਾਦ ਹੈ ਕਿ ਕੋਲ ਖੜ੍ਹੇ 'ਕੜਾਮਾਰ' ਪਹਾੜ ਦਾ ਨਾਮ 'ਭੀਮ ਦੇਵੀ ਪਰਬਤ' ਸੀ, ਜਿਥੇ ਸਾਰਾ ਹਿੰਦ ਅਮਰਨਾਥ ਦੇ ਮੰਦਰ ਵਾਂਗੂੰ ਯਾਤਰਾ ਕਰਨ ਆਯਾ ਕਰਦਾ ਸੀ। ਇਸ ਦੇ ਪੂਰਬਲੇ ਦਾਮਨ ਹੇਠ ਜੋ ਸ਼ੇਵਾ ਪਿੰਡ ਹੈ, ਕੀ ਆਪ ਨੂੰ ਯਾਦ ਹੈ ਕਿ ਇਥੇ ਭਾਰੀ ਸ਼ਿਵ ਮੰਦਰ ਸੀ ਅਰ ਸ਼ਿਵ ਤੋਂ ਹੀ ਹੁਣ ਤਕ 'ਸੇਵਾ' ਨਾਮ ਜਾਰੀ ਹੈ। ਇਸ ਤਰ੍ਹਾਂ 'ਗੰਧਾਰ' ਵਿਚ ਹੁਣ ਜੋ ਢੇਰੀਆਂ ਪਈਆਂ ਹਨ, ਜੈਸੇ 'ਪਰੀਆਨੋ ਢੇਰੀ', ਸਰਾਏਪੱਖੋ ਢੇਰੀ, ਸ਼ਾਹ ਜੀ ਕੀ ਢੇਰੀ ਤੇ ਹੋਰ ਨਾਮ ਸਦਾਂਦੀਆਂ ਹਨ, ਪੁਰਾਣੇ ਮੰਦਰਾਂ, ਬੁੱਧ ਅਸਥਾਨਾਂ ਤੇ ਸ਼ਹਿਰਾਂ ਦੇ ਖੰਡਰ ਹਨ, ਨਹੀਂ ਨਹੀਂ ਖੰਡਰ ਬੀ ਢਹਿ ਢੇਰੀ ਹੋ ਚੁੱਕੇ ਤੇ ਢੇਰੀਆਂ ਹੀ ਰਹਿ ਗਈਆਂ ਹਨ। ਬਾਲਾ ਹਿਸਾਰ ਦਾ ਉੱਚਾ ਥਾਂ ਜਿਸ ਤੋਂ ਕਦੇ ਖਾਲਸਾ ਜੀ ਆਪਣੇ ਰਾਜ ਸਮੇਂ ਕਿਲ੍ਹੇ ਦਾ ਕੰਮ ਲੈਂਦੇ ਰਹੇ, ਬੁੱਧ ਜੀ ਦੇ

ਅੱਖੀਆਂ ਦਾਨ ਕਰਨ ਦਾ ਇਕ ਅਦੁੱਤੀ ਮੰਦਰ ਸੀ। 'ਫਾਹੀਆਨ' ਚੀਨੀ ਮੁਸਾਫਰ ਲਿਖਦਾ ਹੈ ਕਿ ਇਹ ਚਾਂਦੀ ਅਰ ਸੋਨੇ ਨਾਲ ਜੜਤ ਸੀ।

ਸਮੇਂ ਨੇ ਕਿਸ ਤਰ੍ਹਾਂ ਚਾਦਰਾਂ ਵਲ੍ਹੇਟੀਆਂ ਹਨ। ਹਿੰਦੂ ਪ੍ਰਤਾਪ ਦੇ ਸਮੇਂ ਦਾ ਕੋਈ ਮੁਸ਼ਕ ਨਹੀਂ, ਬੁੱਧ ਸਮੇਂ ਦੇ ਪ੍ਰਤਾਪ ਦਾ ਸਿਵਾਏ ਢੇਰੀਆਂ ਦੇ ਕੋਈ ਵਜੂਦ ਨਹੀਂ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਏਥੇ ਕਦੇ ਸਿਵਾਏ ਯੂਸਫਜ਼ਈ ਤੇ ਹੋਰ ਪਠਾਣਾਂ ਦੇ ਕੋਈ ਵੱਸਦਾ ਹੀ ਨਹੀਂ ਸੀ ਤੇ ਜੋ ਪਿੰਡਾਂ ਵਿਚ ਟਾਂਵੇਂ ਟਾਂਵੇਂ ਹਿੰਦੀ ਦਿਸਦੇ ਹਨ, ਮੁਸਾਫਰ ਲੱਗਦੇ ਹਨ, ਮਾਨੋਂ ਇਨ੍ਹਾਂ ਨੂੰ ਪਠਾਣ ਜ਼ਿੰਮੀਦਾਰ ਆਪਣੇ ਸ਼ਾਹੂਕਾਰੇ ਤੇ ਲੇਖੇ ਪੱਤੇ ਦੇ ਕੰਮਾਂ ਲਈ ਲੋੜ ਦੇ ਕਾਰਨ ਰੱਖਦੇ ਆਏ ਹਨ। ਜਾਂ ਉਹ ਲੋਕ ਹਨ ਜੋ ਮਹਾਰਾਜ ਰਣਜੀਤ ਸਿੰਘ ਦੇ ਸਮੇਂ ਵਸੇ ਸਨ।

ਹਿੰਦੁਸਤਾਨ ਦਾ ਹਰ ਫਤਹਿ ਕਰਨ ਵਾਲਾ ਇਸੇ ਰਸਤੇ ਆਯਾ। ਆਰਯ ਆਪ ਇਸੇ ਰਸਤੇ ਆਏ, ਸਿਕੰਦਰ ਇਸੇ ਰਸਤੇ ਆਯਾ। ਸਿਥੀਅਨ ਤੇ ਹੋਰ ਯਵਨ ਤੇ ਅਸੁਰ (ਅਸਿਰੀਅਨ) ਏਸੇ ਰਾਹ ਆਏ। ਅੰਤ ਅਫਗਾਨ ਤੇ ਮੁਗਲ ਏਸੇ ਰਾਹ ਆਏ ਤੇ ਇਹ ਗੰਧਾਰ ਦੀ ਧਰਤੀ ਦਰਵਾਜ਼ਾ ਹੋਣ ਕਰਕੇ ਸਭ ਤੋਂ ਵਧੀਕ ਉਤਰਾ ਚੜ੍ਹਾ ਦੇਖਦੀ ਤੇ ਉਜੜਦੀ ਵੱਸਦੀ ਰਹੀ।

ਸ਼ਾਹਬਾਜ਼ ਗੜੇ ਰਾਜਾ ਅਸ਼ੋਕ ਦਾ ਇਕ ਪੱਥਰ ਪਿਆ ਹੈ, ਜਿਸ ਪਰ ਉਨ੍ਹਾਂ ਦਾ ਇਕ ਹੁਕਮਨਾਮਾ ਉੱਕਰਿਆ ਪਿਆ ਹੈ। ਅਸਲ ਵਿਚ ਇਹੀ ਪੰਜਾਬ ਦਾ ਪੁਰਾਣਾ ਰਸਤਾ ਸੀ। ਹਿੰਦੂ ਤੇ ਬੋਧੀ ਸਮੇਂ ਪਹਾੜਾ ਦੇ ਲਾਗ ਸ਼ਾਹੀ ਸੜਕ ਜਾਂਦੀ ਸੀ, ਕਿਉਂਕਿ ਇਨ੍ਹਾਂ ਥਾਵਾਂ ਤੇ ਦਰਿਯਾਵਾਂ ਦੇ ਪਾੜ ਛੋਟੇ ਹੁੰਦੇ ਸਨ, ਪਾਰ ਹੋਣਾ ਸੌਖਾ ਹੁੰਦਾ ਸੀ। ਜੇ ਕਦੇ ਕੋਈ ਜਮਨਾ ਕਿਨਾਰੇ 'ਕਾਲਸੀ' ਦੇ ਕੋਲਵਾਰ ਪਿਆ 'ਅਸ਼ੋਕ' ਰਾਜਾ ਦਾ ਪੱਥਰ ਤੇ ਇਥੇ 'ਸ਼ਾਹਬਾਜ਼ ਗੜੇ' ਪਿਆ ਅਸ਼ੋਕ ਪੱਥਰ ਆਪ ਤੱਕ ਲਵੇ ਤਾਂ ਉਹ ਸਮਝ ਸਕਦਾ ਹੈ ਕਿ ਪਹਾੜਾ ਦੇ ਪੈਰਾਂ ਦੇ ਲਾਗ ਲਾਗ ਸ਼ਾਹਰਾਹ ਯਾ ਵੱਡੀ ਸੜਕ ਇਸੇ ਲੀਕੇ ਟੁਰੀ ਜਾਂਦੀ ਹੋਊ, ਕਿਉਂਕਿ ਮਹਾਰਾਜਿਆਂ ਦੇ ਫੁਰਮਾਨ ਸ਼ਾਹੀ ਰਾਹਾਂ ਤੇ ਹੀ ਲਾਏ ਜਾਂਦੇ ਸਨ। ਲਗਭੱਗ ਉਸੇ ਲੀਕੇ ਰਾਹ ਜਾਣ ਦਾ ਸੰਕਲਪ ਧਾਰ ਕੇ ਸਾਰਾ ਇਹ ਦਲੇਰ ਜੱਥਾ ਟੁਰਿਆ ਸੀ। ਅਟਕ ਦੇ ਕਿਲ੍ਹੇ ਪਾਸੋਂ ਲੰਘਣ ਦੀ ਮਨਸ਼ਾ ਨਹੀਂ ਸੀ, ਉਥੇ ਮਰਹੱਟੇ ਸੁਣੀਂਦੇ ਸਨ, ਇਸ ਕਰਕੇ ਉਤੋਂ ਉਤੋਂ ਟੁਰਦੇ ਗਏ।

ਜਦੋਂ ਇਹ ਸਿੰਧ ਦੇ ਕਿਨਾਰੇ ਅੱਪੜੇ ਤਾਂ ਇਨ੍ਹਾਂ ਨੂੰ ਹੇਠਾਂ ਵਾਰ ਕੁਛ ਦੂਰੀ ਤੇ ਐਨ ਦਰਿਯਾ ਦੇ ਕਿਨਾਰੇ ਕੁਛ ਆਦਮੀਆਂ ਦਾ ਝੁੰਗ ਜਿਹਾ ਦਿੱਸਿਆ ਤੇ ਕੁਛ ਗਾਉਣ ਦੀ ਆਵਾਜ਼ ਆਈ। ਜਸਵੰਤ ਸਿੰਘ ਨੇ ਸਿਆਣ ਕਰ ਲਈ ਕਿ ਇਹ ਸਿੱਖਾਂ ਦਾ ਸਮਾਗਮ ਹੈ, ਉਸਦੇ ਚਿੱਤ ਆਈ ਕਿ ਆਗਾ ਖਾਂ ਨੂੰ ਸਿੱਖਾਂ ਦੇ ਕੀਰਤਨ ਦਾ ਇਹ ਨਜ਼ਾਰਾ ਦਿਖਾਵੇ। ਸੋ ਉਪਰ ਵਾਰ ਡੇਰਾ ਕਰ ਦਿੱਤਾ ਤੇ ਨੌਕਰ ਘੱਲਿਆ ਕਿ ਸੂਹ ਲਿਆਵੇ ਕਿ ਉਥੇ ਕੀ ਹੈ? ਉਹ ਪਤਾ ਲਿਆਇਆ ਕਿ ਦਸ ਵੀਹ ਸਿੱਖਾਂ ਤੇ ਸਿੱਖਣੀਆਂ ਦਾ ਦੀਵਾਨ ਸਜ ਰਿਹਾ ਹੈ, ਵਿਚ ਕੜਾਹ ਪ੍ਰਸ਼ਾਦ ਦੀ ਪਰਾਤ ਧਰੀ ਹੈ ਤੇ ਸਾਰੇ ਕੀਰਤਨ ਕਰ ਰਹੇ ਹਨ। ਥੋੜ੍ਹੀ ਜੇਹੀ ਸਲਾਹ ਦੇ ਮਗਰੋਂ ਲੱਧਾ ਸਿੰਘ ਤੇ ਨੌਕਰ ਤੇ ਸਾਈਂ ਡੇਰੇ ਰਹੇ, ਪਰ ਜਸਵੰਤ ਸਿੰਘ ਸਿੱਖੀ ਲਿਬਾਸ ਪਹਿਨਾਅ ਕੇ, ਦੀਵਾਨ ਵਿਚ ਜਾ ਬੈਠੇ। ਸਿੰਘਾਂ ਨੇ ਇਕ ਨੂੰ ਸਿੰਘ ਤੇ ਦੂਏ ਨੂੰ ਸਹਿਜਧਾਰੀ ਸਮਝ ਕੇ ਆਦਰ ਦਿੱਤਾ ਸ਼ਬਦ ਕੀਰਤਨ ਦੇ ਮਗਰੋਂ ਅਰਦਾਸਾ ਹੋਇਆ। ਅਰਦਾਸੇ ਤੋਂ ਜਸਵੰਤ ਸਿੰਘ ਨੂੰ ਪਤਾ ਲੱਗਾ ਕਿ ਮਾਮਲਾ ਇਹ ਹੈ ਕਿ ਕਿਸੇ ਇਕ ਤੁਰਕਾਨੀ ਹਮਲੇ ਦੀ ਵਾਪਸੀ ਪਰ ਲੁੱਟ ਮਾਰ ਦੇ ਮਾਲ ਦੇ ਨਾਲ ਕਈ ਬੇੜੀਆਂ ਹਿੰਦੂ ਕੈਦੀਆਂ ਦੀਆਂ ਇੱਥੋਂ ਪਾਰ ਹੋ ਰਹੀਆਂ ਸਨ ਕਿ ਉਨ੍ਹਾਂ ਵਿਚ ਇਕ ਸਿੱਖ ਕੰਨਿਆਂ ਬੀ ਹੱਥ ਪੈਰ ਬੱਧੀ ਹੋਈ ਜਾ ਰਹੀ ਸੀ। ਇਹ ਲੜਕੀ ਰਸਤੇ ਵਿਚ ਸਭਨਾਂ ਨੂੰ ਉਦਮ ਦਾ ਉਪਦੇਸ਼ ਦਿੰਦੀ ਸੀ, ਮਰਦ ਤੀਵੀਂ ਸਭ ਨੂੰ ਕਹਿੰਦੀ ਸੀ ਕਿ ਚੁੱਪ ਚਾਪ ਬੱਕਰੀਆਂ ਵਾਂਗੂੰ ਆਪਣੇ ਕਸਾਈ ਦੇ ਮਗਰ ਕਿਉਂ ਜਾ ਰਹੀਆਂ ਹੋ, ਕਿਉਂ ਨਹੀਂ ਅੜਦੇ ਲੜਦੇ ਮਰਦੇ ਮਾਰਦੇ? ਗੁਲਾਮੀ ਵਿਚ ਜਾ ਰਹੇ ਹੋ, ਗੁਲਾਮੀ ਦਾ ਜੀਵਨ ਮੌਤ ਤੋਂ ਬੁਰਾ ਸਿਰੇ ਆ ਰਿਹਾ ਹੈ, ਉਸ ਜੀਵਨ ਦਾ ਕੀ ਲਾਭ ਹੈ? ਲੜਨ ਨਾਲ ਮੌਤ ਹੈ। ਸੋ ਉਹ ਮੌਤ ਜੋ ਖੁਲ੍ਹ ਲਈ ਆ ਜਾਵੇ ਉਸ ਜੀਵਨ ਤੋਂ ਜੋ ਗੁਲਾਮੀ ਵਿਚ ਬੀਤੇ, ਸ੍ਰੇਸ਼ਟ ਹੈ। ਇਹ ਉਪਦੇਸ਼ ਕਦੇ ਅਸਰ ਕਰਦਾ ਸੀ ਅਰ ਕੈਦੀ ਵਿਟਰ ਖਲੋਂਦੇ ਤੇ ਕੈਦ ਪਾਉਣ ਵਾਲੇ ਜਰਵਾਨਿਆਂ ਨਾਲ ਟੱਕਰ ਹੋ ਜਾਂਦੀ ਸੀ, ਕਦੇ ਮਰਦੇ ਫਰੀਂਦੇ, ਪਰ ਕੈਦ ਪਾਉਣ ਵਾਲੇ ਬੀ ਕਈ ਜ਼ਖਮੀ ਹੁੰਦੇ, ਕਦੇ ਕੋਈ ਮਰ ਭੀ ਜਾਂਦਾ। ਅੰਤ ਉਨ੍ਹਾਂ ਨੂੰ ਪਤਾ ਲਗ ਗਿਆ ਸੀ ਕਿ ਸਾਡੇ ਕੈਦੀਆਂ ਵਿਚ ਇੱਕ ਸਿੱਖ ਕੁੜੀ ਹੈ, ਅਸੀਂ ਜਾਲ ਫਾਹੀਆਂ ਮੱਛੀਆਂ ਦੇ ਢੇਰ ਵਿੱਚ ਇਕ (ਨਿਹੰਗ) ਮਗਰਮੱਛ ਦਾ ਬੱਚਾ ਬੀ ਲਿਜਾ ਰਹੇ ਹਾਂ। ਸੋ ਉਹ ਉਸ ਪਰ ਕਰੜਾਈ ਬਹੁਤ ਕਰਦੇ ਸੇ ਤੇ ਉਸ ਦੇ ਹੱਥ ਪੈਰ ਬੰਨ੍ਹ ਦਿੱਤੇ ਸੇ। ਹੁਣ ਏਥੋ ਕੁ ਵਾਰ ਅੱਪੜ ਕੇ ਸਲਾਹ ਠਹਿਰੀ ਕਿ ਇਸਨੂੰ ਏਥੇ ਹੀ ਮੁਸਲਮਾਨ ਬਣਾ ਲਈਏ, ਸੋ ਉਸਨੂੰ ਹੁਕਮ ਦਿੱਤਾ ਗਿਆ, ਪਰ ਉਸਨੇ ਨਾ ਮੰਨਿਆ। ਕਾਜ਼ੀ ਆਇਆ, ਬਹਿਸ ਛਿੜੀ, ਉਸ ਨਿਰਭੈ ਕੁਮਾਰੀ ਨੇ ਉਹ ਸੁਣਾਈਆਂ ਕਿ ਜਰਵਾਨਿਆਂ ਤੋਂ ਕੁਛ ਬਣ ਨਾ ਪਈ, ਛੇਕੜ ਨੌਬਤ ਮਾਰ ਕੁਟਾਈ ਤੇ ਅੱਪੜੀ। ਜਦ ਕੁਛ ਪੇਸ਼ ਨਾ ਗਈ ਤਦ ਜ਼ਾਲਮਾਂ ਨੇ ਕੰਨਿਆਂ ਚਾ ਕੇ ਦਰਿਆ ਵਿਚ ਸੁੱਟ ਦਿੱਤੀ। ਉਹ ਸੂਰਮਿਆਂ ਦੀ ਵੰਸ਼, ਬੀਰਾ, ਖਲਾਸੀ ਪਾ ਗਈ ਸਰੀਰ ਦੀ ਕੈਦ ਤੋਂ ਤੇ ਜਰਵਾਨਿਆਂ ਦੀ ਬੰਦ ਤੋਨ, ਸੁਖੀ ਤੇ ਸੁਤੰਤਰ ਗਈ ਸਾਂਈਆਂ ਜੀ ਦੇ ਦੇਸ਼। ਕੈਦ ਪਾਉਣ ਵਾਲੇ ਤੇ ਕੈਦੀ ਪਿਸ਼ਾਵਰ ਨੂੰ ਟੁਰ ਗਏ ਅਤੇ ਇਹ ਸਾਰਾ ਮਾਜਰਾ ਉਥੇ ਉਸ ਇਲਾਕੇ ਵਿਚ ਪ੍ਰਸਿੱਧ ਹੋ ਗਿਆ। ਇਲਾਕੇ ਦੇ ਸਿੱਖਾਂ ਨੇ ਜੋ ਦੂਰ ਨੇੜੇ ਬਹੁਤ ਸਨ, ਇਹ ਖਬਰ ਸੁਣ ਪਾਈ ਤੇ ਏਥੇ ਕੱਠੇ ਹੋਏ। ਲੋਥ ਤਾਂ ਕੀ ਲੱਭਣੀ ਸੀ, ਪਰ ਕੜਾਹ ਪ੍ਰਸ਼ਾਦ ਕੀਤਾ ਤੇ ਬੀਬੀ ਦਾ ਅਰਦਾਸਾ ਸੋਧਿਆ। ਤਦ ਤੋਂ ਹਰ ਸਾਲ ਨੇੜੇ ਤੇੜੇ ਦੇ ਸਿੰਘ ਏਸੇ ਥਾਂ ਕੱਠੇ ਹੋ ਕੇ ਕੀਰਤਨ ਕਰਦੇ ਤੇ ਕੜਾਹ ਪ੍ਰਸ਼ਾਦ ਵਰਤਾਉਂਦੇ ਤੇ ਬੀਬੀ ਦਾ ਅਰਦਾਸਾ ਸੋਧਦੇ ਸੇ। ਭਾਵੇਂ ਜਦੋਂ ਖਬਰ ਮਿਲੀ ਸੀ ਬੀਬੀ ਦੇ ਨਾਮ ਗ੍ਰਾਮ ਦਾ ਪਤਾ ਨਹੀਂ ਸੀ, ਕੇਵਲ ਦੇਸ਼ ਦੇ ਪਠਾਣਾਂ ਪਾਸੋਂ ਇਸ ਸਿੱਖ ਕੰਨਿਆਂ ਦੇ ਸਾਕੇ ਦੀ ਕਥਾ ਸੁਣ ਪਾਈ ਸੀ ਪਰ ਪੰਥ ਦੇ ਢੂੰਡਾਊ ਫਕੀਰ ਸੂੰਹੀਆਂ ਦੀ ਪੜਤਾਲ ਤੇ ਵੇਰਵੇ ਮੇਲਣ ਤੋਂ ਹੁਣ ਤੱਕ ਪਤਾ ਨਿਕਲ ਚੁੱਕਾ ਸੀ ਕਿ ਇਹ ਕੰਨਿਆਂ ਘੜਥਲ ਦੇ ਕਿਸੇ ਉੱਘੇ ਘਰਾਣੇ ਵਿਚੋਂ ਸੀ ਜੋ ਸਿੱਖੀ ਸਿਦਕ ਵਿਚ ਪੂਰਾ ਸੀ। ਇਸ ਦੇ ਪਿਤਾ ਜੀ ਹੀ ਸਿੰਘ ਸਜੇ ਸਨ ਤੇ ਕਿਸੇ ਜੰਗ ਵਿਚ ਸ਼ਹੀਦ ਹੋਏ

ਸਨ। ਮਾਂ ਤੇ ਇਹ ਕੰਨਿਆਂ ਆਪਣੇ ਗਿਰਾਂ ਤੋਂ ਗੁਜਰਾਤ ਸ਼ਹਿਰ ਕਿਸੇ ਮਕਾਣ ਜਾ ਰਹੀਆਂ ਸਨ ਕਿ ਲੰਘ ਰਹੇ ਪਠਾਣੀ ਦਲ ਦੇ ਇਹ ਕੰਨਿਆਂ ਕਿਸੇ ਤਰ੍ਹਾਂ ਕਾਬੂ ਆ ਗਈ ਓਰ ਕੈਦੀਆਂ ਦੇ ਦਲ ਵਿਚ ਸ਼ਾਮਲ ਕੀਤੀ ਗਈ। ਇਸ ਕੰਨਿਆਂ ਦੇ ਇਤਨੇ ਲਫਜ਼ ਸਿੰਘਾਂ ਨੇ ਜਸਵੰਤ ਸਿੰਘ ਨੂੰ ਦੱਸੇ ਕਿ ਸਾਡੇ ਇਲਾਕੇ ਦੇ ਪਠਾਣ ਕਹਿੰਦੇ ਹਨ ਕਿ ਆਪਣੇ ਸਾਥੀ ਕੈਦੀਆਂ ਨੂੰ ਕਹਿੰਦੀ ਹੁੰਦੀ ਸੀ ਕਿ ਹੋਰ ਕੁਛ ਨਹੀਂ ਸਰਿਆ ਜੇ ਤਾਂ ਛਾਲਾਂ ਮਾਰ ਕੇ ਡੁੱਬ ਹੀ ਮਰੋ। ਸਤਲੁਜ, ਬਿਆਸ, ਰਾਵੀ, ਝਨਾਂ, ਜੇਹਲਮ, ਸਿੰਧ, ਲੁੰਡਾ ਸੱਤ ਦਰਿਆ ਰਸਤੇ ਵਿੱਚ ਪੈਂਦੇ ਹਨ।

ਆਗਾ ਖਾਂ ਦੇ ਦਿਲ ਵਿਚ ਇਹ ਹਾਲ ਸੁਣ ਕੇ ਗੱਚ ਚੜ੍ਹੇ ਤੇ ਆਪਣੀ ਮਾਂ ਦੀ ਕੈਦ ਤੋਂ ਆਪਣੇ ਕੁੱਛੜ ਕੈਦ ਵਿਚ ਜਾਣ ਦੇ ਨਕਸ਼ੇ ਅੱਖਾਂ ਅੱਗੇ ਫਿਰਨ, ਵਲਵਲੇ ਦਾ ਜੋਸ਼ ਉੱਠੇ ਤੇ ਬੇਵਸਾ ਹੱਥ ਤਲਵਾਰ ਦੀ ਮੁੱਠ ਦੇ ਪਵੇ, ਪਰ ਅੱਗੇ ਸਾਰੇ ਵੀਰ ਭਰਾ ਵੇਖ ਕੇ ਹੱਥ ਠਿਠੰਬਰੇ ਤੇ ਖੂਨ ਸਰਦੀ ਖਾਵੇ। ਇਸ ਤਰ੍ਹਾਂ ਜੋਸ਼ ਉਠਦਾ ਠਰਦਾ, ਉਠਦਾ ਠਰਦਾ ਨੀਵਾਂ ਹੋ ਆਇਆ। ਫੇਰ ਸਿੱਖੀ ਪਿਆਰ ਦਾ ਨਕਸ਼ਾ ਨੈਣੀਂ ਨੀਰ ਲੈ ਆਇਆ, ਆਖੇ – ਵਾਹ ਓਇ ਦਾਤਿਆ, ਐਸੀ ਸੂਰਮਾਂ ਕੌਮ ਬਨਾਉਣ ਵਾਲਿਆ! ਤੂੰ ਧੰਨ ਹੈਂ! ਇਕ ਕੈਦ ਪਈ, ਜਾਣੀ ਨਾ, ਪਛਾਣੀ ਨਾ, ਅੱਖੀਂ ਡਿੱਠੀ ਨਾ; ਸ਼ਹੀਦ ਹੋਈ ਸੁਣ ਕੇ ਏਹ ਲੋਕ ਹਰ ਸਾਲ ਇਕੱਠੇ ਹੁੰਦੇ, ਕੀਰਤਨ ਕਰਦੇ ਤੇ ਉਸ ਲਈ ਅਰਦਾਸਾ ਸੋਧਦੇ ਹਨ। ਇਹ ਕੌਮ ਹੈ ਕਿ ਇੱਕ ਪਰਿਵਾਰ ਹੈ। ਇਹ ਇਕ ਮਜ਼੍ਹਬ ਹੈ ਕਿ ਇਕ ਕੁਟੰਬ ਹੈ। ਕੈਸਾ ਪਿਆਰ ਦਾ ਨਕਸ਼ਾ ਹੈ? ਕੈਸਾ ਮੁਹੱਬਤ ਦਾ ਚਿੱਤ੍ਰ ਹੈ? ਸ਼ੁਕਰ ਹੈ ਕਿ ਮੇਰੀਆਂ ਰਗਾਂ ਵਿਚ ਇਹੋ ਪਵਿੱਤਰ ਖੂਨ ਹੈ, ਸ਼ੁਕਰ ਹੈ ਕਿ ਕਿਸੇ ਪਵਿੱਤਰ ਖੂਨ ਨੇ ਮੈਨੂੰ ਆਪਣਿਆਂ ਵਿਚ ਖਿੱਚ ਲਿਆ ਹੈ, ਸ਼ੁਕਰ ਹੈ ਕਿ ਸਿੱਖ ਖੂਨ ਸਿੱਖੀ ਵਲ ਆਇਆ ਹੈ, ਪਰ ਓਪਰੇ ਖੂਨ ਵਿਚ ਰਲ ਕੇ ਜ਼ੁਲਮ ਤੇ ਧੱਕੇ ਵੱਲ ਕੈਦ ਪਾਉਣ ਤੋਂ ਤਬਾਹ ਕਰਨ ਵਲ ਨਹੀਂ ਗਿਆ।

ਕੜਾਹ ਪ੍ਰਸ਼ਾਦ ਦਾ ਗੱਫਾ ਲੈ ਕੇ ਅਰ ਆਪਣੇ ਵਤਨੀਂ ਭਰਾਵਾਂ ਦੇ ਪਹਿਲੇ ਦਿੱਸੇ ਇਕੱਠ ਦੇ ਪਹਿਲੇ ਦਰਸ਼ਨ ਕਰਕੇ, ਆਗਾ ਖਾਂ ਖਿੜ ਗਿਆ। ਸਾਰੇ ਸਿੱਖ ਉਸਨੂੰ ਜੱਫੀਆਂ ਪਾ ਪਾ ਮਿਲੇ। ਸਤਵੰਤ ਕੌਰ ਨੇ ਜੋ ਸਿੱਖਾਂ ਦੇ ਸੁਭਾਉ ਦੀ ਵਾਕਫ ਸੀ ਆਪਣੇ ਅਫਗਾਨਿਸਤਾਨੋਂ ਟੁਰ ਉਥੋਂ ਤਾਂਈਂ ਦੇ ਅੱਪੜਨ ਮਾਤ੍ਰ ਦੇ ਅਤਿ ਸੰਖੇਪ ਜਿਹੇ ਹਾਲ ਦੱਸੇ, ਜਿਸ ਤੋਂ ਸਾਰੇ ਗਦ ਗਦ ਹੋਏ। ਸਤਵੰਤ ਕੌਰ ਨੂੰ ਰਤਾ ਭੈ ਨਹੀਂ ਸੀ ਕਿ ਅਸਾਂ ਆਪਣੇ ਮੋਟੇ ਮੋਟੇ ਹਾਲ ਕਿਉਂ ਦੱਸ ਦਿੱਤੇ ਹਨ, ਕਿਉਂਕਿ ਉਹ ਜਾਣਦੀ ਸੀ ਕਿ ਇਹ ਸਿੱਖ ਹਨ, ਅਸੀਂ ਸਿੱਖ ਹਾਂ, ਸਾਡਾ ਇਨਹਾਂ ਦਾ ਭੇਤ ਸਾਂਝਾ ਹੈ, ਜੋ ਬਾਤ ਇਨ੍ਹਾਂ ਨੂੰ ਪਤਾ ਹੈ ਸਿੱਖ ਮੰਡਲ ਤੋਂ ਬਾਹਰ ਨਹੀਂ ਜਾਏਗੀ। ਸਿੱਖ ਕੌਮ ਵਿਚ ਇਸ ਸਮੇਂ ਕੋਈ ਸਿੱਖ ਤੁਰਕ ਕੌਮ ਦਾ ਸੂਹੀਆ ਬਣਕੇ ਆਪਣੀ ਕੌਮ ਦੇ ਉਨ੍ਹਾਂ ਨੂੰ ਭੇਤ ਦੱਸਣ ਦਾ ਕੰਮ ਨਹੀਂ ਸੀ ਕਰਦਾ, ਪ੍ਰੰਤੂ ਫਿਰ ਭੀ ਸਤਵੰਤ ਕੌਰ ਨੇ ਆਪਣੇ ਕੰਨਿਆ ਹੋਣ ਦਾ ਅਰ ਆਗਾਖਾਂ ਦੇ ਸ਼ੱਤਰੂਜੀਤ ਸਿੰਘ ਦੇ ਪੁੱਤਰ ਹੋਣ ਦਾ ਹਾਲ ਤੇ ਹੋਰ ਵੇਰਵੇ ਦੱਸਣੋਂ ਸੰਕੋਚ ਹੀ ਰੱਖਿਆ, ਕਿਉਂਕਿ ਆਪਣਾ ਭੇਤ ਤਾਂ ਉਹ ਅਜੇ ਤੱਕ ਲੁਕਾਈ ਰੱਖਣਾ ਹੀ ਯੋਗ ਸਮਝਦੀ ਸੀ।

## ਕਾਂਡ ਬਾਈਵਾਂ

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਅਰ ਅਕਾਲ ਬੁੰਗੇ ਸਾਹਿਬ ਦੇ ਵਿਚਕਾਰ ਜੋ ਵੱਡਾ ਮੈਦਾਨ ਹੈ ਇਸ ਟਿਕਾਣੇ ਪਹਿਲੇ ਸਮਿਆਂ ਵਿਚ ਇਕ ਬੁੰਗਾ ਹੁੰਦਾ ਸੀ, ਜਿਸਨੂੰ ਤੋਸ਼ੇਖਾਨੇ ਦਾ ਬੁੰਗਾ ਕਹਿੰਦੇ ਸਨ। ਇਸ ਬੁੰਗੇ ਦੀ ਹੋਂਦ ਅਕਾਲ ਬੁੰਗੇ ਦੇ ਅਗਲੇ ਮੈਦਾਨ ਨੂੰ ਇਕ ਐਸੀ ਸ਼ਕਲ ਦੇ ਦਿੰਦੀ ਸੀ ਕਿ ਏਥੇ ਗੁਪਤ ਮਸ਼ਵਰੇ ਦਾ ਦੀਵਾਨ ਲੱਗ ਸਕੇ। ਇਸੇ ਕਰਕੇ ਗੁਰਮਤਾ ਏਥੇ ਹੁੰਦਾ ਸੀ। ਚਾਰ ਚੁਫੇਰੇ ਤੋਂ ਰਸਤੇ ਬੰਦ ਹੁੰਦੇ ਸੇ, ਅਰ ਦਰਵਾਜ਼ਿਆਂ ਤੇ ਪਹਿਰੇ ਹੁੰਦੇ ਸੇ। ਅੰਦਰ ਕੇਵਲ ਉਹ ਜਾ ਸਕਦੇ ਸੇ ਜੋ ਸੱਦੇ ਹੋਏ ਹੁੰਦੇ ਸੇ ਤੇ ਪਹਿਰੇਦਾਰਾਂ ਨੂੰ ਇਕ ਐਸਾ ਬੋਲਾ (ਪਦ) ਮਾਲੂਮ ਹੁੰਦਾ ਸੀ ਕਿ ਜੋ ਸੱਜਣ ਉਹ ਦੱਸ ਸਕੇ ਉਸ ਗੁਰਮਤੇ ਵਿੱਚ ਸ਼ਾਮਲ ਹੋ ਸਕਦਾ ਸੀ। ਜੋ ਨਾ ਦੱਸ ਸਕੇ ਉਹ ਅੰਦਰ ਨਹੀਂ ਜਾ ਸਕਦਾ ਸੀ। ਇਹ ਬੋਲਾ ਅਕਾਲ ਬੁੰਗੇ ਸਾਹਿਬ ਦੇ ਅਕਾਲੀ ਜਥੇ ਦੇ ਜਥੇਦਾਰ ਨੀਯਤ ਕੀਤਾ ਕਰਦੇ ਸੇ।

ਅਕਾਲ ਬੁੰਗੇ ਦਾ ਅਕਾਲੀ ਉਹ ਹੋ ਸਕਦਾ ਸੀ ਜੋ ਨਾਮ ਬਾਣੀ ਦਾ ਪ੍ਰੇਮੀ ਹੋਵੇ ਤੇ ਨਾਲ ਪੂਰਨ ਤਿਆਗ ਵੈਰਾਗ ਦੀ ਬਿਰਤੀ ਰਖਦਾ ਹੋਵੇ। ਘਰ ਬਾਰ ਮਾਲ ਮਿਲਖ ਤੋਂ ਉਸਨੇ ਕਬਜ਼ੇ ਤੇ ਅਪਣੱਤ ਦਾ ਨਾ ਸਿਰਫ ਮੂੰਹੋਂ ਸਗੋਂ ਸੱਚੀ-ਮੁੱਚੀਂ ਸਬੰਧ ਤੋੜਿਆ ਹੋਇਆ ਹੋਵੇ। ਜੋ ਕਿਸੇ ਸ਼ੈ ਨੂੰ ਆਪਣੀ ਨਾ ਸਮਝਦਾ ਹੋਵੇ ਅਰ ਕਿਸੇ ਮਾਲ ਮਿਲਕ ਤੇ ਦਾਵਾ ਨਾ ਰਖਦਾ ਹੋਵੇ। ਪਰ ਏਹ ਉਦਾਸੀ ਸੰਨਿਆਸੀ ਨਹੀਂ ਸੇ ਹੁੰਦੇ, ਇਹ ਉਚੇ ਮਨ ਵਾਲੇ ਉਨਮਨੀਏ, ਨਾਮ ਰਸੀਏ, ਵੈਰ ਵਿਰੋਧ ਨੂੰ ਜਿਤੇ ਸੂਰੇ ਅਰ ਅਤਿ ਨਿਰਭੈ ਸੂਰਮੇ ਹੁੰਦੇ ਸੇ। ਜੇ ਇਨ੍ਹਾਂ ਨਾਲ ਪਦਾਰਥ ਦੀ ਗੱਲ ਕਰੋ ਤਾਂ ਪਤੇ ਦਾ ਉੱਤਰ ਦੇ ਦੇਣਗੇ, ਜੇ ਇਨ੍ਹਾਂ ਨਾਲ ਪਦਾਰਥ ਦੀ ਗੱਲ ਕਰੋ ਤਾਂ ਪਤੇ ਦਾ ਉੱਤਰ ਦੇ ਦੇਣਗੇ, ਜੇ ਇਨ੍ਹਾਂ ਦਾ ਸਤਿਸੰਗ ਕਰੋ ਤਾਂ ਨਾਮ ਦਾ ਰੰਗ ਚੜ੍ਹੇਗਾ, ਜੇ ਇਨ੍ਹਾਂ ਨਾਲ ਮੋਹ ਪਾਓ ਉਹ ਕਾਬੂ ਨਹੀਂ ਆਉਣਗੇ, ਜੇ ਲਾਲਚ ਦਿਓ ਤਾਂ ਠੱਗੇ ਨਹੀਂ ਜਾਣਗੇ, ਜੇ ਇਸਤ੍ਰੀਆਂ ਦੇ ਕਟਾਖਯਾਂ ਦੀ ਤੀਰ-ਬਰਖਾ ਹੇਠ ਖੜ੍ਹੇ ਕਰ ਦਿਓ ਤਾਂ ਕਿਸੇ ਇਕ ਦੀ ਨੋਕ ਦੀ ਚੋਭ ਬੀ ਨਹੀਂ ਖਾਣਗੇ। ਜ਼ੁਬਾਨ ਇਨ੍ਹਾਂ ਦੀ ਨਾਮ ਰਸ ਰੱਤੀ ਚੁੱਪ, ਪਰ ਬੋਲਣ ਤਾਂ ਬ੍ਰਹਮ ਗਿਆਨ, ਜੇ ਜਗਤ ਦੀ ਗੱਲ ਕਰੋ ਤਾਂ ਪੰਥ ਰੱਖਯਾ, ਪੰਥ ਦੀ ਭਲਾਈ, ਪੰਥ ਦੇ ਬਚਾਉ ਦੀ, ਹੋਰ ਮਾਮਲੇ ਛੇੜੋ ਤਾਂ ਇਹ ਮੋਨ। ਇਨ੍ਹਾਂ ਦਾ ਵਜੂਦ ਆਪਣੇ ਆਪ ਵਿਚ ਰੂਹਾਨੀ ਖਿੱਚ ਦਾ ਕੇਂਦਰ ਹੁੰਦਾ ਸੀ। ਤਦੋਂ ਲੈਕਚਰ ਤੇ ਉਪਦੇਸ਼ਕਾਂ ਦੇ ਵਖਿਆਨ ਨਹੀਂ ਸੇ ਹੁੰਦੇ, ਬਸ ਅਕਾਲ ਬੁੰਗੇ ਆਓ, ਇਨ੍ਹਾਂ ਵਿਅਕਤੀਆਂ ਦੇ ਦਰਸ਼ਨ ਮੇਲੇ ਮਿਕਨਾਤੀਸੀ ਅਸਰ ਪਾ ਕੇ ਗੁਰੂ ਚਰਨਾਂ ਵੱਲ ਖਿਚ ਲੈਂਦੇ ਸੇ। ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀਆਂ, ਸੇਵਾਦਾਰਾਂ ਦਾ ਜੀਵਨ ਬੀ ਇਸੇ ਤਰ੍ਹਾਂ ਨਾਮ ਰਸ ਰੱਤਾ, ਸ਼ਾਂਤਿ ਸਰੋਵਰ ਹੁੰਦਾ ਸੀ।

'ਅਕਾਲੀ' ਉਹ ਜੋ ਇਕ ਅਕਾਲ ਤੇ ਟੇਕ ਰੱਖੇ। 'ਅਕਾਲੀ' ਉਹ ਜੋ ਅਕਾਲ ਬੁੰਗੇ ਦੇ ਸੇਵਕ ਜੱਥੇ ਦਾ ਸਭਾਸਦ ਹੋਵੇ। ਅਕਾਲ ਬੁੰਗਾ ਛੇਵੇਂ ਸਤਿਗੁਰਾਂ ਰਚਿਆ ਤੇ ਉਸ ਵੇਲੇ 'ਅਕਾਲੀ' ਦੀ ਨੀਂਹ ਬੀ ਨਾਲ ਹੀ ਧਰੀ ਗਈ ਤੇ ਇਹੋ ਬ੍ਰਿਤੀ ਮਾਨੋਂ ਉਸ ਵੇਲੇ ਧਾਰਨ ਕਰਾਈ ਗਈ। ਨਾਮ ਦੇ ਅਭਿਆਸੀ, ਮਾਲ ਮਿਲਖ ਦੇ ਕਬਜ਼ੇ ਦੀ ਬ੍ਰਿਤੀ ਨੂੰ ਜੋ ਜਿੱਤ ਚੁੱਕੇ ਸੋ ਅਕਾਲ ਪੁਰਖ ਬੁੰਗੇ ਦੀ ਸੇਵਾ ਕਰੇ। ਅਕਾਲ ਬੁੰਗੇ ਦਾ ਸੇਵਕ ਅਕਾਲੀ।

'ਅਕਾਲੀ' ਨੀਲੇ ਬਸਤ੍ਰਾਂ ਵਾਲਾ। ਜਦੋਂ ਅੰਮ੍ਰਿਤ ਪ੍ਰਚਾਰ ਹੋਇਆ ਤੇ ਪੰਥ ਰਚਿਆ ਗਿਆ ਤਦੋਂ ਨੀਲੇ ਬਸਤ੍ਰਾਂ ਦਾ ਬੀ ਰਿਵਾਜ ਟੁਰਿਆ ਹੈ। ਯਥਾ - ਇਉਂ ਉਪਜੇ ਸਿੰਘ ਭੁਜੰਗੀਏ ਨੀਲੰਬਰ ਧਾਰਾ।

ਸਿੰਘਾਂ ਦੇ ਅੱਡ-ਅੱਡ ਜੱਥੇ ਭਰਤੀ ਹੋਏ ਤੇ ਅੱਡ ਅੱਡ ਨਿਸ਼ਾਨ ਤੇ ਪਰਖ ਲਈ ਅੱਡ-ਅੱਡ ਪੁਸ਼ਾਕੇ ਤੇ ਰੰਗ ਫੌਜਾਂ ਦੇ ਦਸਤਿਆਂ ਦੇ ਥਾਪੇ ਗਏ, ਸਭ ਤੋਂ ਪਹਿਲਾਂ ਤੇ ਮੁੱਖ ਰੰਗ ਨੀਲਾ ਸੀ ਜਿਸ ਜਥੇ ਯਾ ਫੌਜ ਦੇ ਦਸਤੇ ਦਾ ਬਾਣਾ ਨੀਲਾ ਸੀ, ਉਹ ਸਾਹਿਬਜ਼ਾਦੇ ਫਤਹਿ ਸਿੰਘ ਦੇ ਨਾਮ ਤੇ ਸੀ। ਇਕ ਦਿਨ ਉਨ੍ਹਾਂ ਦਾ ਪੁਸ਼ਾਕਾ ਇਸ ਰੰਗ ਦਾ ਤੇ ਦੁਮਾਲੇ ਵਾਲਾ ਸੀ, ਜਿਸ ਤੋਂ ਉਨ੍ਹਾਂ ਦੇ ਨਾਮ ਤੇ ਉਨ੍ਹਾਂ ਦੇ ਪੁਸ਼ਾਕੇ ਦੇ ਰੰਗ ਤੇ ਇਕ ਫੌਜ ਨੀਲਾਂਬਰੀ ਰਚੀ ਗਈ। ਦੁਮਾਲਾ ਇਨ੍ਹਾਂ ਦਾ ਖੁੱਲੇ ਲੜ ਦਾ ਹੁੰਦਾ ਸੀ, ਜੋ ਦਸਤਾਰੇ ਦੇ ਉਪਰ ਵਾਰ ਹੁੰਦਾ ਹੈ। ਇਹ ਰੰਗ ਤੇ ਵੇਸ ਜੋ ਓਦੋਂ ਉਸ ਖਾਸ ਤੇ ਮੁੱਖ ਸੈਨਾ ਦਾ ਸੀ, ਪਿਛੋਂ ਅਕਾਲੀ ਤੇ ਨਿਹੰਗ ਸਿੰਘਾਂ ਦਾ ਸੰਪਰਦਾਈ ਚਿੰਨ੍ਹ ਬਣ ਗਿਆ। ਜਿਸ ਦੀ ਵਿਆਖਿਆ ਇਸ ਪ੍ਰਕਾਰ ਹੈ -

ਮਾਛੀਵਾੜੇ ਜਦ ਭਾਈ ਮਾਨ ਸਿਮਘ ਜੀ ਤੇ ਭਾਈ ਦਇਆ ਸਿੰਘ ਸਤਿਗੁਰਾਂ ਪਾਸ ਅੱਪੜੇ ਤੇ ਬਾਗ ਵਿਚ ਆਰਾਮ ਨਾਲ ਜਾ ਬੈਠੇ, ਤਦ ਪ੍ਰਸੰਨ ਹੋ ਕੇ ਸਤਿਗੁਰਾਂ ਨੇ ਵਰ ਦਿੱਤਾ ਪੰਥ ਖਾਲਸੇ ਵਿਚ ਤੇਰੇ ਵਰਗੇ ਖੁੱਲੇ ਸੁਭਾਵ ਵਾਲੇ ਨਿਰਭੈ ਤੇ ਸਿੱਧੇ ਸਾਦੇ ਲਿਬਾਸ ਵਾਲੇ ਅਨੇਕ ਸਿੰਘ ਹੋਣਗੇ ਜਿਨ੍ਹਾਂ ਦੀ ਬ੍ਰਿਤੀ ਅਕਾਲੀ (ਵਾਹਿਗੁਰੂ ਟੇਕ ਵਾਲੀ) ਹੋਵੇਗੀ ਤੇ ਨਿਰਾਕੁਸਤਾ ਨਿਹੰਗ ਵਰਗੀ ਹੋਵੇਗੀ। ਮਾਨ ਸਿੰਘ ਨੀਲਾਂਬਰੀ ਸੈਨਾ ਦੇ ਵੱਡੇ ਹੋਣ ਕਰਕੇ ਉਸ ਵੇਲੇ ਵੀ ਨੀਲੇ ਬਾਣੇ ਵਿੱਚ ਸਨ। ਫਿਰ ਜਦੋਂ ਦਸਮੇਂ ਸਤਿਗੁਰਾਂ ਨੇ ਨੀਲੇ ਸਾੜੇ ਤਦੋਂ ਇਕ ਟੁਕੜਾ ਰੱਖ ਲਿਆ ਤੇ ਉਹ ਖੰਜਰ ਨੂੰ ਬੰਨ੍ਹ ਦਿੱਤਾ। ਮਰਾਦ ਗਾਲਬਨ ਇਹ ਸੀ ਕਿ ਸਸ਼ਤ੍ਰ ਵਿਦਿਆ ਵਿਚ ਇਸ ਦੀ ਫਿਰ ਲੋੜ ਪਵੇ ਤਾਂ ਖਾਲਸਾ ਵਰਤੇ, ਸਾੜ ਦੇਣ ਥੋਂ ਨੀਲਾਂਬਰ ਨੂੰ ਸਦਾ ਤ੍ਰਿਸਕਾਰਿਤ ਨਾ ਸਮਝੇ। ਇਉਂ ਬੀ ਰਵਾਯਤ ਹੈ ਕਿ ਜਦੋਂ ਨੀਲੇ ਕੱਪੜੇ ਪਾੜ ਪਾੜ ਸਾੜੇ ਤਾਂ ਇਕ ਟੁਕੜਾ ਬਾਹਰ ਜਾ ਪਿਆ। ਸਾਰੇ ਕਰੜੇ ਖੇਦਾਂ ਵਿਚ ਨਾਲ ਰਹੇ ਤੇ ਬਚ ਨਿਕਲੇ ਤੇ ਅਤਿ ਧਰਮੀ ਭਾਈ ਮਾਨ ਸਿੰਘ ਜੀ ਕੋਲ ਸਨ, ਇਸ ਟੁਕੜੇ ਨੂੰ ਗੁਰੂ ਸਾਹਿਬਾਂ ਪਾਸੋਂ ਮੰਗ ਕੇ ਉਨ੍ਹਾਂ ਨੇ ਆਪਣੇ ਦਸਤਾਰੇ ਵਿਚ ਟੁੰਗ ਲਿਆ। ਇਹ ਦੂਜੇ ਕਿਸਮ ਦੇ ਦੁਮਾਲ੍ਹੇ ਦਾ ਮੁੱਢ ਤੇ ਨੀਲੇ ਬਾਣੇ ਦਾ ਸੰਪਰਦਾਈ ਮੁੱਢ ਹੋਯਾ ਸਮਝਿਆ ਜਾਂਦਾ ਹੈ। ਇਹ ਬੀ ਲਿਖਿਆ ਹੈ ਕਿ ਇਕ ਨੀਲਾ ਟੁਕੜਾ ਸਤਿਗੁਰਾਂ ਆਪ ਮਾਨ ਸਿੰਘ ਨੂੰ ਬਖਸ਼ਿਆ। ਇਸ ਵੇਲੇ ਇਹ ਪਿਆਰੇ ਸਤਿਗੁਰਾਂ ਦੇ ਚਰਨਾਂ ਦੇ ਭੌਰੇ ਪੂਰਨ ਤਿਆਗ ਬ੍ਰਿਤੀ ਵਿਚ ਸਦਕੇ ਹੋ ਰਹੇ ਸੇ, ਇਨ੍ਹਾਂ ਵਿਚ ਉਹ ਭਾਵ, ਜ਼ਿੰਦਗੀ ਦਾ ਵਰਤਾਉ ਤੇ ਰੰਗ ਸੀ ਜੋ ਪੂਰਨ ਪ੍ਰੇਮੀ, ਪੂਰਨ ਤਿਆਗ ਤੇ ਪੂਰਨ ਨਾਮ ਅਭਿਆਸੀ ਵਿਚ ਲੋੜੀਏ। ਸੋ ਮਾਨ ਸਿੰਘ ਜੀ ਨੇ ਦੁਮਾਲਾ ਸਜਾਈ ਰੱਖਿਆ ਤੇ ਉਨ੍ਹਾਂ ਦੇ ਪਿਆਰ ਵਾਲਿਆਂ ਉਨ੍ਹਾਂ ਦੀ ਪੈਰਵੀ ਕੀਤੀ। ਹੁਣ ਉਹ ਤਿਆਗ ਬ੍ਰਿਤੀ ਜੋ ਅਕਾਲ ਬੁੰਗੇ ਦੇ ਅਕਾਲੀਆਂ ਵਿਚ ਹੁੰਦੀ ਸੀ, ਇਸ ਤਰ੍ਹਾਂ ਪਰਵਿਰਤ ਹੋ ਗਈ, ਸਾਰੇ ਪੰਥ ਵਿਚ ਤੇ ਇਨ੍ਹਾਂ ਲੋਕਾਂ ਦਾ ਨਾਮ ਹੋ ਗਿਆ ਨਿਹੰਗ। ਨਿਹੰਗ ਫਾਰਸੀ ਵਿਚ ਮਗਰਮੱਛ ਨੂੰ ਕਹਿੰਦੇ ਹਨ, ਮੁਰਾਦ ਹੈ ਜੋ ਨਿਰਭੈ ਅਤਿ ਹੋਵੇ ਕਿਸੇ ਭੈ ਅੱਗੇ ਜਿਸਦੀ ਅੱਖ ਝਮਕਾ ਨਾ ਖਾਵੇ। ਨਿਹੰਗ ਦਾ ਇਹ ਅਰਥ ਬੀ ਕਰਦੇ ਹਨ ਜੋ ਦੁੱਖ ਸੁਖ ਦਾ ਅੰਗ ਨਾ ਮੰਨੇ।

ਦੁੱਖ ਸੁੱਖ ਦੋਹਾਂ ਵੇਲੇ ਜੋ ਆਪਣੇ ਅਸੂਲ ਤੋਂ ਨਾ ਹਿੱਲੇ। ਨਿਹੰਗ ਦਾ ਮੂਲ ਜਾਪਦਾ ਹੈ ਪਦ ਨਿਸੰਗ - ਨਿਹੰਗ - ਜੋ ਇਕੱਲਾ ਵਿਚਰੇ, ਇਸਤ੍ਰੀ ਆਦਿ ਦੇ ਪਰਿਵਾਰਕ ਸਬੰਧ ਤੋਂ ਸੁਤੰਤਰ ਹੋ ਕੇ ਜੋ ਸਾਧੂ ਬ੍ਰਿਤੀ ਵਿਚ ਵਿਚਾਰੇ। ਅਕਾਲ ਬੁੰਗੇ ਦੇ ਅਕਾਲੀ, ਖਿਆਲ ਹੈ ਕਿ ਛੇਵੇਂ ਸਤਿਗੁਰਾਂ ਤੋਂ ਲੈ ਦਸਮੇਂ ਸਤਿਗੁਰਾਂ ਦੇ ਸਮੇਂ ਤਕ ਕੇਵਲ ਸਤਿਗੁਰਾਂ ਦੇ ਹੁਕਮ ਦੇ ਤਾਬੇ ਕੰਮ ਕਰਦੇ ਸੀ ਅਰ ਉਨ੍ਹਾਂ ਪਰ ਉਤਨੇ ਜ਼ਿੰਮੇਵਾਰੀ ਦੇ ਕੰਮ ਨਹੀਂ ਪੈਂਦੇ ਸੀ ਜਿਤਨੇ ਕਿ ਦਸਮੇਂ ਜਾਮੇਂ ਦੇ ਅੰਤਰਧਾਨ ਹੋਣ ਮਗਰੋਂ ਪਏ ਹਨ। ਤਦੋਂ ਉਹ ਨਾਮ ਰਸੀਏ ਇਕ ਸ਼ੁਭ ਤੇ ਸੁਹਣੇ, ਪਰ ਤਿਆਗੀ ਸੇਵਕ ਤਖਤ ਸਾਹਿਬ ਦੀ ਸੇਵਾ ਵਾਲੇ ਹੁੰਦੇ ਸੇ। ਅਕਾਲ ਬੁੰਗੇ ਤੇ ਪੂਰਾ ਵਸੀਕਾਰ ਭੁਜੰਗੀਆਂ ਦਾ, ਜੀਤ ਮੱਲੀਆਂ, ਬੰਦਈਆਂ, ਚੁਬੰਦੀਆਂ ਆਦਿਕਾਂ ਦੇ ਹਟ ਜਾਣ ਪਰ ਹੋਇਆ। ਤਦੋਂ ਇਹ 'ਅਕਾਲ ਪੁਰਖੀਏ' ਨਾਮ ਤੋਂ ਵੀ ਕੁਛ ਚਿਰ ਪ੍ਰਸਿੱਧ ਰਹੇ ਹਨ। ਖਾਸ ਭੇਖ ਕੋਈ ਨਹੀਂ ਸੀ ਪਰ ਦਸਮੇਂ ਜਾਮੇਂ ਦੇ ਮਗਰੋਂ ਬਾਬੇ ਫਤਹਿ ਸਿੰਘ ਦੇ ਨਾਮ ਦੀ ਫੌਜ ਵਾਲੇ ਸ਼੍ਰੀ ਮਾਨ ਸਿੰਘ ਜੀ ਦੀ ਸੰਪਰਦਾ ਦੇ ਨਿਹੰਗ ਤੇ ਅਕਾਲੀ ਸਿੰਘ ਲਗਭਗ ਇਕੋ ਹੋ ਗਏ ਅਰ ਦੋਵੇਂ ਪਰ ਇਕਨਾਂ ਅਰਥਾਂ ਵਿਚ ਵਰਤੀਣ ਲਗ ਪਏ, ਪਰ ਦੁਮਾਲੇ ਦਾ ਫਰਕ ਜਾਰੀ ਰਿਹਾ। ਅਕਾਲ ਬੁੰਗੇ ਦੇ ਅਕਾਲੀ ਉਨ੍ਹਾਂ ਹੀ ਗੁਣਾਂ ਵਾਲੇ ਜੋ ਉਪਰ ਕਹੇ ਹਨ ਤਖਤ ਸਾਹਿਬ ਦੀ ਸੇਵਾ ਵਿਚ ਰਹਿਣ ਵਾਲੇ ਸੇ। ਹੋਰ ਖੁਲ੍ਹੇ ਵਿਚਰਨ ਵਾਲੇ ਅਕਾਲੀ ਵਹੀਰ ਬਣਾ ਕੇ ਪੰਥਕ ਕਾਰਜਾਂ ਲਈ ਜਗ੍ਹਾ ਜਗ੍ਹਾ ਫਿਰਦੇ ਸਨ। ਸਭਨਾਂ ਦਾ ਇਕੱਠ ਕਈ ਵੇਰ ਅਕਾਲ ਬੁੰਗੇ ਹੋ ਜਾਂਦਾ ਸੀ। ਖੁਲ੍ਹੇ ਵਿਚਰਨ ਵਾਲਿਆਂ ਦੀ ਮਾਨੋਂ 'ਬਹੂਦਕ ਸੰਨਿਆਸ' ਦੀ ਸ਼ਕਲ ਸੀ ਤੇ ਅਕਾਲ ਬੁੰਗੇ ਦੇ ਸੇਵਕਾਂ ਦੀ ਜੋ ਕਈ ਵੇਰ ਇਨ੍ਹਾਂ ਵਿਚੋਂ ਚੋਣਵੇਂ ਹੋਇਆ ਕਰਦੇ ਸੇ, ਕੁਟੀਚਰ ਸੰਨਿਆਸ ਦੀ ਪਰ ਫਰਕ ਇਹ ਹੈ ਕਿ ਇਹ ਸੰਨਿਆਸੀ ਤਿਆਗ ਕਰਕੇ ਆਪਾ ਕੌਮ, ਦੇਸ਼ ਤੇ ਪੰਥ ਦੀ ਸੇਵਾ ਵਿਚ ਲਾਉਂਦੇ ਸੇ, ਉਦਾਸ ਹੋ ਬਨਾਂ ਵਿਚ ਤੇ ਬਰਫਾਂ ਵਿਚ ਨਹੀਂ ਜਾ ਗਲਦੇ ਸੇ। ਵਿਆਹ ਇਨ੍ਹਾਂ ਵਿਚ ਹੁਕਮਨ ਮਨ੍ਹੇ ਨਹੀਂ ਸੀ ਪਰ ਰਿਵਾਜਨ ਇਹ ਅਕਸਰ ਨਿਰਵਿਰਤ ਵਿਚਰਦੇ ਸੇ। ਜਥੇਬੰਦੀ ਇਨ੍ਹਾਂ ਦੀ ਇਸ ਤਰ੍ਹਾਂ ਦੀ ਸੀ ਕਿ ਹਰ ਵਹੀਰ ਦਾ ਇਕ ਜਥੇਦਾਰ ਹੁੰਦਾ ਸੀ, ਜਿਸ ਦੀ ਸਭ ਤੋਂ ਵੱਡੀ ਮਹਿਮਾ ਨਾਮ-ਰਸੀਆ ਤੇ ਅਭੈ ਹੋਣਾ ਹੁੰਦੀ ਸੀ, ਇਸਨੂੰ ਜਥੇਦਾਰ

ਤੇ ਵਹੀਰੀਆ ਬੀ ਆਖਦੇ ਸਨ। ਆਪਣੇ ਜਥੇ ਦਾ ਇਹ ਗੁਰਮੁਖ ਤੇ ਸਰਦਾਰ ਹੁੰਦਾ ਸੀ, ਪ੍ਰਬੰਧ ਸਾਰਾ ਇਸ ਦੇ ਹੱਥ ਹੁੰਦਾ ਸੀ, ਸਾਰੇ ਇਸ ਦਾ ਹੁਕਮ ਮੰਨਦੇ ਸੇ। ਕਈ ਵੇਰ ਜਥੇਦਾਰ ਨੂੰ ਗੁਰਦੇਵ ਸਿੰਘ ਬੀ ਸੱਦਦੇ ਸੇ, ਅੰਮ੍ਰਿਤ ਛਕਾਉਣਾ ਬੀ ਇਸ ਦਾ ਕੰਮ ਹੁੰਦਾ ਸੀ। ਜਥੇਦਾਰ ਦੇ ਜੇ ਸਾਰੇ ਵਿਰੋਧੀ ਹੋ ਜਾਣ ਤਾਂ ਨਵਾਂ ਥਾਪ ਲੈਂਦੇ ਸਨ, ਪਰ ਜਥੇਦਾਰ ਦੇ ਹੁਕਮੋਂ ਸਿਰ ਨਹੀਂ ਸਨ ਫੇਰਦੇ, ਪਰ ਇਹ ਗੱਲ ਹੋਈ ਕਦੇ ਘੱਟ ਹੈ। ਕਿਉਂਕਿ ਪੂਰਨ ਤਿਆਗੀ ਤੇ ਨਾਮ ਰਸੀਏ ਕਰਕੇ ਉਹ ਕਾਰਨ ਜੋ ਜਥਿਆਂ ਵਿਚ ਵਖੇਵੇਂ ਦੇ ਪੈਂਦੇ ਹਨ, ਮੌਜੂਦ ਹੀ ਨਹੀਂ ਸਨ ਹੁੰਦੇ। ਮੁਸੀਬਤਾਂ ਚੁਫੇਰੇ ਸਨ ਤੇ ਪਰਸਪਰ ਪਿਆਰ ਭਰਾਵਾਂ ਵਾਲੇ ਸਨ, ਇਸ ਕਰਕੇ ਇਹ ਘਟਨਾ ਲਗਭੱਗ ਨਹੀਂ ਹੋਈ ਵਾਂਗੂੰ ਹੈ। ਅਕਸਰ ਨਿਹੰਗ ਸਿੰਘ ਵਹੀਰਾਂ ਵਿਚ ਬੀ ਨਹੀਂ ਰਹੇ ਇਕੱਲੇ ਵਿਚਰੇ ਹਨ, ਅਕਸਰਾਂ ਨੇ ਗੁਰਦੁਆਰੇ ਸੰਭਾਲੇ, ਸੇਵਾ ਵਿਚ ਉਮਰਾਂ ਲਾਈਆਂ ਤੇ ਜੀਵਨ ਸਫਲ ਕੀਤੇ। ਅਕਾਲੀ ਯਾ ਨਿਹੰਗ ਸਿੰਘ ਹੁਣ ਇੱਕੋ ਅਰਥ ਵਾਲਾ ਪਦ ਹੋ ਗਿਆ ਸੀ। ਨਿਰਬਾਹ ਇਨ੍ਹਾਂ ਦਾ ਪਿਆਰ ਨਾਲ ਮਿਲੀ ਭੇਟਾ ਸੀ ਯਾ ਗੁਰਦੁਆਰੇ ਦੇ ਲੰਗਰ ਤੋਂ। ਇਹ ਲੋਕ ਮੰਗਦੇ ਨਹੀਂ ਸਨ ਕਦੇ ਕਿਸੇ ਹਾਲਤ ਵਿਚ ਬੀ ਹੱਥ ਨਹੀਂ ਸਨ ਅੱਡਦੇ। ਜੇ ਸਫਰ ਵਿਚ ਹਨ, ਪਾਸ ਕੁਛ ਨਹੀਂ ਪ੍ਰਸ਼ਾਦੇ ਦਾ ਵੇਲਾ ਹੈ, ਤਾਂ ਕਿਸੇ ਪਿੰਡ ਸ਼ਹਿਰ ਦੀ ਗਲੀ ਜਾ ਵੜਨਗੇ, ਜਿਸ ਘਰ ਮਰਜ਼ੀ ਹੈ ਲੰਘ ਜਾਣਗੇ, ਉਸ ਵੇਲੇ ਦੇ ਨਿਰਬਾਹ ਜੋਗਾ ਅੰਨੁ ਮਾਤ੍ਰ ਲੈ ਕੇ ਟੁਰ ਆਉਣਗੇ, ਹੀਰੇ ਮੋਤੀ ਪਾਸ ਪਏ ਰਹਿਣ, ਤੱਕਣਗੇ ਨਹੀਂ। ਇਥੋਂ ਤੱਕ ਕਿ ਉਸ ਡੰਗ ਤੋਂ ਵਧੀਕ ਦਾ ਅੰਨ ਬੀ ਨਹੀਂ ਚੁੱਕਣਗੇ। ਲੋਕਾਂ ਵਿਚ ਇਤਨਾ ਸਤਿਕਾਰ ਇਨ੍ਹਾਂ ਦਾ ਸੀ ਕਿ ਜਦੋਂ ਨਿਹੰਗ ਸਿੰਘ ਆ ਜਾਣ ਤੇ ਲੋਕੀਂ ਸੁਣ ਲੈਣ ਕਿ ਨਿਹੰਗ ਆਏ ਹਨ, ਤਾਂ ਬੂਹੇ ਖੋਲ੍ਹ ਘਰਾਂ ਤੋਂ ਬਾਹਰ ਆ ਕੇ ਅਦਬ ਨਾਲ ਹੱਥ ਜੋੜ ਕੇ ਖਲੋ ਜਾਂਦੇ ਸਨ ਤੇ ਸਾਰੇ ਚਾਹੁੰਦੇ ਸਨ ਕਿ ਇਹ ਮੇਰੇ ਘਰ ਅੰਦਰ ਜਾਣ। ਫੇਰ ਜਿਸ ਘਰ ਇਹ ਵੜ ਜਾਣ ਉਹ ਆਪਣੇ ਧੰਨ ਭਾਗ ਸਮਝਦਾ ਸੀ, ਤਦੋਂ ਦੀ ਹੀ ਇਹ ਕਹਾਵਤ ਅੱਜ ਤੱਕ ਮੂੰਹਾਂ ਤੋਂ ਚੜ੍ਹੀ ਹੋਈ ਹੈ -

ਆਏ ਨੀ ਨਿਹੰਗ ਬੂਹਾ ਖੋਲ੍ਹ ਦੇ ਨਿਸ਼ੰਗ।

ਜਿਸ ਦਾ ਭਾਵ ਇਹ ਸੀ ਕਿ ਇਹ ਉੱਚੇ ਖਿਆਲ ਵਾਲੇ ਲੋਕ ਹਨ, ਇਨ੍ਹਾਂ ਨੂੰ ਰੋਕੋ ਨਾ, ਖੁੱਲ੍ਹੇ ਦਿਲ ਅੰਦਰ ਆਉਣ ਦਿਓ। ਇਹ ਤੁਹਾਡੇ ਘਰ ਦੇ ਮਾਲ, ਧਨ ਰੂਪ ਕਿਸੇ ਸ਼ੈ ਦੇ ਰਵਾਦਾਰ ਨਹੀਂ। ਨਿਰਬਾਹ ਮਾਤ੍ਰ ਅੰਨ ਲੈਣਗੇ ਤੇ ਤੇਰੀ ਕਮਾਈ ਸਫਲ ਕਰ ਜਾਣਗੇ।

ਇਸ ਦਾ ਕਾਰਨ ਇਹ ਸੀ ਕਿ ਨਿਹੰਗਾਂ ਸਿੰਘਾਂ ਵਿਚ 'ਮਾਲ ਮਿਲਖ ਦੇ ਕਬਜ਼ੇ ਦੇ ਖਿਆਲ ਦਾ ਤਿਆਗ ਕਰਨਾ ਮੁੱਖ ਗੁਣ ਸੀ। ਉਹ ਨਾ ਕੇਵਲ ਆਪ ਹੀ ਮਾਲਕ ਨਹੀਂ ਬਣਦੇ ਸੇ ਸਗੋਂ ਕਿਸੇ ਨੂੰ ਕਿਸੇ ਮਾਲ ਦਾ ਮਾਲਕ ਨਹੀਂ ਸੇ ਸਮਝਦੇ। ਸਭ ਮਾਲ, ਅੰਨੁ, ਬਸਤ੍ਰ, ਪਦਾਰਥ ਦਾ ਮਾਲਕ ਉਨ੍ਹਾਂ ਦੀ ਨਜ਼ਰ ਵਿਚ ਵਾਹਿਗੁਰੂ ਸੀ। ਉਹ ਜਦ ਲੋੜ ਵੇਲੇ ਕਿਸੇ ਦੇ ਘਰੋਂ ਅੰਨ ਮਾਤ੍ਰ ਅੰਗੀਕਾਰ ਕਰਦੇ ਸੇ ਤਦ ਉਸ ਘਰ ਵਾਲੇ ਦੇ ਅੰਨ ਨੂੰ ਉਸ ਦਾ ਸਮਝ ਕੇ ਹੱਥ ਨਹੀਂ ਸੇ ਲਾਉਂਦੇ, ਪਰ ਦਾਣਾ ਪਾਣੀ ਗੁਰੂ ਕਾ ਸਮਝ ਕੇ ਸਾਂਝੇ ਬਾਬਲ ਦੇ ਭੰਡਾਰੇ ਵਿਚੋਂ ਭੁੱਖ ਪੂਰਨ ਮਾਤ੍ਰ ਅੰਨ ਸਵੀਕਾਰ ਕਰਦੇ ਸੇ। ਜਬਰ ਧੱਕਾ ਕਦੇ ਨਹੀਂ ਸੇ ਕਰਦੇ। ਜਬਰ ਸਹਿਣਾ, ਜਬਰ ਕਰਨਾ ਦੁਇ ਗੱਲਾਂ ਤੋਂ ਉਚੇਰੇ ਸੇ। ਨਿਹੰਗ ਸਿੰਘ ਪਾਸ ਕਛਹਿਰੇ ਤਾਂ ਦੋ ਹੁੰਦੇ ਸੇ, ਪਰ ਚੋਲਾ, ਦਸਤਾਰਾ, ਚਾਦਰ ਇਹ ਕਦੇ ਦੋ ਨਹੀਂ ਸੇ ਹੁੰਦੇ ਤੇ ਦਿਨ ਦਾ ਅੰਨ ਪਾ ਕੇ ਰਾਤ ਲਈ ਬਾਕੀ ਨਹੀਂ ਸੇ ਰੱਖਦੇ। ਇਸੇ ਵਾਸਤੇ ਮਗਰੋਂ ਇਨ੍ਹਾਂ ਦਾ ਨਾਮ ਬਿਹੰਗਮ ਬੀ ਪੈ ਗਿਆ ਸੀ, ਅਰਥਾਤ ਪੰਛੀ ਬਿਰਤੀ ਵਾਲੇ, ਜਿਥੇ ਚੋਗਾ ਜਿਸ ਵੇਲੇ ਮਿਲ ਗਿਆ ਖਾ ਲਿਆ, ਜਿਥੇ ਰਾਤ ਪੈ ਗਈ ਟਿਕ ਗਏ। ਪਰੰਤੂ ਇਹ ਸਾਰੇ ਤਿਆਗ ਤੇ ਵਰਤਾਰੇ ਦੀਆਂ ਖੁਲ੍ਹਾਂ ਇਨ੍ਹਾਂ ਲੋਕਾਂ ਵਿਚ ਨਾਮ ਦੇ ਆਧਾਰ ਤੇ ਸਨ, ਅਰਥਾਤ ਆਤਮ ਜੀਵਨ (ਰੂਹਾਨੀ ਜ਼ਿੰਦਗੀ) ਇਸਦਾ ਮੂਲ ਸੀ। ਪਦਾਰਥਕ ਵੰਡ ਪਰਸਪਰ ਮਾਦੀ ਏਕਤਾ ਦਾ ਖਿਆਲ ਇਨ੍ਹਾਂ ਗੱਲਾਂ ਦਾ ਮੂਲ ਨਹੀਂ ਸੀ। ਆਤਮਾ ਜੀਵਨ ਤੋਂ ਖਾਲੀ, ਉਚੇ ਇਖਲਾਕ ਤੋਂ ਵਿਰਵੇ ਨਿਰੇ ਮਾਯਾ ਤੇ ਮਾਦਾ ਪ੍ਰਸਤੀ ਤੇ ਪਦਾਰਥ ਯਾ ਰਾਜਸੀ ਭੁੱਖਾਂ ਵਾਲੀ ਸੰਸਾਰੀ ਬਿਰਤੀ ਅਕਾਲੀ ਦਾ ਆਦਰਸ਼ ਕਦੇ ਨਹੀਂ ਸੀ।

ਨਿਹੰਗ ਸਿੰਘਾਂ ਵਿਚ ਸੁਖ ਨਿਧਾਨ (ਭੰਗ) ਦਾ ਰਿਵਾਜ, ਨਿਹਾਯਤ ਕਸ਼ਟ ਦੇ ਜੀਵਨਾਂ, ਥਕਾਨਾਂ ਤੇ ਦੁੱਖਾਂ ਤੋਂ ਸਰੀਰ ਨੂੰ ਸੁਖ ਦੇਣ ਲਈ ਪਿਆ ਸੀ, ਇਸੇ ਕਰਕੇ ਇਸ ਦਾ ਨਾਮ 'ਸੁਖ ਨਿਧਾਨ' ਪਿਆ। ਪਰ ਪਿੱਛੋਂ ਇਹ ਨਸ਼ੇ ਦੀ ਸ਼ਕਲ ਵਿਚ ਵਧ ਕੇ ਉਨ੍ਹਾਂ ਦੇ ਗਿਰਾਉ ਦਾ ਮੂਲ ਕਾਰਨ ਬਣਿਆ। ਜਾਇਦਾਦਾਂ ਵਾਲੇ ਬੀ ਨਿਹੰਗ ਸਿੰਘ ਮਗਰੋਂ ਹੋਏ, ਪਰ ਇਹ ਗਿਰਾਉ ਦੇ ਸਮੇਂ ਦੇ ਹਨ, ਸੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਕੁਛ ਸਮਾਂ ਪਹਿਲਾਂ ਥੋੜ੍ਹਾ ਥੋੜ੍ਹਾ ਸ਼ੁਰੂ ਹੋ ਗਿਆ ਸੀ, ਪਰੰਤੂ ਆਦਰਸ਼ਕ ਨਿਹੰਗ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਅਣ-ਗਿਣਤ ਸਨ, ਟਾਂਵੇਂ-ਟਾਂਵੇਂ ਉਸ ਤੋਂ ਮਗਰੋਂ ਬੀ ਹੁੰਦੇ ਰਹੇ ਹਨ। ਬਾਬਾ ਨੈਣਾ ਸਿੰਘ ਜੀ ਦੇ ਚਾਟੜੇ ਬਾਬਾ ਫੂਲ ਸਿੰਘ ਜੀ ਮਹਾਰਾਜ ਰਣਜੀਤ ਸਿੰਘ ਦੇ ਸਮੇਂ ਦਾ ਹੀ ਸ਼ਿੰਗਾਰ ਸਨ।

ਜਿਸ ਸਮੇਂ ਦਾ ਅਸੀਂ ਹਾਲ ਲਿਖ ਰਹੇ ਹਾਂ, ਨਿਹੰਗ ਸਿੰਘ ਤੇ ਅਕਾਲ ਬੁੰਗੇ ਦੇ ਅਕਾਲੀ ਆਪਣੇ ਆਦਰਸ਼ ਤੇ ਪੂਰੇ-ਪੂਰੇ ਸਨ, ਇਨ੍ਹਾਂ ਦਾ ਪਿੱਛੇ ਦੱਸ ਆਏ ਹਾਂ ਕਿ ਇਕ ਕੰਮ ਇਹ ਹੁੰਦਾ ਸੀ ਕਿ ਅਕਾਲ ਬੁੰਗੇ ਰਹਿਣਾ, ਪੰਥਕ ਸਾਂਝੀਆਂ ਲੋੜਾਂ ਦਾ ਖਿਆਲ ਰੱਖਣਾ, ਜਦੋਂ ਕੋਈ ਜਥੇਦਾਰ ਕੋਈ ਪੰਥਕ ਔਕੜ ਦੱਸ ਘੱਲੇ ਤਾਂ ਇਨ੍ਹਾ ਦਾ ਗੁਰਮਤਾ ਸੱਦਣਾ। 'ਗੁਰਮਤਾ' ਨਾਮ ਪੰਥ ਦੀ ਸ਼ਰੋਮਣੀ ਜਥੇਬੰਦੀ ਦਾ ਸੀ; ਹਾਂ ਇਹ ਇਕ ਪੰਥਕ ਆਸ਼ਰਮ ਸੀ - ਜੱਥੇਬੰਦੀ ਦਾ। ਉਸਦਾ ਤਰੀਕਾ ਇਹ ਹੁੰਦਾ ਸੀ ਕਿ ਅਕਾਲ ਬੁੰਗੇ ਦੇ ਅਕਾਲੀ ਪੰਥ ਦੇ ਸਾਰੇ ਜਥੇਦਾਰਾਂ ਤੇ ਜ਼ਿੰਮੇਵਾਰ ਸਰਦਾਰਾਂ, ਗੁੰਥੀਆਂ ਤੇ ਪ੍ਰਸਿੱਧ ਧਾਰਮਿਕ ਬਜ਼ੁਰਗੀ ਵਾਲਿਆਂ ਤੇ ਹੋਰ ਜ਼ਰੂਰੀ ਸਿੱਖਾਂ ਨੂੰ ਸੱਦਿਆ ਕਰਦੇ ਸਨ। ਨੀਯਤ ਸਮੇਂ ਤੇ ਸਭ ਨੇ ਆ ਹਾਜ਼ਰ ਹੋਣਾ। ਜੇ ਕਦੇ ਦੋ ਸਿੱਖ ਜਥੇ ਆਪੋ ਵਿਚ ਲੜ ਬੀ ਰਹੇ ਹੋਣ (ਜੋ ਮਿਸਲਾਂ ਦੇ ਸਮੇਂ ਦੀ ਗੱਲ ਹੈ) ਤਾਂ ਗੁਰਮਤੇ ਦਾ ਸੱਦਾ ਪਹੁੰਚਦੇ ਸਾਰ ਲੜਾਈ ਬੰਦ ਕਰਕੇ ਦੋਵੇਂ ਟੁਰ ਪੈਣਗੇ, ਰਸਤੇ ਵਿਚ ਯਾ ਗੁਰਦਵਾਰੇ ਅੱਪੜ ਕੇ ਆਪੋ ਵਿਚ ਕੋਈ ਬਦਲਾ ਨਹੀਂ ਲੈਣਗੇ, ਇਕ ਦੂਜੇ ਤੇ ਵਾਰ ਨਹੀਂ ਕਰਨਗੇ। ਗੁਰਮਤੇ ਦੇ ਨੀਯਤ

ਸਮੇਂ ਅਕਾਲ ਬੁੰਗੇ ਦੇ ਹਜ਼ੂਰ ਸਭ ਪਾਸੇ ਤੋਂ ਰਸਤੇ ਬੰਦ ਮੈਦਾਨ ਵਿਚ ਦੀਵਾਨ ਸਜਦਾ, ਕੀਰਤਨ ਹੋ ਕੇ ਆਵਾਜ਼ਾ ਦਿਤਾ ਜਾਂਦਾ, ਫੇਰ ਕੜਾਹ ਪ੍ਰਸ਼ਾਦ ਵਰਤਦਾ, ਸਾਰੇ ਛਕਦੇ। ਚਾਹੇ ਕਿਸ ਜਾਤ, ਕਿਸੇ ਮਜ਼੍ਹਬ ਤੇ ਕਿਸੇ ਕੌਮ ਤੋਂ ਸਜੇ ਹੋਏ ਸਿੱਖ ਹੋਣ ਜੋ ਗੁਰਮਤੇ ਵਿਚ ਸ਼ਾਮਲ ਹੁੰਦੇ, ਸਾਰੇ ਉਸ ਵੇਲੇ ਇਕੱਠੇ ਛਕਦੇ। ਫੇਰ ਅਕਾਲੀ ਜਥੇਦਾਰ ਸਿੰਘ ਅਰਦਾਸਾ ਸੋਧਾ, ਇਸ ਤੋਂ ਮਗਰੋਂ ਹਰੇਕ ਆਇਆ, ਸੱਜਣ ਉਠ ਕੇ ਅਕਾਲੀ ਜਥੇਦਾਰ ਦੇ ਸਨਮੁੱਖ ਹੋ ਆਖਦਾ ਕਿ ਮੈਂ ਸੱਚੇ ਸਤਿਗੁਰੂ ਦੀ ਹਜ਼ੂਰੀ ਵਿਚ ਪੰਥ ਦੇ ਸਾਂਝੇ ਭਲੇ ਲਈ ਆਇਆ ਹਾਂ ਮੇਰਾ ਨਿਜ ਦਾ ਹਾਨ ਲਾਭ, ਕੋਈ ਲੋਭ ਲਾਲਚ, ਮੇਰੇ ਰਸਤੇ ਵਿਚ, ਮੇਰੀਆਂ ਵਿਚਾਰਾਂ ਵਿਚ ਕੋਈ ਕੋਟ, ਕੋਈ ਰਲਾ ਨਹੀਂ ਪਾਉਣਗੇ। ਇਸ ਪ੍ਰਤੱਗਯਾ ਦੇ ਮਗਰੋਂ ਫਿਰ ਅਰਦਾਸਾ ਸੋਧ ਕੇ ਕਾਰਜ ਆਰੰਭ ਹੁੰਦਾ। ਵਿਚਾਰਾਂ ਹੋ ਕੇ ਜੋ ਮਤਾ ਸੁੱਧ ਜਾਂਦਾ, ਅਰਥਾਤ ਫੈਸਲਾ ਹੋ ਜਾਂਦਾ, ਉਹ ਅਕਾਲੀ ਜਥੇਦਾਰ ਸਭ ਨੂੰ ਸੁਣਾ ਦਿੰਦਾ। ਫਿਰ ਸਾਰੇ ਆਪੋ ਆਪਣੇ ਥਾਂ ਟੁਰ ਜਾਂਦੇ। ਅਕਾਲੀਆਂ ਦਾ ਫੇਰ ਇਹ ਕੰਮ ਹੁੰਦਾ ਸੀ ਕਿ ਉਹ ਪੰਥਕ ਫੈਸਲਾ ਸਾਰੇ ਪੰਥ ਵਿਚ ਨੱਕ ਦੀ ਸੇਧੇ ਮਨੀਵੇ। ਅਕਾਲੀਆਂ ਦਾ ਪਵਿੱਤਰ ਜੀਵਨ ਨਾਮ ਦੀ ਸਤਿਆ ਤੇ ਬੇਗਰਜ਼ੀ ਐਸੇ ਗੁਣ ਸਨ ਕਿ ਜਿਸ ਦੇ ਅੱਗੇ ਪੰਥ ਦੇ ਸਾਰੇ ਫਰਦ ਝੁਕਦੇ ਅਰ ਬੇਵਸੇ ਝੁਕਦੇ ਸੀ। ਫੌਜ ਤੇ ਤੋਪਾਂ ਵਾਲੇ ਜਥੇ ਇਨ੍ਹਾਂ ਪੰਛੀ (ਬਿਹੰਗਮ) ਬ੍ਰਿਤੀ ਵਾਲਿਆਂ ਦੇ ਆਖੇ ਅੱਗੇ ਸਿਰ ਝੁਕਾਉਂਦੇ ਸਨ। ਇਹ ਕਦੇ ਨਹੀਂ ਸੀ ਹੋਇਆ ਕਿ ਗੁਰਮਤੇ ਵਿਚ ਹੋਏ ਫੈਸਲੇ ਦੇ ਵਿਰੁੱਧ ਕੋਈ ਟੁਰੇ। ਇਸ ਗੁਰਮਤੇ ਦੀ ਮਰਿਯਾਦਾ ਦਾ ਮੁੱਢ ਚਮਕੌਰ ਵਿਚ ਹੋਇਆ, ਮਾਨੋਂ ਪਹਿਲਾਂ ਗੁਰਮਤਾ ਉਸ ਕਸ਼ਟ ਵੇਲੇ ਹੋਇਆ ਤੇ ਹਜ਼ੂਰ ਸਾਹਿਬ ਸਤਿਗੁਰਾਂ ਨੇ ਸਿੰਘ ਨੂੰ ਇਸ ਦੀ ਪੂਰੀ ਜਾਚ ਸਿਖਾਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਪਹਿਲਾ ਪੰਥਕ ਗੁਰਮਤਾ ਬਾਬਾ ਸੰਤੋਖ ਸਿੰਘ ਜੀ ਦੀ ਜਥੇਦਾਰੀ ਵਿਚ ਹਜ਼ੂਰ ਸਾਹਿਬ ਹੋਇਆ ਤੇ ਆਖਰੀ ਗੁਰਮਤਾ ਨੁਸ਼ਹਿਰੇ ਦੀ ਲੜਾਈ ਵਿਚ ਮਹਾਰਾਜ ਰਣਜੀਤ ਸਿੰਘ ਦੀ ਜਥੇਦਾਰੀ ਤੇ ਬਾਬਾ ਫੂਲਾ ਸਿੰਘ ਅਕਾਲੀ ਦੇ ਪ੍ਰਬੰਧ ਵਿਚ ਹੋਇਆ। ਇਸ ਤੋਂ ਮਗਰੋਂ ਫੇਰ ਗੁਰਮਤਾ ਨਹੀਂ ਹੋਇਆ, ਪੰਥ ਰਾਜ ਗੁਆ ਕੇ ਕੋਈ ਐਸੀ ਸੱਟ ਖਾ ਕੇ ਮੂਰਛਿਤ ਹੋ ਗਿਆ ਕਿ ਪਾਸਾ ਹੀ ਨਹੀਂ ਪਰਤਿਆ। ਖੁਦਗਰਜ਼ੀ ਤੇ ਗਿਰਾਉ ਜਿਸ ਤੋਂ ਸਤਿਗੁਰਾਂ ਨੇ ਚਾਇਆ ਸੀ, ਫੇਰ ਆ ਗਏ। ਕਿੰਨਾਂ ਚਿਰ ਮੂਰਛਾ ਵਿਚ ਰਹਿ ਕੇ ਅਕਾਲੀ ਤੇ ਢਾਡੀ ਦੋ ਲੋੜੀਂਦੀਆਂ ਸੰਪਰਦਾਵਾਂ ਗੁਆ ਕੇ ਫੇਰ ਸਿੰਘ ਸਭਾ ਦੀ ਜਥੇਬੰਦੀ ਹੇਠ ਜਾਗਿਆ। ਹੁਣ ਕੁਛ ਪੂਰਬੀ ਪਰ ਵਿਸ਼ੇਸ਼ ਪੱਛਮੀ ਲੀਕਾਂ ਤੇ ਜਥੇਬੰਦੀ ਟੁਰੀ ਤੇ ਖਿੰਡੀ ਫੁਟੀ ਟੁਰ ਰਹੀ ਹੈ ਤੇ ਕਈ ਵੇਰ ਪੱਛਮ ਦੇ ਮਾੜੇ ਤੇ ਨੀਵੇਂ ਤੋਂ ਨੀਵੇਂ ਵਰਤਾਰੇ ਬੀ ਵਰਤ ਚੁੱਕੀ ਹੈ। ਕਈ ਵੇਰ ਸ਼ੁਭ ਜਥੇਬੰਦੀ ਬੀ ਹੋਈ ਹੈ, ਕੰਮ ਬੀ ਕਈ ਸੁਆਰੇ ਹਨ, ਪਰ ਗੁਰਮਤੇ ਦੇ ਸਾਮਾਨ ਵਾਪਸ ਨਹੀਂ ਆਏ। ਗੁਰਮਤਾ ਫੇਰ ਨਹੀਂ ਲੱਗਾ। ਸਗੋਂ ਗੁਰਮਤੇ ਦਾ ਅਰਥ ਬਦਲ ਗਿਆ ਹੈ, ਲੋਕੀਂ ਹੁਣ ਗੁਰਮਤੇ ਦਾ ਅਰਥ ਨਿਰਾ ਤਜ਼ਵੀਜ਼ (ਰੈਜ਼ੋਲਯੂਸ਼ਨ) ਮਾਤ੍ਰ ਸਮਝਦੇ ਹਨ ਤੇ ਇਨ੍ਹਾਂ ਤੰਗ ਅਰਥਾਂ ਵਿਚ ਹੀ ਪਦ ਨੂੰ ਵਰਤ ਲੈਂਦੇ ਹਨ। ਕਿਸੇ ਰੈਜ਼ੋਲਯੂਸ਼ਨ ਨੂੰ ਮਤਾ ਤਾਂ ਕਿਹਾ ਜਾ ਸਕਦਾ ਹੈ ਪਰ ਗੁਰਮਤਾ ਨਹੀਂ, ਕਿਉਂਕਿ ਗੁਰਮਤਾ ਤਾਂ ਇਕ ਜਥੇਬੰਦੀ ਹੈ, ਇਕ ਉੱਕਾ ਆਸ਼ਰਮ ਹੈ, ਪਵਿੱਤਰਤਾ ਨਾਮ ਤੇ ਤਿਆਗ ਦੀਆਂ ਨੀਹਾਂ ਤੇ ਉਸਰਿਆ ਇਕ ਮੰਦਰ ਹੈ, ਇਕ ਮਰਿਯਾਦਾ ਹੈ, ਜਿਸ ਵਿਚ ਖੁਦਗਰਜ਼ੀ, ਮਾਦੀ ਲਾਭ, ਸੁਆਰਥ, ਪੱਖਵਾਦ, ਈਰਖਾ ਤੇ ਨੀਵੇਂ ਤਰੀਕਿਆਂ ਨਾਲ ਆਪਣਾ ਬਲ ਬਣਾ ਕੇ ਹਾਰ ਜਿੱਤ ਦੇ ਮਨਸੂਬੇ ਸਿਰੇ ਚਾੜ੍ਹਨ ਦੇ ਤਰੀਕਿਆਂ ਦੀ ਗੁੰਜਾਇਸ਼ ਨਹੀਂ। ਮਾਦਾ ਪ੍ਰਸਤ ਪੱਛਮ ਦੇ ਤਰੀਕੇ ਜਥੇਬੰਦੀ ਦੇ ਹੋਰ ਹਨ, ਉਨ੍ਹਾਂ ਦਾ ਵਰਤਾਉ ਸ਼ੁਭ ਮਨੋਰਥਾਂ ਲਈ ਦਿਆਨਤਦਾਰੀ ਨਾਲ ਬੀ ਹੋ ਸਕਦਾ ਹੈ ਪਰ ਸਾਡੇ ਦੇਸ਼ ਵਿਚ ਅਕਸਰ ਉਹ ਪੱਖਵਾਦ ਤੇ ਧੜੇਬੰਦੀ ਦੇ ਤਰੀਕ ਤੇ ਟੁਰਕਦੀ ਹੈ ਤੇ ਕਈ ਵੇਰ ਉਹ ਸੱਚ ਤੇ ਭਲਿਆਈ ਤੋਂ ਪਰ੍ਹੇ ਹੋ ਕੇ ਨੀਵੇਂ ਵਰਤਾਵਾਂ ਨੂੰ ਬੀ ਲੈ ਟੁਰਦੀ ਹੈ ਅਕਸਰ ਐਉਂ ਹੁੰਦਾ ਹੈ ਕਿ ਜਿਵੇਂ ਇਕ ਪਾਤਸ਼ਾਹ ਦੇ ਨਾਤਕ ਹੁਕਮ ਵੇਲੇ ਉਸ ਪਾਤਸ਼ਾਹ ਦੀ ਹਉਮੈ ਨੂੰ ਪੱਠੇ ਪਾ ਕੇ ਆਪਣਾ ਮਤਲਬ, ਗਰਜ਼ ਸਿਰੇ ਚਾੜ੍ਹੇ ਜਾਂਦੇ ਸਨ, ਤਿਵੇਂ ਇਸ ਪੱਛਮੀ ਜਥੇਬੰਦੀ ਦੇ ਤਰੀਕੇ ਵਿਚ ਅਕਸਰ ਆਮ ਲੋਕਾਂ (ਪਬਲਿਕ) ਦੀ ਹਉਮੈ ਨੂੰ ਪੁੱਠੇ ਪਾ ਕੇ ਉਨ੍ਹਾਂ ਦੇ ਛੇਤੀ ਉਭਾਰ ਖਾਣ ਵਾਲੇ ਜਜ਼ਬਿਆਂ ਨੂੰ ਆਪਣੇ ਮਤਲਬ ਦੀ ਸੇਧ ਵਿੱਚ ਪ੍ਰਜ੍ਵਲਤ ਕਰਕੇ ਆਪਣਾ ਸਵਾਰਥ, ਗਰਜ਼ ਆਪਣਾ ਖਿਆਲ ਸਿਰੇ ਚਾੜ੍ਹਨ ਦਾ ਜਤਨ ਹੁੰਦਾ ਹੈ ਤੇ ਕਈ ਵੇਰੀ ਸੱਚ ਝੂਠ ਦਿਆਨਤਦਾਰੀ ਦੀ ਪਰਵਾਹ ਬੀ ਨਹੀਂ ਹੁੰਦੀ। ਗੁਰਮਤਾ ਉੱਚੇ ਮਨਾਂ, ਸੁੱਚੇ ਮਨਾਂ, ਗਰਜ਼ਾਂ ਤੋਂ ਧੋਤੇ ਮਨਾਂ ਦਾ ਸਾਂਝੇ ਪੰਥਕ ਹਾਨ ਲਾਭ ਤੇ ਆਪੇ ਨੂੰ 'ਮੈਂ ਮੇਰੀ' ਤੋਂ ਧੋਤਾ, ਸਾਫ ਰੱਖ ਕੇ ਨਿਰੋਲ ਪੰਥਕ ਭਲੇ ਦੇ ਵਿਚਾਰ ਤੇ ਮਰਿਯਾਦਾ ਦਾ ਨਾਮ ਸੀ।

ਉਪਰ ਅਸੀਂ ਗੁਰਮਤੇ ਦਾ ਹਾਲ ਦੱਸ ਆਏ ਹਾਂ, ਅਕਾਲੀ ਤੇ ਨਿਹੰਗ ਦਾ ਸੰਖੇਪ ਸਮਾਚਾਰ ਕਹਿ ਆਏ ਹਾਂ, ਅਕਾਲ ਬੁੰਗੇ, ਵਹੀਰਾਂ ਵਾਲੇ, ਗੁਰਦਵਾਰਿਆਂ ਦੀ ਸੇਵਾ ਵਾਲੇ ਅਕਾਲੀਆਂ ਬਾਬਤ ਕੁਛ ਲਿਖ ਆਏ ਹਾਂ। ਹੁਣ ਕੁਛ ਧਿਆਨ ਉਨ੍ਹਾਂ ਅਕਾਲੀਆਂ ਵਲ ਪਾਉਂਦੇ ਹਾਂ ਜੋ ਆਤਮਕ ਤਰੀਕੇ ਤੇ ਪੂਰਨ ਪਦ ਨੂੰ ਅੱਪੜ ਕੇ ਸਭ ਸਬੰਧਾਂ ਤੋਂ ਦੂਰ ਰਹਿੰਦੇ ਜੀਵਨ ਬਿਤਾਉਂਦੇ ਸਨ। ਇਸ ਪ੍ਰਕਾਰ ਦਾ ਅਕਾਲੀ ਇਕੱਲਾ ਵਿਚਰਦਾ ਸਾਰੇ ਗੁਣ ਆਪਣੀ ਸੰਪਰਦਾ ਦੇ ਰੱਖਦਾ ਸੀ, ਪਰ ਫੇਰ ਸਰੀਰ ਨਾਲ ਕੰਮ ਬੀ ਕਰਦਾ ਸੀ। ਇਸ ਪ੍ਰਕਾਰ ਦਾ ਇਕ ਅਕਾਲੀ ਇਕ ਵਿਦੇਸ਼ੀ ਇਤਿਹਾਸਕਾਰ ਕਨਿੰਘਮ ਨੇ ਅੱਖੀਂ ਡਿੱਠਾ ਸੀ ਜਿਸ ਬਾਬਤ ਉਹ ਲਿਖਦਾ ਹੈ –

ਮੁਸੰਨਫ ਨੇ (ਅਰਥਾਤ ਮੈਂ) ਇਕ ਵੇਰੀ ਇਕ ਅਕਾਲੀ ਡਿੱਠਾ ਕਿ ਸਤਲੁਜ ਤੋਂ ਲੈ ਕੇ ਕੀਰਤਪੁਰ ਤੱਕ ਬਿਖੜੀਆਂ ਘਾਟੀਆਂ ਦੇ ਵਿਚ ਦੀ ਸੜਕ ਦੀ ਮੁਰੰਮਤ ਕਰ ਰਿਹਾ ਸੀ। ਉਹ ਆਮ ਤੌਰ ਤੇ ਦੁਨੀਆਂ ਤੋਂ ਉਪਰਾਮ ਰਹਿੰਦਾ ਸੀ। ਲੋਕ ਉਸ ਦਾ ਬੜਾ ਸਤਿਕਾਰ ਕਰਦੇ ਸਨ ਤੇ ਉਸ ਦੇ ਲਈ ਰੋਟੀ ਤੇ ਕੱਪੜੇ ਆਪੇ ਐਸੇ ਥਾਈਂ ਛੱਡ ਜਾਂਦੇ ਸਨ, ਜਿੱਥੋਂ ਉਹ ਆਪੇ ਲੋੜ ਵੇਲੇ ਲੈ ਲਵੇ। ਉਸ ਦੇ ਅਹਿੱਲ ਤੇ ਦਿਲੋਂ ਜਾਨੋਂ ਲੱਗ ਕੇ ਕੰਮ ਕਰਨ ਵਾਲੇ ਆਚਰਣ ਦਾ ਅਸਰ ਇਕ ਹਿੰਦੂ ਭੇਡਾਂ ਚਾਰਨ ਵਾਲੇ ਨੌਜਵਾਨ ਤੇ ਐਸਾ ਹੋਇਆ ਕਿ ਜਿਸਨੇ ਕੁਛ ਅਕਾਲੀ ਬਾਣਾ ਧਾਰ ਲਿਆ, ਉਹ ਅਕਾਲੀ ਜੀ ਦਾ ਜ਼ਿਕਰ ਅਦਬ ਵਾਲੇ ਕਰਦਾ ਸੀ।

*****

# ਉਤਸ਼ਾਹ ਭਰਪੂਰ ਸਹਿਜ ਮਾਰਗ
# (PATH OF FIRE AND LIGHT) Vol. 1

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਸੁਆਸਾਂ ਨੂੰ ਨਿਯਮਬੱਧ ਕਰਨਾ

**ਸੁਆਸਾਂ ਨੂੰ ਨਿਯਮਬੱਧ ਕਰਕੇ ਪਿਛਲੇ ਕੀਤੇ ਕਰਮ, ਇਸ ਜਨਮ ਦੇ ਕਰਮ ਦੋਨੋਂ ਹੀ ਖਤਮ ਹੋ ਜਾਂਦੇ ਹਨ, ਦੋਨਾਂ ਨੂੰ ਸਾੜ ਕੇ ਸੁਆਹ ਕਰ ਦਿੱਤਾ ਜਾਂਦਾ ਹੈ, ਜਿਸ ਤਰ੍ਹਾਂ ਲੱਕੜੀਆਂ ਦਾ ਢੇਰ ਅੱਗ ਨਾਲ ਸੜ ਕੇ ਸੁਆਹ ਹੋ ਜਾਂਦਾ ਹੈ ਬਿਲਕੁਲ ਉਸੇ ਤਰ੍ਹਾਂ ਹੀ ਪ੍ਰਾਣਾਯਾਮ ਕਰਮਾਂ ਨੂੰ ਸਾੜ ਕੇ ਸੁਆਹ ਕਰ ਦਿੰਦਾ ਹੈ, ਸਾਰੇ ਭਰਮਾਂ ਦਾ ਨਾਸ਼ ਕਰ ਦਿੰਦਾ ਹੈ। ਜਿਵੇਂ ਕਿ ਅੱਗ ਲੱਕੜੀ ਦਾ ਗੁਪਤ ਗੁਣ ਹੈ, ਇਹ ਉਦੋਂ ਤਕ ਪ੍ਰਗਟ ਨਹੀਂ ਹੁੰਦਾ ਜਦੋਂ ਤੱਕ ਇਕ ਚੀਜ਼ ਨੂੰ ਦੂਸਰੀ ਨਾਲ ਰਗੜਿਆ ਨਾ ਜਾਵੇ, ਬਿਲਕੁਲ ਇਸੇ ਤਰ੍ਹਾਂ ਗਿਆਨ ਤੇ ਸਮਝ ਬਿਨਾਂ ਪ੍ਰਾਣਾਯਾਮ ਦੇ ਅਭਿਆਸ ਤੋਂ ਪ੍ਰਗਟ ਨਹੀਂ ਹੁੰਦੇ। ਗ੍ਰੰਥਾਂ ਵਿਚ ਦੱਸਿਆ ਗਿਆ ਹੈ ਕਿ ਪ੍ਰਾਣਾਯਾਮ ਰਾਹੀਂ ਤੁਸੀਂ ਹਵਾ ਵਿਚ ਉਪਰ ਉਠ ਸਕਦੇ ਹੋ, ਬਿਮਾਰੀਆਂ ਠੀਕ ਹੋ ਜਾਂਦੀਆਂ ਹਨ, ਅਧਿਆਤਮਕ ਸ਼ਕਤੀ ਜਾਗਰਣ ਹੁੰਦੀ ਹੈ, ਸ਼ਾਂਤੀ ਪ੍ਰਾਪਤ ਹੁੰਦੀ ਹੈ। ਹੋਰ ਮਾਨਸਿਕ ਸ਼ਕਤੀਆਂ ਦੀ ਪ੍ਰਾਪਤੀ ਹੁੰਦੀ ਹੈ। ਅਭਿਆਸੀ ਆਨੰਦਤ ਹੋ ਜਾਂਦਾ ਹੈ। ਜਦੋਂ ਤੁਸੀਂ sympathic ਨਾੜੀ ਤੰਤੂ** ਤੇ ਕਾਬੂ ਪਾ ਲੈਂਦੇ ਹੋ ਜਿਹੜਾ ਪ੍ਰਾਣਾਯਾਮ ਰਾਹੀਂ ਪ੍ਰਾਪਤ ਹੁੰਦਾ ਹੈ ਤੁਸੀਂ ਆਪਣੇ ਸਰੀਰ ਦੇ ਪੂਰੀ ਤਰ੍ਹਾਂ ਨਾਲ ਮਾਲਕ ਬਣ ਜਾਂਦੇ ਹੋ ਇੱਥੋਂ ਤੱਕ ਕਿ ਜਦੋਂ ਚਾਹੋ ਤੁਸੀਂ ਸਰੀਰ ਛੱਡ ਸਕਦੇ ਹੋ। ਜੇ ਤੁਸੀਂ ਇਕ ਸਾਲ ਤੱਕ ਲਗਾਤਾਰ ਪ੍ਰਾਣਾਯਾਮ ਕਰਦੇ ਰਹੋ ਗਿਆਨ, ਸੂਝ-ਬੂਝ ਪ੍ਰਗਟ ਹੋਣੀ ਅਵੱਸ਼ਕ ਹੈ। ਵਾਸਤਵ ਵਿਚ ਪ੍ਰਾਣਾਯਾਮ ਗਿਆਨ ਪ੍ਰਕਾਸ਼ ਦੀ ਇੱਕ ਪਹਿਲੀ ਪੌੜੀ ਹੈ।

ਸੁਆਸਾਂ ਦੇ ਅਭਿਆਸ ਦਾ ਸਭ ਤੋਂ ਪਹਿਲਾ ਉਦੇਸ਼ ਹੈ ਪ੍ਰਾਣ ਵਾਯੂ ਨੂੰ ਕਾਬੂ ਕਰਨਾ ਹੈ ਤਾਂ ਜੋ ਅੰਤਰ ਦੇ ਅਸ਼ਾਂਤ ਕਰਨ ਵਾਲੇ ਤੱਤਵਾਂ ਦਾ ਨਾਸ਼ ਹੋ ਸਕੇ, ਮਨ ਇਕਾਗਰ ਹੋ ਸਕੇ, ਇਕ ਮਨ ਹੋ ਸਕੇ। ਬਾਅਦ ਵਿਚ ਸਾਰਾ ਅਣਇੱਛਤ ਨਾੜੀ ਤੰਤੂ ਇੱਛਤ ਨਾੜੀ ਤੰਤੂ ਬਣ ਜਾਂਦਾ ਹੈ। ਇੱਛਤ ਨਾੜੀ ਤੰਤੂ (nervous system) ਅੰਤ ਵਿਚ ਸਮਾਧੀ ਬਣ ਜਾਂਦਾ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਵਾਯੂ ਤੋਂ ਕੀ ਭਾਵ ਹੈ ਇਸ ਦੇ ਕੀ ਗੁਣ ਅਵਗੁਣ ਹਨ, ਵਾਯੂ ਤੋਂ ਭਾਵ ਜਿਹੜਾ ਦੌਰਾ ਕਰਦਾ ਹੋਵੇ ਵਹਿਣ ਵਿਚ ਹੋਵੇ ਜਿਸ ਤੋਂ ਬਿਨਾਂ ਕੁਛ ਨਾ ਚੱਲ ਸਕਦਾ ਹੋਵੇ। ਸੁਆਸਾਂ ਦੇ ਅਭਿਆਸ ਨਾਲ ਵਾਯੂ ਤੇ ਹੀ ਕਾਬੂ ਪਾਇਆ ਜਾਂਦਾ ਹੈ।

ਇਕ ਉਦਾਹਰਣ ਦੇ ਕੇ ਇਸਨੂੰ ਚੰਗੀ ਤਰ੍ਹਾਂ ਨਾਲ ਸਪਸ਼ਟ ਕੀਤਾ ਜਾ ਸਕਦਾ ਹੈ, ਸਭ ਕੁਝ ਸਾਰੀਆਂ ਘਟਨਾਵਾਂ ਦਾ ਕਾਰਿਣ ਗਤਿ ਹੈ, ਹਰਕਤ ਹੈ, ਥਰਾਹਟ ਹੈ, ਕੋਈ ਕਾਰਕ ਹੈ। ਗਤਿ ਦੇ ਆਪਣੇ ਭਾਗ ਹਨ, ਆਪਣਾ ਰਾਹ ਹੈ ਜਿੱਥੇ ਵੀ ਕਿਤੇ ਗਤਿ ਹੋਵੇਗੀ ਉਥੇ-ਉਥੇ ਠਹਿਰਾ ਹੋਵੇਗਾ, ਉਥੇ ਰੁਕਣਾ ਹੋਵੇਗਾ ਇਨ੍ਹਾਂ ਹੀ ਧਾਰਨਾ ਨੂੰ ਸੰਸਕ੍ਰਿਤ ਵਿਚ ਸ਼ਕਤੀ, ਵਾਯੂ ਤੇ ਕਰਮ ਕਿਹਾ ਗਿਆ ਹੈ। ਜਦੋਂ ਤਕ ਇਨ੍ਹਾਂ ਤਿੰਨਾਂ ਗੁਣਾਂ ਦਾ ਮਿਸ਼ਰਨ ਨਹੀਂ ਹੁੰਦਾ ਕੋਈ ਵੀ ਥਰਾਹਟ ਨਹੀਂ ਹੁੰਦੀ। ਸ਼ਕਤੀ ਦਾ ਹੋਣਾ ਜ਼ਰੂਰੀ ਹੈ ਸ਼ਕਤੀ ਤੋਂ ਗਤਿ ਬਣਦੀ ਹੈ, ਗਤਿ ਤੋਂ ਕ੍ਰਿਆ ਵਾਯੂ ਉਤਪੰਨ ਹੁੰਦੀ ਹੈ ਫੇਰ ਜ਼ੋਰ ਨਾਲ ਰੁਕਾਵਟ ਪੈਦਾ ਹੁੰਦੀ ਹੈ। ਉਹ ਕਰਮਗਤਿ ਨੂੰ ਰੋਕਦੀ ਹੈ। ਕਰਮ ਵਾਯੂ ਵਿਚ ਰੁਕਾਵਟ ਪੈਦਾ ਕਰਦੀ ਹੈ, ਥਰਾਹਟ ਦਾ ਸਿੱਟਾ ਪ੍ਰਣਾਮ ਇਨ੍ਹਾਂ ਕਾਰਕਾਂ ਤੇ ਨਿਰਭਰ ਹੈ। ਜੇ ਕਰਮ ਵੱਡਾ ਹੈ ਤਾਂ ਠਹਿਰਾਓ ਵੀ ਵੱਡਾ ਹੈ ਗਤਿ ਘੱਟ ਹੋਵੇਗੀ ਜੇ ਕੁਝ ਕਰਨ ਲਈ ਆਪਣਾ ਮਨ ਬਣਾ ਲਿਆ ਹੈ ਪਰ ਹਾਲਾਤ ਤੁਹਾਨੂੰ ਕਰਨ ਨਹੀਂ ਦਿੰਦੇ ਇਸ ਤੋਂ ਭਾਵ ਹੈ ਕਿ ਕਰਮ ਸ਼ਕਤੀ ਤੇ ਵਾਯੂ ਦੋਨਾਂ ਨਾਲੋਂ ਸ਼ਕਤੀਸ਼ਾਲ ਹਨ।

ਇਕ ਹੋਰ ਉਦਾਹਰਣ ਨਾਲ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਹ ਤਾਂਤਰਿਕ ਪਰਥਾਂ ਵਿਚ ਦਿਤੀ ਜਾਂਦੀ ਹੈ। ਮਨੁੱਖ ਪਾਣੀ ਦੀ ਤਰ੍ਹਾਂ ਹੈ ਜਿਸ ਵਿਚ ਸਾਡੀ ਸ਼ਕਤੀ ਸਾਡੀ ਰੁਚੀ ਜੋ ਆਤਮ ਸਿੱਧੀ ਲਈ ਉਹ ਪੂਰੇ ਸਰੀਰ ਤੇ ਦਬਾਅ ਪਾਉਂਦੀ ਹੈ। ਇਹ ਕੰਮ ਉਹ ਵਾਯੂ ਰਾਹੀ ਕਰਦੀ ਹੈ, ਪਾਣੀ ਰਾਹੀਂ ਤੇ ਕਰਮ, ਪਰ ਸਾਡੀ ਹੱਦ ਹੈ ਪਾਈਪ ਨਾਲੀ। ਜੇ ਸਾਡੀ ਇੱਛਾ ਵੱਡੀ ਹੈ ਜਾਂ ਕਹਿ ਲਵੋ ਦਬਾਅ ਵਧੇਗਾ। ਸਾਡਾ ਆਲਾ ਦੁਆਲੇ ਦੀ ਰੁਕਾਵਟ ਘੱਟ ਹੈ ਜਾਂ ਨਾਲੀ ਦਾ ਸਾਈਜ਼ ਵੱਧ ਹੈ, ਵਾਯੂ ਉਸ ਰਾਹੀਂ ਜਾ ਸਕਦੀ ਹੈ। ਜੇ ਦਬਾਅ ਵੱਧ ਹੈ ਪਾਈਪ ਛੋਟੀ ਹੈ, ਕਮਜ਼ੋਰ ਹੈ ਤਾਂ ਪਾਈਪ ਫਟ ਸਕਦੀ ਹੈ ਜੇ ਸ਼ਕਤੀ ਵੱਧ ਹੈ ਤਾਂ ਕਰਮਾਂ ਦਾ ਬੰਧਨ ਕੱਟਿਆ ਜਾ ਸਕਦਾ ਹੈ। ਦੇਖਣਾ ਇਹ ਹੈ ਕਿ ਹਾਲਾਤ ਹੀ ਥਰਾਹਟ ਪੈਦਾ ਕਰਦੇ ਹਨ ਉਹ ਹੀ ਜ਼ਿੰਮੇਵਾਰ ਹਨ, ਉਨ੍ਹਾਂ ਤੇ ਹੀ ਨਿਰਭਰ ਹੈ। ਜਦੋਂ ਗਤੀ ਵੱਧ ਹੁੰਦੀ ਹੈ, ਰੁਕਾਵਟ ਘੱਟ ਹੁੰਦੀ ਹੈ, ਦੁਰਬਲ ਹੁੰਦੀ ਹੈ, ਸ਼ਕਤੀ ਹੀ ਸਭ ਤੋਂ ਵੱਧ ਸ਼ਕਤੀਸ਼ਾਲ ਹੈ ਸਭ ਤੋਂ ਵੱਧ ਵਿਸ਼ੇਸ਼ ਹੈ। ਜਦੋਂ ਗਤੀ ਵਧੇਰੇ ਹੁੰਦੀ ਹੈ ਵਾਯੂ ਵੱਧ ਤਾਕਤਵਰ ਹੁੰਦੀ ਹੈ।

ਆਯੁਰਵੈਦਿਕ ਪੱਖੋਂ ਸ਼ਕਤੀ ਸਾਰੀਆ ਸੰਭਾਵਿਕਤਾ ਦੀ ਤਾਕਤ ਮੰਨੀ ਜਾਂਦੀ ਹੈ, ਵਾਯੂ ਗਤੀਸ਼ੀਲ ਹੈ ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ, ਵਾਯੂ ਤਿੰਨਾਂ ਦੋਸ਼ਾਂ ਵਿਚੋਂ ਇੱਕ ਹੈ, ਦੂਸਾਰੇ ਦੋ ਪਿੱਤ ਤੇ ਕਫ ਹਨ, ਪਿੱਤ ਗਰਮੀ, ਕਫ ਭਾਰਾਪਨ। ਵਾਯੂ ਉਹ ਹੈ ਜਿਹੜੀ ਘਟਦੀ ਵਧਦੀ ਹੈ, ਗਤੀਸ਼ੀਲ ਹੈ, ਬਾਕੀ ਦੀਆਂ ਸਾਰੀਆਂ ਸ਼ਕਤੀਆਂ ਨੂੰ ਇਕੱਠਾ ਕਰਕੇ ਉਨ੍ਹਾਂ ਕੰਮ ਕਰਨ ਯੋਗ ਬਣਾਉਂਦੀ ਹੈ। ਵਾਯੂ ਦਾ ਵੱਧ ਹੋਣਾ ਤੀਬਰ ਹੋਣਾ ਬਹੁਤ ਦੇਰ ਤੱਕ ਹੋਣਾ ਇਹ ਸਭ ਬੀਮਾਰੀ ਦਾ ਕਾਰਨ ਬਣ ਜਾਂਦੇ ਹਨ, ਵਾਯੂ ਦੇ ਘੱਟ ਹੋਣ ਨਾਲ ਕਈ ਪ੍ਰਕਾਰ ਦੇ ਬੁਖਾਰ ਹੋ ਜਾਂਦੇ ਹਨ।

ਵਾਯੂ ਦਾ ਪਤਾ ਸਾਨੂੰ ਆਵਾਜ਼ ਤੋਂ ਪਤਾ ਲਗਦਾ ਹੈ, ਖੂਨ ਦੇ ਬਹਾਅ ਤੋਂ ਪਤਾ ਲਗਦਾ ਹੈ, ਲੂੰ ਕੰਡੇ ਖੜ੍ਹੇ ਹੋਣ ਤੋਂ ਪੁੜਪੜੀਆਂ ਦੇ ਫੜਕਣ ਤੋਂ ਅੰਗਾਂ ਦਾ ਭੜਕਣਾ ਚਾਨਣ ਦੇ ਲਿਸ਼ਕਾਰੇ ਪੈਣਾ ਪੇਟ ਵਿਚ ਗੜਗੜਾਹਟ ਹੋਣੀ, ਜੋੜਾਂ ਵਿਚ ਕੜਾਕੇ ਨਿਕਲਣੇ ਛਿੱਕਾਂ, ਹਿਜਕੀ, ਸਰੀਰ ਵਿਚ ਦਰਦਾਂ ਹੋਣੀਆਂ ਅਤੇ ਹੋਰ ਕੁਝ। ਜੇਕਰ ਯੋਗ ਅਭਿਆਸ ਕਰਦਿਆਂ ਸਰੀਰ ਕੰਬਣ ਲਗ ਪਵੇ ਤਾਂ ਸਮਝੋ ਕਿ ਵਾਯੂ ਦਾ ਜ਼ੋਰ ਵਧੇਰੇ ਹੈ, ਇਸ ਤਰ੍ਹਾਂ ਹੋਣ ਲੱਗ ਪਵੇ ਤਾਂ ਅਭਿਆਸ ਦੀ ਗਤੀ ਹੌਲੀ ਕਰ ਦੇਣੀ ਚਾਹੀਦੀ ਹੈ। ਵਾਯੂ ਦੀ ਗਤੀ ਹੀ ਜੰਮਣ ਮਰਣ ਦੇ ਗੇੜ ਵਿੱਚ ਹੈ, ਯੋਗੀ ਇਸ ਤੋਂ ਛੁਟਕਾਰਾ ਪਾਉਂਦੇ ਹਨ ਤੇ ਦ੍ਰਿੜ੍ਹ ਹੋ ਕੇ ਅਭਿਆਸ ਕਰਦੇ ਹਨ।

ਵਾਯੂ ਉਹ ਮਾਧਿਅਮ ਹੈ ਜਿਸ ਰਾਹੀਂ ਇਛਾ, ਪ੍ਰਵਿਰਤੀ ਗਤੀ ਇਹ ਸਭ ਕੰਮ ਕਰਦੀਆਂ ਹਨ ਇਸ ਦੀਆਂ 49 ਵੰਨਗੀਆਂ ਹਨ ਇਨਹਾਂ 49 ਵੰਨਗੀਆਂ ਦੇ ਚੱਕਰ ਨਾਲ ਹੀ ਹਵਾ ਬਣਦੀ ਹੈ। ਵਾਯੂ ਸਵਾਰ ਹੈ, ਹਵਾ ਘੋੜਾ ਹੈ, ਹਵਾ ਦੇ ਪ੍ਰਭਾਵ ਤੋਂ ਸਾਨੂੰ ਉਸ ਦੇ ਗੁਣਾਂ ਦਾ ਪਤਾ ਲਗਦਾ ਹੈ, ਸਾਡੀਆਂ ਵੱਖ-ਵੱਖ ਇੰਦਰੀਆਂ ਹੀ ਸਾਨੂੰ ਹਵਾ ਦੀ ਹੋਂਦ ਦਾ ਅਹਿਸਾਸ ਕਰਾਉਂਦੀਆਂ ਹਨ ਇਸੇ ਤਰ੍ਹਾਂ ਸਾਨੂੰ ਸਰੀਰ ਦੇ ਅੰਦਰ ਦੀ ਵਾਯੂ ਦਾ ਪਤਾ ਲਗਦਾ ਹੈ। ਵਾਯੂ ਸਾਨੂੰ ਇੰਦ੍ਰੀ ਬੋਧ ਦਾ ਅਹਿਸਾਸ ਕਰਾਉਂਦੀ ਹੈ। ਵਾਯੂ ਤੋਂ ਬਿਨਾਂ ਸਾਡੀ ਟੋਹਣ ਦੀ ਇੰਦ੍ਰੀ ਕੰਮ ਨਹੀਂ ਕਰ ਸਕਦੀ ਜਦੋਂ ਸਰੀਰ ਵਿਚ ਸੰਵੇਦਨ ਨਹੀਂ ਤਾਂ ਸਰੀਰ ਦਾ ਉਹ ਹਿੱਸਾ ਖਤਰਾ ਹੈ, ਸਰੀਰ ਦੇ ਅਦਰੰਗ ਦਾ ਪਤਾ ਵਾਯੂ ਤੋਂ ਹੀ ਲਗਦਾ ਹੈ। ਵਾਯੂ ਹੀ ਸਰੀਰ ਦੇ ਅੰਦਰ ਦਾ ਮਲਮੂਤਰ ਬਾਹਰ ਸੁੱਟਦੀ ਹੈ, ਵਾਯੂ ਹੀ ਪਾਚਨ ਸ਼ਕਤੀ ਹੈ, ਵਾਯੂ ਹੀ ਭੋਜਨ ਨੂੰ ਸ਼ਕਤੀ ਵਿਚ ਬਦਲ ਕੇ ਸਰੀਰ ਦੇ ਵੱਖ-ਵੱਖ ਭਾਗਾਂ ਨੂੰ ਤਾਕਤ ਦਿੰਦਾ ਹੈ। ਗ੍ਰੰਥੀਆਂ ਵਿਚ ਵੀ ਵਾਯੂ ਹੈ, ਵਾਯੂ ਦੁਆਰਾ ਹੀ ਭੋਜਨ ਸਾਰੀ ਜਗ੍ਹਾ ਪਹੁੰਚਦਾ ਹੈ। ਵਾਯੂ ਦਿਮਾਗ ਦੇ cerebrospinal ਤੇ sympethetic ਨਾੜੀ ਤੰਤੂ ਨੂੰ ਜੋੜਦੀ ਹੈ। ਵਾਯੂ ਤੇ ਕਾਬੂ ਪਾਉਣ ਤੋਂ ਭਾਵ ਹੈ cerebrospinal system ਤੇ ਕਾਬੂ ਪਾਉਣਾ।

ਆਧੁਨਿਕ ਰਸਾਇਣ ਵਿਗਿਆਨ ਰਾਹੀਂ ਸਾਨੂੰ ਹਵਾ ਦੇ ਮਿਸ਼ਰਨ ਦਾ ਪਤਾ ਲਗਦਾ ਹੈ (Oxygen, Hydrogen, nitrogen and carbon dioxide) ਪਰ ਪ੍ਰਾਣਾਯਾਮ ਦੇ ਵਿਗਿਆਨ ਰਾਹੀਂ ਅਸੀਂ ਦੂਸਰੇ ਕਾਰਕ ਦੇਖਦੇ ਹਾਂ ਜਿਵੇਂ ਕਿ ਕਾਰਜ, ਸ਼ਕਤੀ ਆਦਿ

## ਸੁਆਸਾਂ ਦੇ ਵੱਖ-ਵੱਖ ਪੱਖ

ਪਹਿਲਾਂ ਜਿਵੇਂ ਦਸਿਆ ਗਿਆ ਹੈ ਸੁਆਸਾਂ ਦੇ ਬਾਹਰ ਨਿਕਲਣ ਨੂੰ 'ਰੇਚਕ' ਕਿਹਾ ਜਾਂਦਾ ਹੈ, ਇਹ ਸੰਸਕ੍ਰਿਤ ਦਾ ਸ਼ਬਦ ਹੈ, ਸੁਆਸਾਂ ਦੇ ਅੰਦਰ ਲੈਣ ਨੂੰ ਪੂਰਕ ਕਿਹਾ ਜਾਂਦਾ ਹੈ ਇਹ ਵੀ ਸੰਸਕ੍ਰਿਤ ਦਾ ਹੀ ਸ਼ਬਦ ਹੈ। ਸੁਆਸਾਂ ਨੂੰ ਰੋਕਣਾ ਕੁੰਭਕ ਕਿਹਾ ਜਾਂਦਾ ਹੈ। ਪ੍ਰਾਣਾਯਾਮ ਇਸ ਸਾਰੀ ਵਿਧੀ ਨੂੰ ਕਾਬੂ ਕਰਨਾ ਕੰਟਰੋਲ ਕਰਨ ਨੂੰ ਕਿਹਾ ਜਾਂਦਾ ਹੈ ਜਦੋਂ ਤੁਸੀਂ ਸੁਆਸਾਂ ਨੂੰ ਪੰਜ ਮਿੰਟ ਚੌਵੀ ਸਕਿੰਟਾਂ ਲਈ ਕੰਟਰੋਲ ਕਰ ਲੈਂਦੇ ਹੋ ਤੁਸੀਂ ਪ੍ਰਾਣਾਯਾਮ ਕਰਨ ਲਈ ਨਿਪੁੰਨ ਹੋ ਜਾਂਦੇ ਹੋ। ਇਸ ਤਰ੍ਹਾਂ ਕਰਕੇ ਤੁਸੀਂ ਵਿਸ਼ਵ ਜੀਵਨ ਸ਼ਕਤੀ ਪ੍ਰਤੀਤ ਕਰ ਲੈਂਦੇ ਹੋ। ਇਹ ਕਿਹਾ ਗਿਆ ਹੈ ਕਿ ਪੰਜ ਮਿੰਟ ਸੁਆਸ ਰੋਕਣ ਤੋਂ ਬਾਅਦ ਦਿਮਾਗ ਨੂੰ ਮੁੜ ਕੇ ਆਪਣੀ ਠੀਕ ਹਾਲਤ ਵਿਚ ਆਉਣ ਲਈ ਛੇ ਘੰਟੇ ਦੀ ਲੋੜ ਹੈ।

ਪ੍ਰਾਣਾਯਾਮ ਦੇ ਸਰੀਰਕ ਪੱਖ ਦੋ ਭਾਗਾਂ ਵਿਚ ਵੰਡੇ ਗਏ ਹਨ। ਪਹਿਲਾਂ ਹੈ ਸੁਆਸਾਂ ਦਾ ਰੋਕਣਾ ਭਾਵ ਕੁੰਭਕ ਜਿਸ ਦਾ ਸਬੰਧ ਸੁਆਸਾਂ ਨੂੰ ਅੰਦਰ ਲੈਣ ਤੇ ਬਾਹਰ ਕੱਢਣਾ ਹੈ ਇੱਕ ਕੁੰਭਕ ਹੈ ਇੱਕ ਰੇਚਕ ਤੇ ਪੂਰਕ ਦੇ ਸਮੇਂ ਨਾਲ ਸਬੰਧ ਰਖਦਾ ਹੈ। ਦੂਸਰੀ ਜਗ੍ਹਾ ਸੁਆਸਾਂ ਬਿਨਾਂ ਸੁਆਸਾਂ ਨੂੰ ਅੰਦਰ ਕੀਤੇ ਬਾਹਰ ਕੱਢੇ ਬਿਨਾਂ ਕੀਤਾ ਜਾਂਦਾ ਹੈ। ਭਾਵ ਕੁੰਭਕ ਐਨੀ ਦੇਰ ਤਕ ਕੀਤਾ ਜਾਂਦਾ ਹੈ, ਜਦੋਂ ਤੱਕ ਸਾਧਕ ਚਾਹੇ। ਇੱਥੇ ਇਹ ਦੱਸਣਾ ਜ਼ਰੂਰੀ ਹੈ ਇਹ ਉਦੋਂ ਹੀ ਕੀਤਾ ਜਾਂਦਾ ਹੈ ਜਦੋਂ ਪਹਿਲੀ ਪੌੜੀ ਚੰਗੀ ਤਰ੍ਹਾਂ ਪਕਾ ਲਈ ਜਾਵੇ।

ਕੁੰਭਕ ਦਾ ਸਰੀਰ ਤੇ ਪ੍ਰਭਾਵ ਇਹ ਹੁੰਦਾ ਹੈ ਕਿ ਨਾੜੀਆਂ ਦੀ ਕਸਰਤ ਹੁੰਦੀ ਹੈ, ਸੁਆਸਾਂ ਦਾ ਅੰਦਰ ਬਾਹਰ ਕਰਨਾ ਬਰਾਬਰ ਹੁੰਦਾ ਹੈ, ਵਜ਼ਨ ਭਾਰ ਘਟਦਾ ਹੈ, ਵਿਚਾਰਾਂ ਦੀ ਗਤੀ ਘਟਦੀ ਹੈ। ਹਰੇਕ ਵਿਚਾਰ ਦਾ ਸਮਾਂ ਵੱਧ ਜਾਂਦਾ ਹੈ, ਇਸ ਕਰਕੇ ਹਰ ਵਿਚਾਰ ਨੂੰ ਚੰਗੀ ਤਰ੍ਹਾਂ ਸੋਚਣਾ ਵਿਚਾਰਨਾ ਵਿਸ਼ੇਲੇਸ਼ਨ ਕਰਨਾ ਹੋਣ ਲਗ ਪੈਂਦਾ ਹੈ। ਵਿਚਾਰ ਨੂੰ ਟਿਕਣ ਲਈ ਸਕਿੰਟ ਮਿਲਣ ਲਗ ਜਾਂਦੇ ਹਨ ਜਦੋਂ ਕਿ ਆਮ ਤੌਰ ਤੇ ਇਕ ਵਿਚਾਰ ਇਕ ਸਕਿੰਟ ਦੇ ਪਚੀਵੇਂ ਹਿੱਸੇ ਤਕ ਹੀ ਟਿਕਦਾ ਹੈ।

ਇੜਾ ਤੇ ਪਿੰਗਲਾ ਦੋ ਨਾੜੀਆਂ ਰੀੜ੍ਹ ਦੀ ਹੱਡੀ ਦੇ ਦੋਨੋਂ ਪਾਸੇ ਹਨ ਇਹ ਦੋਨੋਂ ਮੱਥੇ ਤੇ ਦੋਨੋਂ ਭਰਵੱਟਿਆਂ ਦੇ ਵਿਚ ਆ ਕੇ ਮਿਲਦੀਆਂ ਹਨ ਜਿਸਨੂੰ 'ਆਗਿਆ ਚੱਕਰ' ਕਹਿੰਦੇ ਹਨ ਇੱਥੇ ਤੁਹਾਨੂੰ ਇਕ ਛੋਟੀ ਜਿਹੀ ਸ਼ਕਤੀ ਕੇਂਦਰ ਨਾੜੀ ਹੈ, ਇਹ ਦਿਮਾਗ ਦੇ ਅੰਦਰ ਹੈ। ਇੜਾ ਨਾੜੀ ਇਸ ਸ਼ਕਤੀ ਨਾੜੀ ਦੇ ਸੱਜੇ ਪਾਸੇ ਤੋਂ ਹੋ ਕੇ ਖੱਬੇ ਪਾਸੇ ਦੀ ਨਾਸਿਕਾ ਤੇ ਖਤਮ ਹੋ ਜਾਂਦੀ ਹੈ, ਪਿੰਗਲਾ ਖੱਬੇ ਪਾਸੇ ਤੋਂ ਹੋ ਕੇ ਸੱਜੇ ਪਾਸੇ ਦੀ ਨਾਸਿਕਾ ਤੇ ਖਤਮ ਹੋ ਜਾਂਦੀ ਹੈ। ਰੀੜ੍ਹ ਦੀ ਹੱਡੀ ਦੇ ਬਾਹਰ ਦੇ ਪਾਸਿਓਂ ਲੰਘਦੇ ਹੋਏ ਇਹ ਦੋਨੋਂ ਬਹੁਤ ਵਾਰੀ ਆਪਣੀ ਜਗ੍ਹਾ ਬਦਲਦੀਆਂ ਰਹਿੰਦੀਆਂ ਹਨ। ਖੱਬੇ ਤੋ ਸੱਜੇ, ਸੱਜੇ ਤੋਂ ਖੱਬੇ ਫੇਰ ਇਹ ਸ਼ਕਤੀ ਨਾੜੀ ਤੇ ਮੱਥੇ ਤੇ ਮਿਲ ਜਾਂਦੀਆਂ ਹਨ। ਜਿਹੜਾ 'ਮੂਲਾਧਾਰ ਚੱਕਰ' ਕਹਾਉਂਦਾ ਹੈ। ਇਹ ਦੋਨੋਂ ਨਾੜੀਆਂ ਸੁਸ਼ਮਨਾ ਨਾਲ ਮਿਲਦੀਆਂ ਰਹਿੰਦੀਆਂ ਹਨ। ਉਦਾਹਰਣ ਵਜੋਂ ਇਕ ਜਗ੍ਹਾ ਜਿੱਥੇ ਇਹ ਮਿਲਦੀਆਂ ਹਨ ਉਹ ਹੈ ਨਾਭੀ ਤੋਂ ਉਤੇ (Hypogastric plexus) ਕੁੰਭਕ ਕਰਨ ਨਾਲ vaqus ਨਾੜੀ ਦੇ ਰੇਸ਼ੇ ਉਤੇਜਿਤ ਹੁੰਦੇ ਹਨ ਤੇ ਨਾਲ ਹੀ vaqal ਕੇਂਦਰ ਜਿਹੜਾ medulla oblongata ਵਿਚ ਹੈ ਉਸ ਰਾਹੀਂ ਦਿਲ ਦੀ ਧੜਕਣ ਹੌਲੀ ਹੁੰਦੀ ਹੈ। Vaqus ਨਾੜੀ ਦਾ ਕਾਰਜ ਉਸ ਦਾ ਫੈਲਾਅ ਸਭ ਤੋਂ ਵੱਧ ਬਾਕੀ ਸਾਰੀਆਂ Cranial ਨਾੜੀਆਂ ਤੋਂ ਵੱਧ ਹੈ ਇਸ ਵਿਚ ਦੋਨੋਂ ਗੁਣ ਹਨ ਭਾਵ ਸੰਵੇਦਨਾਤਮਕ ਤੇ ਚਾਲਕ ਨਾੜੀ ਵੀ ਇਹ ਬੋਲਣ ਲਈ ਜੀਭ ਨੂੰ ਵੀ ਤੇ ਸੁਆਸ ਲੈਣ ਲਈ ਵੀ ਸੰਵੇਦਨਾਤਮਕ ਤੇ ਚਾਲਕ ਨਾੜੀ ਦੇ ਕੰਮ ਕਰਦੇ ਹਨ ਭਾਵ ਇਹ ਸੁਨੇਹਾ ਲੈ ਕੇ ਵੀ ਜਾਂਦੇ ਹਨ ਕੰਮ ਵੀ ਕਰਦੇ ਹਨ, ਨਾਲ ਹੀ ਗਰਦਨ ਵਿਚ ਹਵਾ ਦੀ ਨਾਲੀ ਖਾਣਾ ਲੰਘਣ ਦੀ ਨਾੜੀ ਦਿਲ ਤੇ ਪੇਟ ਦੀ ਨਾੜੀ ਵਿਚ ਵੀ ਹਰਕਤ ਦਿੰਦੀ ਹੈ। ਇਸ ਨਾੜੀ ਦੀ ਉਤੇਜਨਾ ਨਾਲ Medulla oblongata ਰਾਹੀਂ ਦਿਲ, ਫੇਫੜੇ ਤੇ ਬੋਲਣ ਦੀ ਨਾਲੀ ਵਿਚ ਰੁਕਾਵਟ ਪਾਉਂਦੀ ਹੈ ਤੇ ਪੇਟ ਦੀ ਗਤੀ ਨੂੰ ਤੀਬਰ ਕਰਦੀ ਹੈ। ਇਹ Vaqal ਕੇਂਦਰ ਨੱਕ ਦੇ mucous ਝਿਲੀ ਨੂੰ ਵੀ ਉਤੇਜਿਤ ਕਰਦਾ ਹੈ। ਜਦੋਂ ਪ੍ਰਾਣਾਯਾਮ ਰਾਹੀਂ Vaqus ਨਾੜੀ ਨੂੰ ਉਤੇਜਿਤ ਕੀਤਾ ਜਾਂਦਾ ਹੈ ਤਾਂ ਕੁੰਡਲਨੀ ਸ਼ਕਤੀ ਉਤੇਜਿਤ ਹੁੰਦੀ ਹੈ ਇਸ ਤਰ੍ਹਾਂ ਕਰਨ ਨਾਲ ਫੇਫੜਿਆਂ ਦਾ ਕਾਰਜ ਤੇ ਦਿਲ ਦੀ ਧੜਕਣ ਵੀ ਘਟਦੀ ਹੈ।

'ਚਲਦਾ......'

# ਸਿਹਤ ਰੱਖਿਆ ਗਿਆਨ


***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***


## ਮਧੂ ਪ੍ਰਮੇਹ

ਜਿਤਨੇ ਵੀ ਪ੍ਰਮੇਹ ਹੁੰਦੇ ਹਨ ਜੇਕਰ ਇਨ੍ਹਾਂ ਦਾ ਸਹੀ ਇਲਾਜ ਨਾ ਕੀਤਾ ਜਾਵੇ ਤਾਂ ਕੁਝ ਦਿਨਾਂ ਬਾਅਦ ਮਧੂਮੇਹ ਹੋ ਜਾਂਦੇ ਹਨ। ਆਯੁਰਵੇਦ ਅਨੁਸਾਰ ਪ੍ਰਮੇਹ 20 ਪ੍ਰਕਾਰ ਦੇ ਹੁੰਦੇ ਹਨ ਜਿਵੇਂ ਖੂਨ ਟੈਸਟ ਜਾਂ ਪਿਸ਼ਾਬ ਟੈਸਟ ਕਰਾਉਣ 'ਤੇ। ਮਧੂਮੇਹ ਤੋਂ ਇਲਾਵਾ ਇੱਖੂ ਮੇਹ, ਸਰਕਰਾ ਮੇਹ ਵਿਚ ਸ਼ੂਗਰ ਦੀ ਪ੍ਰਾਪਤੀ ਹੋ ਜਾਂਦੀ ਹੈ। ਸ਼ੂਗਰ ਟੈਸਟ ਵਿਚ ਮਧੂਮੇਹ ਦਾ ਨਿਰਣਾ, ਨਿਸ਼ਚੇ ਨਹੀਂ ਮੰਨਿਆ ਜਾਂਦਾ। ਪੇਟ ਵਿਚ ਆਮ (ਕੱਚਾ ਰਸ) ਰਹਿ ਜਾਣਾ ਵੀ ਇਸਦਾ ਇਕ ਕਾਰਣ ਹੈ। ਇਸ ਕਰਕੇ ਪਿਸ਼ਾਬ ਵਿਚ ਮਿਠਾਸ, ਗੰਧ ਜਾਂ ਮਧੂ (ਸ਼ਹਿਦ) ਵਰਗੀ ਗੰਧ ਨਾਲ ਮਿੱਠਾ ਪਿਸ਼ਾਬ ਹੁੰਦਾ ਹੈ। ਪਿਸ਼ਾਬ ਕਰਨ ਤੋਂ ਬਾਅਦ ਜੇ ਪਿਸ਼ਾਬ ਤੇ ਕੀੜੀਆਂ ਲੱਗ ਜਾਣ ਤਾਂ ਪਿਸ਼ਾਬ ਨੂੰ ਮਿੱਠਾ ਮੰਨਣਾ ਚਾਹੀਦਾ ਹੈ। ਖੂਨ ਦੀ ਮਿਠਾਸ ਹੀ ਗੁਰਦੇ (ਕਿਡਨੀ) ਦੋਹਾਂ ਵਿਚੋਂ ਛਣ ਕੇ ਬਸਤੀ (ਮੂਤਰ) ਮਾਰਗ ਦੁਆਰਾ ਬਾਹਰ ਨਿਕਲਦੀ ਹੈ। ਮਧੂਮੇਹ ਅਨਪੱਚ ਦਾ ਰੋਗ ਹੈ। ਜਿਵੇਂ ਅਗਨੀ ਮੰਦ ਨਾਲ (ਪਿਤਾਸੇ) ਦਾ ਪਿੱਤ ਕਮ ਹੋ ਜਾਂਦਾ ਹੈ। ਭੋਜਨ ਖਾਇਆ ਚੰਗੀ ਤਰ੍ਹਾਂ ਪਚਦਾ ਨਹੀਂ। ਇਸੇ ਤਰ੍ਹਾਂ ਅਗਨਆਸ਼ੇ ਦਾ ਸਾਧਕ ਪਿੱਤ (ਇਨਸੂਲੀਨ) ਜਦੋਂ ਘੱਟ ਹੋ ਜਾਂਦਾ ਹੈ ਤਾਂ ਖੂਨ ਵਿਚ ਸ਼ੂਗਰ ਪਚਦਾ ਨਹੀਂ। ਖੂਨ ਵਿਚ ਮਿਕਦਾਰ ਜ਼ਿਆਦਾ ਹੋ ਕੇ ਪਿਸ਼ਾਬ ਰਾਹੀਂ ਆਉਣ ਲੱਗ ਜਾਂਦਾ ਹੈ। ਪਿਸ਼ਾਬ ਰਸਤੇ ਚੀਨੀ ਦਾ ਨਿਕਲਣਾ, ਮਲ ਰਾਹੀਂ ਆਮ (ਕੱਚਾ ਰਸ) ਦਾ ਨਿਕਲਣਾ ਇਹ ਪ੍ਰਮਾਤਮਾ ਦੀ ਕ੍ਰਿਪਾ ਹੈ ਜੇ ਨਾ ਨਿਕਲੇ ਤਾਂ ਅਨੇਕ ਪ੍ਰਕਾਰ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ। ਖੂਨ ਵਿਚ ਸ਼ੂਗਰ ਜਦੋਂ ਜ਼ਿਆਦਾ ਹੋ ਜਾਵੇ, ਰੋਗੀ ਸਰੀਰਕ ਕਸਰਤ ਨਾ ਕਰਦਾ ਹੋਵੇ, ਜ਼ਿਆਦਾ ਮਿੱਠੀਆਂ ਚੀਜ਼ਾਂ ਖਾਂਦਾ ਹੋਵੇ ਤਾਂ ਇਹ ਸ਼ੂਗਰ ਸਰੀਰ ਤੇ ਫਿਨਸੀਆਂ ਪੈਦਾ ਕਰ ਦਿੰਦਾ ਹੈ। ਜਿਸਨੂੰ ਕਾਰਬੋਕਲ ਕਹਿੰਦੇ ਹਨ। ਬਲੱਡ ਸ਼ੂਗਰ ਜ਼ਿਆਦਾ ਹੋਣ ਨਾਲ ਦਿਲ ਵਿਚ ਕੰਬਨੀ ਅਤੇ ਸਿਰ ਵਿਚ ਕੰਬਨੀ ਸ਼ੂਗਰ ਹੋਣ ਤੇ ਰੋਗੀ ਬੇਹੋਸ਼ ਵੀ ਹੋ ਜਾਂਦਾ ਹੈ। ਜ਼ਿਆਦਾ ਸ਼ੂਗਰ ਹੋਣਾ ਜਾਂ ਘੱਟ ਜਾਣਾ ਵੀ ਚੰਗਾ ਨਹੀਂ। ਇਹ ਰੋਗ ਜ਼ਿਆਦਾ ਮੈਥੁਨ (ਸੈਕਸ) ਨਾਲ ਵੀ ਸਰੀਰ ਵਿਚੋਂ ਇਨਸੁਲੀਨ ਘੱਟ ਹੋ ਕੇ ਮਧੂਮੇਹ ਹੋ ਜਾਂਦਾ ਹੈ। ਇਸ ਲਈ ਮਧੂਮੇਹ ਦੇ ਮਰੀਜ਼ਾਂ ਨੂੰ ਜ਼ਿਆਦਾ ਬ੍ਰਹਮਚਰੀਯ ਦਾ ਪਾਲਣ ਕਰਨਾ ਚਾਹੀਦਾ ਹੈ। ਮਧੂਮੇਹ ਵਾਲੇ ਦਿਲ ਦੇ ਮਰੀਜ਼ ਵੀ ਹੋ ਜਾਂਦੇ ਹਨ। ਇਹ ਰੋਗ ਬਹੁ ਗਿਣਤੀ ਵਿਚ ਵਿਸ਼ਵ ਵਿਆਪੀ ਹੋ ਰਿਹਾ ਹੈ। ਚਿਕਿਤਸਕ ਮਾਹਿਰਾਂ ਅਨੁਸਾਰ ਕੇਵਲ ਭਾਰਤ ਵਿਚ ਹੀ ਤਿੰਨ ਕਰੋੜ ਤੋਂ ਵੱਧ ਗਿਣਤੀ ਵਿਚ ਮਧੂਮੇਹ ਦੇ ਮਰੀਜ਼ ਹਨ। ਜੇਕਰ ਇਸਦਾ ਆਯੁਰਵੇਦ ਅਨੁਸਾਰ ਸਹੀ ਢੰਗ ਨਾਲ ਇਲਾਜ ਕੀਤਾ ਜਾਵੇ ਤਾਂ ਇਸਦਾ ਇਲਾਜ ਸੰਭਵ ਹੈ।

## ਇਹ ਰੋਗ ਜਾਨਲੇਵਾ ਨਹੀਂ ਹੈ -

ਇਸ ਰੋਗ ਤੋਂ ਡਰ ਕੇ ਹਿੰਮਤ ਹਾਰ ਕੇ ਬੈਠਣ ਦੀ ਲੋੜ ਨਹੀਂ ਹੈ। ਇਸ ਦਾ ਸਫਲ ਇਲਾਜ ਆਯੁਰਵੈਦਿਕ ਚਿਕਿਤਸਾ ਪ੍ਰਣਾਲੀ ਵਿਚ ਹੈ ਜਿਵੇਂ ਕਿ ਪੱਥ ਪ੍ਰਹੇਜ਼, ਵਿਆਯਾਮ (ਕਸਰਤ), ਯੋਗਾ ਦੀਆਂ ਭਸਮਾਂ, ਰਸ ਰਸਾਇਣਾਂ, ਅਰਕ, ਚੂਰਨ, ਕੁਆਥ, ਬੱਟੀ ਆਦਿ ਅਨੇਕਾਂ ਸਫਲ ਯੋਗ ਹਨ ਜਿਵੇਂ ਕਿ ਬਿੱਲ ਦੇ


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ........................................

ਪਤਾ/Address ........................................

........................................

........................................

................Pin Code................

Phone................ E-mail :................

ਮੈਂ....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ....................ਮਿਤੀ....................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg1@yahoo.co.in, www.ratwarasahib.org

ਪੱਤਿਆਂ ਵਿਚ ਚੀਨੀ ਨਹੀਂ ਹੁੰਦੀ, ਕਰੇਲਾ, ਗਿਲੋ, ਜਾਮਣ ਇਹ ਸ਼ੂਗਰ ਦੇ ਮਰੀਜ਼ਾਂ ਲਈ ਅਤਿਅੰਤ ਲਾਭਕਾਰੀ ਹੈ। ਧਨੀਏ ਦੇ ਹਰੇ ਪੱਤੇ, ਹਰੀ ਮਿਰਚ, ਹਰੇ ਪਿਆਜ਼ ਦੀ ਚਟਣੀ ਵੀ ਲਾਭਕਾਰੀ ਹੈ। ਲਾਲ ਮਿਰਚ ਦੀ ਵਰਤੋਂ ਕਰਨੀ ਹਾਨੀਕਾਰਕ ਹੈ। ਖੋਆ, ਮਲਾਈ, ਮਿਠਾਈ, ਹਲਵਾ, ਪੂਰੀ ਤਲੀਆਂ ਤੇ ਨਿਗਰ ਚੀਜ਼ਾਂ ਜੋ ਛੇਤੀ ਹਜ਼ਮ ਨਾ ਹੁੰਦੀਆਂ ਹੋਣ ਤਾਂ ਇਨ੍ਹਾਂ ਤੋਂ ਪ੍ਰਹੇਜ਼ ਰੱਖੇ। ਗਊ ਦੇ ਦੁੱਧ ਦੀ ਲੱਸੀ, ਮੂਲੀ, ਪਿਆਜ਼, ਲਸਣ ਦੀ ਵਰਤੋਂ ਕਰਨੀ ਲਾਭਕਾਰੀ ਹੈ। ਨਿੰਮ ਦੇ ਫੁੱਲ, ਗਿਲੋ, ਕਰੇਲੀ, ਇੰਦਰਾਣ, ਗੁੜਮਾਰ ਬੂਟੀ, ਮੇਥੀ, ਜਾਮਣ, ਸਰੰਸਦਾਨੀ, ਬਿੱਲ ਪੱਤਰ ਇਨ੍ਹਾਂ ਚੀਜ਼ਾਂ ਦਾ ਅਰਕ ਪੀਣਾ ਲਾਭਕਾਰੀ ਹੈ।

ਨੋਟ - ਉਪਰੋਕਤ ਬੂਟੀਆਂ ਦਾ ਅਰਕ ਮੇਘ ਹਰਬਲ ਔਸ਼ਧੀ ਨਿਰਮਾਣਸ਼ਾਲਾ ਵਿਚ ਵੀ ਤਿਆਰ ਕੀਤਾ ਜਾਂਦਾ ਹੈ। ਮਧੂਮੇਹ (ਡਾਇਬੀਟੀਜ਼) ਲਈ ਹੋਰ ਵੀ ਸਫਲ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। 1. ਪੰਜ ਅਰਕਾ ਅਰਕ 2. ਡਾਇਬੀਕੇਅਰ 3. ਪੁਨਰਵਾ ਅਰਕ 4. ਮੇਘ ਹਰਬਲ ਚਾਹ

ਸਿਹਤ ਲਈ ਵਰਦਾਨ - ਮੇਘ ਹਰਬਲ ਚਾਹ ਇਹ ਕੁਦਰਤੀ ਜੜ੍ਹੀਆਂ-ਬੂਟੀਆਂ ਦਾ ਮਿਸ਼ਰਣ ਹੈ। ਸੁਗੰਧਿਤ, ਚੁਸਤੀ,-ਫੁਰਤੀ, ਬੁੱਧੀ ਵਰਦਕ, ਦਿਲ ਤੇ ਸ਼ੂਗਰ ਦੇ ਮਰੀਜ਼ਾਂ ਲਈ ਲਾਭਕਾਰੀ ਹੈ। ਪੇਟ ਗੈਸ ਤੇ ਤੇਜ਼ਾਬੀ ਮਾਦਾ ਦੂਰ ਕਰਦੀ ਹੈ ਅਤੇ ਸਵਾਦਿਸ਼ਟ ਹੈ। ਕੈਂਸਰ, ਸਵਾਈਨ, ਫਲੂ ਆਦਿ ਬਿਮਾਰੀਆਂ ਦੀ ਰੋਕਥਾਮ ਅਤੇ ਅੱਖਾਂ ਦੀ ਜੋਤ ਵਧਾਉਣ ਲਈ ਇਸਦੀ ਹਰ ਰੋਜ਼ ਵਰਤੋਂ ਕਰੋ ਜੀ।

ਇਸ ਦਾ ਲਾਭ ਹੀ ਲਾਭ ਹੈ, ਹਾਨੀ ਕੋਈ ਨਹੀਂ।

*********

## ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਮਹੀਨੇ ਦੇ ਹਰ ਐਤਵਾਰ ਨੂੰ** ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

**ਸੰਗਰਾਂਦ** - **15** ਜੂਨ, ਦਿਨ ਬੁੱਧਵਾਰ

(ਸਵੇਰੇ ਸਮੇਂ **5.30** ਵਜੇ ਤੋਂ **8.30** ਵਜੇ ਤੱਕ)

**ਚੜ੍ਹਦੀ ਪੂਰਨਮਾਸ਼ੀ- 14 ਜੂਨ**, ਦਿਨ ਮੰਗਲਵਾਰ

(ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

**ਜ਼ਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜ਼ੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਹਰ ਮਹੀਨੇ ਦੇ ਆਖਰੀ ਸ਼ਨਿਚਰਵਾਰ ਨੂੰ ਸਵੇਰੇ 10.00 ਤੋਂ 1.00 ਵਜੇ ਤੱਕ ਦੀਵਾਨ ਸਜਦੇ ਹਨ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | 90/- |
| 26. | ਅਬਿਨਾਸੀ ਜੋਤ ਭਾਗ-2 | 90/- | 90/- |
| 27. | ਰੂਹਾਨੀ ਗੁਲਦਸਤਾ -1 | 60/- | 60/- |
| 28. | ਰੂਹਾਨੀ ਗੁਲਦਸਤਾ - 2 | 60/- | 60/- |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | **25**/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| 39. | ਰੂਹਾਨੀ ਪ੍ਰਵਚਨ | 35/- | |
| 41. | 'ਸੇਵਾ ਸਿਮਰਨ ਜੁਗਤੀਆਂ' | 150/- | |
| 42. | 'ਮਾਨੁੱਖ ਤਨ ਦਾ ਪ੍ਰਯੋਜਨ' | 160/- | |
| 43. | 'ਯੋਗਾ ਉਪਰ ਲੈਕਚਰ', | 30/- | |
| 44. | 'ਕਰਮ ਬੰਧਨ ਤੋਂ ਮੁਕਤੀ' :- | 30/- | |
| 45. | **ਜੀਵਨ ਜੁਗਤਿ** | **300/-** | |

| | **English Version** | **Price** |
|---|---|---|
| 1. | Baisakhi (ਵੈਸਾਖੀ) | Rs. 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | Rs. 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ -੧) | Rs 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ -੨) | Rs. 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ -੩) | Rs. 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ -੪) | Rs. 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ -੫) | Rs. 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | Rs. 80/- |
| 9. | The Lights Immortal (ਅਮਰ ਜੋਤਾਂ) | Rs. 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | Rs. 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | Rs. 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | Rs. 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | Rs.150/– |
| 17. | The Story of Immortality (**ਅਮਰ ਗਾਥਾ**) | Rs 260/– |
| 18. | Why Not thy Contemplate the Lord ? (**ਸਿਮਰਤ ਕਹਾ ਨਹੀਂ ?**) | Rs 200/– |